ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 6 | Issue 03 | 18 January to 24 January 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਬਾਦਲਾਂ ਦੇ ਕਿਲ੍ਹੇ 'ਤੇ ਕੈਪਟਨ ਨੇ ਕੀਤੀ ਚੜ੍ਹਾਈ

## ਕੈਪਟਨ, ਜਰਨੈਲ ਤੇ ਬਾਦਲ ਵਿਚਾਲੇ ਤਿਕੋਣਾ ਮੁਕਾਬਲਾ

### ਜੂਨੀਅਰ ਬਾਦਲ ਨੂੰ ਵੀ ਭਗਵੰਤ ਮਾਨ ਤੇ ਰਵਣੀਤ ਬਿੱਟੂ ਵਲੋਂ ਚੁਣੌਤੀ



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀ ਸਿਆਸਤ ਵਿਚ ਚੋਣ ਸੰਘਰਸ਼ ਕਾਫ਼ੀ ਰੌਚਕ ਹੁੰਦਾ ਜਾ ਰਿਹਾ ਹੈ। ਸਭ ਤੋਂ ਜ਼ਿਆਦਾ ਚਰਚਾ ਲੰਬੀ ਸੀਟ ਨੂੰ ਲੈ ਕੇ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੇ ਰਵਾਇਤੀ ਹਲਕੇ ਪਟਿਆਲਾ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਲੰਬੀ ਸੀਟ ਤੋਂ ਵੀ ਚੋਣ ਲੜਨ ਦੇ ਐਲਾਨ ਨਾਲ ਸੰਘਰਸ਼ ਤਿਕੋਣਾ ਹੋ ਗਿਆ ਹੈ। ਕੈਪਟਨ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੈ ਤੇ ਉਹ ਬਾਦਲ ਨੂੰ ਉਨ੍ਹਾਂ ਦੇ ਜੱਦੀ ਘਰ ਵਿਚ ਹਰਾ ਕੇ ਦਮ ਲੈਣਗੇ। ਉਧਰ ਬਾਦਲ ਦਾ ਕਹਿਣਾ ਹੈ ਕਿ ਕੈਪਟਨ ਦੇ ਮੈਦਾਨ ਵਿਚ ਨਿਤਰਨ ਨਾਲ ਇਹ ਮੁਕਾਬਲਾ ਹੋਰ ਵੀ ਆਸਾਨ ਹੋ ਗਿਆ ਹੈ। ਕੈਪਟਨ ਤੇ ਬਾਦਲ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਜਰਨੈਲ ਸਿੰਘ ਲੰਬੀ ਤੋਂ ਉਮੀਦਵਾਰ ਹਨ। ਕੈਪਟਨ 'ਤੇ ਇਹ ਦੋਸ਼ ਲਗਦੇ ਆ ਰਹੇ ਸਨ ਕਿ ਇਹ ਬਾਦਲਾਂ ਨਾਲ ਮਿਲੇ ਹੋਏ ਹਨ, ਪਰ ਹੁਣ ਕੈਪਟਨ ਵਲੋਂ ਲੰਬੀ ਤੋਂ ਚੋਣ ਲੜਨ ਦੇ ਐਲਾਨ ਪਿਛੋਂ ਭਾਵੇਂ ਉਨ੍ਹਾਂ ਵਲੋਂ ਦਲੀਲ ਦਿੱਤੀ ਜਾ ਰਹੀ ਹੈ ਕਿ ਉਨ੍ਹਾਂ ਦੀ ਬਾਦਲਾਂ ਨਾਲ ਕੋਈ ਸਾਂਝ ਨਹੀਂ। ਉਧਰ ਇਹ ਚੋਣ ਖੇਡ ਇਸ ਲਈ ਵੀ ਦਿਲਚਸਪ ਹੋ ਗਈ ਹੈ ਕਿਉਂਕਿ ਆਮ ਆਦਮੀ ਪਾਰਟੀ ਇਸ ਵਾਰ ਬਰਾਬਰ ਦੀ ਟੱਕਰ ਦੇ ਰਹੀ ਹੈ ਤੇ ਕੈਪਟਨ ਵਲੋਂ ਲੰਬੀ ਤੋਂ ਮੈਦਾਨ ਵਿਚ ਉਤਰਨ ਕਾਰਨ ਕਿਤੇ ਇਸ ਦਾ ਸਿੱਧਾ ਲਾਭ ਬਾਦਲ ਨੂੰ ਤਾਂ ਨਹੀਂ ਪਹੁੰਚਾਇਆ ਜਾ ਰਿਹਾ? ਇਹ ਸਵਾਲ ਵੀ ਆਮ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਸੱਤਾ ਵਿਰੋਧੀ ਲਹਿਰ ਤਾਂ ਚੱਲ ਹੀ ਰਹੀ ਹੈ, ਲੰਬੀ ਵਿਚ ਲਗਾਤਾਰ ਜਿੱਤਦੇ ਆ ਰਹੇ ਪ੍ਰਕਾਸ਼ ਸਿੰਘ ਬਾਦਲ ਦੀ ਸਥਿਤੀ ਵੀ ਇਸ ਵਾਰ ਕਮਜ਼ੋਰ ਨਜ਼ਰ ਆ ਰਹੀ ਹੈ। ਦਰਅਸਲ, ਲੰਬੀ ਵਿਚ ਹੁਣ ਤੱਕ ਇਕ ਬਾਦਲਾਂ ਦੇ ਹੱਕ ਵਿਚ ਭੁਗਤਦਾ ਆ ਰਿਹਾ ਸੀ ਤੇ ਇਸ ਵਾਰ ਇਹ 'ਆਪ' ਦੇ ਹੱਕ ਵਿਚ ਨਿਤਰਿਆ ਹੋਇਆ ਹੈ। ਇਸ ਦੇ ਚਲਦਿਆਂ ਬਾਦਲ ਦੀ ਜਿੱਤ ਬੇਯਕੀਨੀ ਪ੍ਰਤੀਤ ਹੋ ਰਹੀ ਸੀ। ਕੈਪਟਨ ਵਲੋਂ ਕੀਤੇ ਐਲਾਨ ਨੇ ਇਸ ਸੀਟ 'ਤੇ ਮੁਕਾਬਲਾ 'ਸ਼ੱਕੀ' ਤੇ 'ਸਵਾਦਲਾ' ਬਣਾ ਦਿੱਤਾ ਹੈ।
ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਲਗਾਤਾਰ ਇਹ ਦੋਸ਼ ਲਗਾਉਂਦੀ ਆ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ

ਬਾਕੀ ਸਫ਼ਾ 28 'ਤੇ

## ਬਾਦਲ ਦੇ ਸੱਦੇ 'ਤੇ ਕੈਪਟਨ ਲੜ ਰਹੇ ਨੇ ਲੰਬੀ ਤੋਂ ਚੋਣ : ਕੇਜਰੀਵਾਲ

### ਮਜੀਠੀਆ 15 ਅਪ੍ਰੈਲ ਨੂੰ ਹੋਣਗੇ ਜੇਲ੍ਹ 'ਚ

**ਚੰਡੀਗੜ੍ਹ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਰਫ਼ ਇਕ ਸੀਟ ਤੋਂ ਹੀ ਚੋਣ ਲੜਨੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹੀ ਕੈਪਟਨ ਨੂੰ ਲੰਬੀ ਤੋਂ ਚੋਣ ਲੜਨ ਲਈ ਕਿਹਾ ਹੈ ਤਾਂ ਜੋ 'ਬਾਦਲ ਵਿਰੋਧੀ ਵੋਟ' ਕਾਰਨ ਵੋਟ ਵੰਡੀ ਜਾਵੇ, ਜਿਸ ਨਾਲ ਬਾਦਲ ਨੂੰ ਲਾਭ ਪੁੱਜ ਸਕੇ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ 15 ਅਪਰੈਲ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਜੇਲ੍ਹ ਵਿੱਚ ਹੋਣਗੇ। ਕੇਜਰੀਵਾਲ ਨੇ ਦਾਅਵਾ ਕੀਤਾ ਕਿ 11 ਮਾਰਚ ਨੂੰ ਨਤੀਜੇ ਆਉਣਗੇ। 20 ਮਾਰਚ ਨੂੰ ਆਮ ਆਦਮੀ ਪਾਰਟੀ



ਬਾਕੀ ਸਫ਼ਾ 28 'ਤੇ

## ਬਾਬਿਆਂ ਦੇ ਸਿੰਗ ਫਸਗੇ, ਨਿਤਰੂ ਲੋਕਾਂ ਦਾ ਹਾਣੀ

ਦਲਜੀਤ ਸਿੰਘ ਸਰਾਂ

**ਸੰਪਾਦਕੀ**

ਕੈਪਟਨ ਅਮਰਿੰਦਰ ਸਿੰਘ ਵਲੋਂ ਲੰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਣ ਦੇ ਐਲਾਨ ਨੇ ਰਾਜਸੀ ਪੰਡਤਾਂ ਨੂੰ ਅਚੰਭੇ ਵਿੱਚ ਪਾ ਦਿੱਤਾ ਹੈ। ਕਿਸੇ ਰਾਜ ਦੇ ਸਾਬਕਾ ਮੁੱਖ ਮੰਤਰੀ ਵਲੋਂ ਮੌਜੂਦਾ ਮੁੱਖ ਮੰਤਰੀ ਵਿਰੁੱਧ ਚੋਣ ਮੈਦਾਨ ਵਿੱਚ ਸਿੱਧੇ ਮੁਕਾਬਲੇ ਵਿੱਚ ਨਿਤਰਣ ਦਾ ਸ਼ਾਇਦ ਇਹ ਪਹਿਲਾ ਮੌਕਾ ਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਪਾਰਟੀ ਵਲੋਂ ਚੋਣਾਂ ਜਿੱਤਣ ਦੀ ਸੂਰਤ ਵਿੱਚ ਸੰਭਾਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਦੇ ਪੰਜਵੀਂ ਵਾਰ ਮੁੱਖ ਮੰਤਰੀ ਬਣਨ ਦਾ ਰਿਕਾਰਡ ਰੱਖਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਦੇ ਜੱਦੀ ਰਾਜਸੀ ਰਣ ਖੇਤਰ ਵਿੱਚ ਘੇਰਣ ਦਾ ਫੈਸਲਾ ਬਹੁਤ ਹੈਰਾਨਕੁਨ ਹੋਣ ਦੇ ਨਾਲ ਨਾਲ ਬੜੇ ਵੱਡੇ ਰਾਜਨੀਤਕ ਦਾਅ ਪੇਚ ਵਾਲਾ ਵੀ ਹੈ। ਪੰਜਾਬ ਦੇ ਦੋ ਬਹੁਤ ਹੀ ਕੱਦਾਵਰ ਸਿਆਸਤਦਾਨਾਂ ਦੀ ਆਖ਼ਰੀ ਉਮਰੇ ਇੱਕ ਦੂਜੇ ਨਾਲ 'ਝੰਡੀ ਦੀ ਕੁਸ਼ਤੀ' ਬਾਰੇ ਰਾਜਸੀ ਹਲਕਿਆਂ ਵਿੱਚ ਕੋਈ ਸੋਚ ਵੀ ਨਹੀਂ ਸੀ ਸਕਦਾ। ਹਾਂ ਦੋਵਾਂ ਰਵਇਤੀ ਵਿਰੋਧੀ ਪਾਰਟੀਆਂ ਦੇ ਮੋਹਰੀਆਂ ਵਲੋਂ ਇੱਕ ਦੂਜੇ ਉੱਤੇ ਸਿੱਧੇ ਅਤੇ ਨਿੱਜੀ ਸ਼ਬਦੀ ਹਮਲੇ ਭਾਵੇਂ ਜੱਗ ਜ਼ਾਹਰ ਸਨ ਪਰ ਇਹ ਗੱਲ ਤਾਂ ਕਿਸੇ ਦੇ ਚਿੱਤ-ਚੇਤੇ ਵਿੱਚ ਵੀ ਨਹੀਂ ਸੀ ਕਿ ਪਟਿਆਲਾ ਤੋਂ ਜੇਤੂ ਰਹਿਣ ਵਾਲਾ 'ਮਹਾਰਾਜਾ' ਰਾਜ ਭਾਗ ਦੇ ਜ਼ੋਰ

(ਬਾਕੀ ਸਫ਼ਾ 10 'ਤੇ ਪੜ੍ਹੋ)

# ਸਿੱਖ ਕਤਲੇਆਮ ਦਾ ਦਰਦ ਬਿਆਨਦੀ 'ਸੱਚ ਦੀ ਕੰਧ' ਪੰਥ ਨੂੰ ਸਮਰਪਿਤ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਲੰਬੀ ਉਡੀਕ ਮਗਰੋਂ ਆਖਿਰਕਾਰ 1984 ਸਿੱਖ ਕਤਲੇਆਮ ਦੇ ਦਰਦ ਨੂੰ ਬਿਆਨ ਕਰਦੀ ਯਾਦਗਾਰ ਮਨੁੱਖਤਾ ਨੂੰ ਸਮਰਪਿਤ ਕਰ ਦਿੱਤੀ ਗਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਭਗ ਸਾਢੇ ਤਿੰਨ ਸਾਲ ਵਿੱਚ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਕੰਪਲੈਕਸ ਵਿੱਚ 2.5 ਕਰੋੜ ਰੁਪਏ ਦੀ ਲਾਗਤ ਨਾਲ 'ਸੱਚ ਦੀ ਕੰਧ' ਯਾਦਗਾਰ ਤਿਆਰ ਕੀਤੀ ਗਈ ਹੈ। ਇਹ ਯਾਦਗਾਰ ਪੰਜ ਪੀੜਤ ਵਿਧਵਾਵਾਂ ਵੱਲੋਂ ਸੰਗਤ ਨੂੰ ਭੇਟ ਕੀਤੀ ਗਈ। ਇਨ੍ਹਾਂ ਔਰਤਾਂ ਵਿੱਚ ਬੀਬੀ ਜਸਵੀਰ ਕੌਰ, ਬੀਬੀ ਗੰਗਾ ਕੌਰ, ਬੀਬੀ ਜਸਪਾਲ ਕੌਰ, ਭਰਥੀ ਬਾਈ ਅਤੇ ਅਰਵਿੰਦ ਕੌਰ ਸ਼ਾਮਲ ਸਨ। ਮੌਕੇ 'ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ,

ਬਾਕੀ ਸਫ਼ਾ 28 'ਤੇ



ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਦੇ ਕੰਪਲੈਕਸ ਵਿਚ ਉਸਾਰੀ ਗਈ 'ਸੱਚ ਦੀ ਕੰਧ'

## ਇੰਦਰਾ ਗਾਂਧੀ ਤੇ ਰਾਜੀਵ ਦੇ ਨਾਂ ਕਾਤਲਾਂ ਵੱਜੋਂ ਲਿਖਣ ਦੀ ਮੰਗ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ :**
"1984 ਸਿੱਖ ਕਤਲੇਆਮ ਪੀੜਤ ਪਰਿਵਾਰ" ਸੰਸਥਾ ਦੇ ਆਗੂ ਸਾਬਕਾ ਦਿੱਲੀ ਕਮੇਟੀ ਮੈਂਬਰ ਆਤਮਾ ਸਿੰਘ ਲੁਬਾਣਾ, ਗੁਰਦੁਆਰਾ ਸ਼ਹੀਦ ਗੰਜ ਤਿਲਕ ਵਿਹਾਰ ਦੇ ਚੇਅਰਮੈਨ ਮੋਹਨ ਸਿੰਘ ਅਤੇ ਬਾਬੂ ਸਿੰਘ ਦੁੱਖਿਆ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੂੰ ਜੂਨ 1984 ਦੇ ਅਕਾਲ ਤਖ਼ਤ ਸਾਹਿਤ 'ਤੇ ਹਮਲੇ ਅਤੇ ਨਵੰਬਰ 1984 'ਚ ਸਿੱਖ ਕਤਲੇਆਮ ਦਾ ਦੋਸ਼ੀ ਕਰਾਰ ਦਿੰਦੇ ਹੋਏ ਦੋਹਾਂ ਦੇ ਨਾਂ ਲਿਖੀਆਂ ਪਲੇਟਾਂ ਯਾਦਗਾਰ 'ਚ ਲਗਾਉਣ ਦੀ ਵੀ ਮੰਗ ਕੀਤੀ।

ਬਾਕੀ ਸਫ਼ਾ 28 'ਤੇ




















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar




FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਟਰੰਪ 20 ਜਨਵਰੀ ਨੂੰ ਸੰਭਾਲਣਗੇ ਅਮਰੀਕਾ ਦੀ ਵਾਗਡੋਰ

**ਰਿਪਬਲਿਕਨ ਆਗੂ ਨੇ ਨਾਟੋ ਨੂੰ ਗੈਰ ਜ਼ਰੂਰੀ ਸੰਗਠਨ ਦੱਸਿਆ, 27 ਮੁਲਕ ਨਾਰਾਜ਼ ਹੋਏ**



**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੋਨਲਡ ਟਰੰਪ 20 ਜਨਵਰੀ ਤੋਂ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਹੋ ਜਾਣਗੇ। ਪਰ ਅਮਰੀਕਾ ਤੇ ਬਾਹਰ ਤੋਂ ਤੇਜ਼ ਹੋ ਰਹੇ ਵਿਰੋਧ ਦਰਮਿਆਨ ਸੋਮਵਾਰ ਨੂੰ ਡੋਨਲਡ ਟਰੰਪ ਨੇ ਨਾਟੋ 'ਤੇ ਹਮਲਾ ਕਰਦਿਆਂ ਕਿਹਾ ਹੈ ਕਿ ਇਹ ਵੇਲਾ ਵਿਹਾਅ ਚੁੱਕੀ ਸੰਸਥਾ ਹੈ ਅਤੇ ਉਸ ਨੂੰ ਅਤਿਵਾਦ ਬਾਰੇ ਕੋਈ ਫਿਕਰ ਨਹੀਂ ਹੈ। ਉਨ੍ਹਾਂ ਨੇ ਜਰਮਨ ਚਾਂਸਲਰ ਏਂਗੇਲਾ ਮਾਰਕਲ ਦੇ ਸ਼ਰਨਾਰਥੀਆਂ ਦੇ ਫ਼ੈਸਲੇ ਨੂੰ ਲੈ ਕੇ ਸਵਾਲ ਉਠਾਏ। ਇਸ 'ਤੇ ਨਾਟੋ ਦੇ ਸਾਰੇ 27 ਮੈਂਬਰੀ ਮੁਲਕਾਂ ਨੇ ਚਿੰਤਾ ਜ਼ਾਹਰ ਕੀਤੀ ਹੈ। ਇਸੇ ਦੌਰਾਨ ਮਾਰਕਲ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਦੀ ਜ਼ਰੂਰਤ ਨਹੀਂ ਹੈ। ਯੂਰਪ ਖ਼ੁਦ ਆਪਣਾ ਖ਼ਿਆਲ ਰੱਖ ਸਕਦਾ ਹੈ। ਐਕਟੀਵਿਸਟ ਜੱਾਨ ਲੇਵਿਸ ਖ਼ਿਲਾਫ਼ ਟਿੱਪਣੀ ਕਰਨ 'ਤੇ ਅਮਰੀਕਾ ਦੇ ਸਿਵਲ ਰਾਈਟਸ ਵਰਕਰ ਨਾਰਾਜ਼ ਹਨ।

ਬਾਕੀ ਸਫ਼ਾ 28 'ਤੇ

# ਵਰਜੀਨੀਆ ਵਿਚ ਹਰ ਵਰ੍ਹੇ 12 ਸਤੰਬਰ ਨੂੰ ਮਨਾਇਆ ਜਾਵੇਗਾ ਸਾਰਾਗੜ੍ਹੀ ਦਿਵਸ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਦੇ ਵਰਜੀਨੀਆ ਸੂਬੇ ਦੀ ਵਿਧਾਨ ਸਭਾ ਵਿਚ ਹਰੇਕ ਸਾਲ 12 ਸਤੰਬਰ ਨੂੰ 'ਸਾਰਾਗੜ੍ਹੀ ਸਿੱਖ ਗੌਰਵ ਦਿਵਸ' ਵਜੋਂ ਮਨਾਉਣ ਲਈ ਬਿੱਲ ਪੇਸ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਾਰਾਗੜ੍ਹੀ ਮੈਦਾਨ ਵਿਚ 1897 ਨੂੰ 21 ਸਿੱਖ ਯੋਧਿਆਂ ਵੱਲੋਂ 10 ਹਜ਼ਾਰ ਅਫਗਾਨੀ ਕਬਾਇਲੀ ਫੌਜਾਂ ਦਾ ਸਾਹਮਣਾ ਕਰਦਿਆਂ ਲਾਸਾਨੀ ਬਹਾਦਰੀ ਦਾ ਸਬੂਤ ਦਿੱਤਾ ਗਿਆ ਸੀ। 12 ਸਤੰਬਰ 1897 ਨੂੰ ਪਾਕਿਸਤਾਨ ਦੇ ਖੈਬਰ-ਪਖਤੂਨਖਵਾ ਦੀ ਬ੍ਰਿਟਿਸ਼ ਇੰਡੀਆ ਦੀ ਉਤਰ-ਪੱਛਮੀ ਫਰੰਟੀਅਰ ਚੌਕੀ (ਜੋ ਕਿ ਹੁਣ ਸਿੱਖ ਰੈਜੀਮੈਂਟ ਦੀ ਚੌਥੀ ਬਟਾਲੀਅਨ ਹੈ) ਦੇ 36 ਵਿਚੋਂ 21 ਸਿੱਖਾਂ ਵੱਲੋਂ ਅਫਗਾਨ ਕਬਾਇਲੀਆਂ ਦੀ 10 ਹਜ਼ਾਰ ਫੌਜ ਨਾਲ ਯੁੱਧ ਲੜਿਆ ਗਿਆ ਸੀ।



ਸਿੱਖਾਂ ਦੀ ਇਸੇ ਬਹਾਦਰੀ ਕਾਰਨ 12 ਸਤੰਬਰ ਨੂੰ ਵਰਜੀਨੀਆ ਵਿਧਾਨ ਸਭਾ ਵਿਚ ਹਰ ਸਾਲ 'ਸਾਰਾਗੜ੍ਹੀ ਦਿਵਸ' ਵਜੋਂ ਮਨਾਉਣ ਦਾ ਬਿੱਲ ਪੇਸ਼ ਕੀਤਾ ਗਿਆ। ਸਿੱਖਾਂ ਦੀ ਬਹਾਦਰੀ ਦੀ ਪ੍ਰਸੰਸਾ ਕਰਦੇ ਹੋਏ ਵਰਜੀਨੀਆ ਵਿਧਾਨ ਸਭਾ ਦੇ ਸੈਨੇਟਰ ਬਰਾਈਸ ਰੀਵਸ ਵੱਲੋਂ 11 ਜਨਵਰੀ ਨੂੰ ਇਹ ਬਿਲ ਪੇਸ਼ ਕੀਤਾ ਗਿਆ ਸੀ। ਇਸ ਸਬੰਧੀ ਸਟੇਟ ਰਿਪਬਲਿਕਨ ਪਾਰਟੀ ਦੇ ਆਗੂ ਅਤੇ ਏਸ਼ੀਆਈ-ਅਮਰੀਕਨ ਮਾਮਲਿਆਂ 'ਤੇ ਟਰੰਪ ਦੀ ਸਲਾਹਕਾਰੀ ਕਮੇਟੀ ਦੇ ਮੈਂਬਰ ਭਾਰਤੀ ਮੂਲ ਦੇ ਪੁਨੀਤ ਆਹਲੂਵਾਲੀਆ ਨੇ ਕਿਹਾ ਕਿ ਇਹ ਸਿੱਖਾਂ ਲਈ ਬਹੁਤ ਮਾਣ ਵਾਲੀ ਗੱਲ ਹੈ।

## ਸੰਵਾਦ ਵਲੋਂ ਅੰਮ੍ਰਿਤਸਰ ਵਿਖੇ ਕਲਾ ਪ੍ਰਦਰਸ਼ਨੀ 19 ਤੋਂ 22 ਜਨਵਰੀ ਤਕ




**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਵਿਚਾਰ ਮੰਚ 'ਸੰਵਾਦ' ਵਲੋਂ ਇਕ ਕਲਾ ਪ੍ਰਦਰਸ਼ਨੀ ਅੰਮ੍ਰਿਤਸਰ ਵਿਖੇ ਲਾਈ ਜਾ ਰਹੀ ਹੈ। 19 ਜਨਵਰੀ ਤੋਂ 22 ਜਨਵਰੀ ਤਕ ਚੱਲਣ ਵਾਲੀ ਇਸ ਕਲਾ ਪ੍ਰਦਰਸ਼ਨੀ 'ਚ ਪੰਜਾਬ ਦੇ ਪੰਜ ਨੌਜਵਾਨਾਂ ਦੀ ਕਲਾ ਨੂੰ ਪ੍ਰਦਰਸ਼ਿਤ ਕੀਤਾ ਜਾਏਗਾ। ਇਸ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਐਨ.ਆਈ.ਡੀ. (ਕੁਰੂਸ਼ੇਤਰ) ਦੇ ਡਾਇਰੈਕਟਰ ਡਾ. ਡੀ.ਐਸ. ਕਪੂਰ ਵਲੋਂ ਵੀਰਵਾਰ (19 ਜਨਵਰੀ) ਨੂੰ ਇੰਡੀਅਨ ਅਕਾਦਮੀ ਆਫ ਫਾਈਨ ਆਰਟਸ, ਮਾਲਵੀਆ ਰੋਡ, ਅੰਮ੍ਰਿਤਸਰ ਵਿਖੇ ਕੀਤਾ ਜਾਏਗਾ। 'ਸੰਵਾਦ' ਮੁਤਾਬਕ ਇਸ ਕਲਾ ਪ੍ਰਦਰਸ਼ਨੀ ਦਾ ਮਕਸਦ ਨੌਜਵਾਨ ਕਲਾਕਾਰਾਂ ਦੀ ਕਲਾ ਨੂੰ ਦੁਨੀਆ ਸਾਹਮਣੇ ਲਿਆਉਣਾ ਹੈ।

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: ਜੈ ਸਿੰਘ**
**ਫੋਨ ਨੰਬਰ 510-677-2777**



# ‘ਛਣਕਾਟਾ ਵੰਗਾਂ ਦਾ’ ਪ੍ਰੋਗਰਾਮ ਨੇ ਖੂਬ ਰੌਣਕਾਂ ਬੰਨ੍ਹੀਆਂ

ਫਰੀਮੌਂਟ/ਬਿਊਰੋ ਨਿਊਜ਼ :
ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐਸ ਅਸ਼ੋਕ ਭੌਰਾ ਵਲੋਂ ਚੌਥਾ ‘ਛਣਕਾਟਾ ਵੰਗਾਂ ਦਾ’ ਪ੍ਰੋਗਰਾਮ ਇਥੇ ਪੈਰਾਡਾਈਜ਼ ਬਾਲਰੂਮ ਵਿਚ ਕਰਵਾਇਆ ਗਿਆ। ਕੜਾਕੇ ਦੀ ਠੰਢ ਅਤੇ ਵਰ੍ਹਦੇ ਮੀਂਹ ਵਿਚ ਵੀ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਰਿਵਾਰਾਂ ਸਮੇਤ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਸਾਹਿਬ-ਏ-ਕਮਾਲ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਆਗਮਨ ਪੁਰਬ ਮੌਕੇ ਇਸ ਪ੍ਰੋਗਰਾਮ ਦਾ ਪਹਿਲਾ ਹਿੱਸਾ ਧਾਰਮਿਕ ਰੰਗ ਵਿਚ ਪੇਸ਼ ਕੀਤਾ ਗਿਆ। ਇਸ ਨੂੰ ਸੱਤੀ ਪਾਬਲਾ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਜੀਦ ਖਾਨ ਨੂੰ ਲਿਖੀ ਚਿੱਠੀ ਦਾ ਵਾਰ ਦੇ ਰੂਪ ਵਿਚ ਜੋਸ਼ ਨਾਲ ਗਾਇਨ ਕਰਕੇ ਸਾਰਿਆਂ ਨੂੰ ਸ਼ਰਧਾ ’ਚ ਲੀਨ ਕਰ ਦਿੱਤਾ। ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਅਤੇ ਅਕਾਲ ਟੀ.ਵੀ. ਲੰਡਨ ਦੀ ਰੂਪ ਦਵਿੰਦਰ ਕੌਰ ਨੇ ਮੰਚ ਸੰਚਾਲਨ ਕੀਤਾ। ਗਾਇਕਾ ਜੋਤ ਰਣਜੀਤ ਨੇ ‘ਜੁਗਨੀ’ ਨਾਲ ਮਾਹੌਲ ਵਿਚ ਸੰਗੀਤਕ ਰੰਗ ਭਰ ਦਿੱਤਾ। ਅੰਮ੍ਰਿਤਪਾਲ ਸਰਾਂ ਨੇ ਵੀ ਵੱਖਰੇ ਅੰਦਾਜ਼ ਵਿਚ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ। ਦਵਿੰਦਰ ਹੋਠੀ ਦੀ ਹਾਸਰਸ ਕਵਿਤਾ ਨੇ ਸਾਰਿਆਂ ਨੂੰ ਖੂਬ ਹਸਾਇਆ। ਗਾਇਕ ਮੰਗਾ ਧਾਲੀਵਾਲ, ਤਰਸੇਮ ਅਟਵਾਲ ਅਤੇ ਅਰਚਨਾ ਸਿੰਘ ਦਾ ਦੋਗਾਣਾ ਅਤੇ ਮੰਗਾ ਧਾਲੀਵਾਲ ਦਾ ਚਿੱਤਰਹਾਰ ਸਭ ਨੇ ਖੂਬ ਸਲ੍ਹਾਇਆ ਅਤੇ ਤਰਸੇਮ ਅਟਵਾਲ ਦਾ ਬੁਢਾਪੇ ’ਚ ਜਵਾਨੀ ਵਾਲਾ ਭੰਗੜਾ ਵੀ ਕਾਫੀ ਚਰਚਾ ਖੱਟ ਗਿਆ। ਜਸਵਿੰਦਰ ਧਨੋਆ, ਸੋਨੂ ਰਾਣਾ ਅਤੇ ਜੱਸੀ ਕੌਰ ਦੀ ਹਾਸਰਸ ਸਕਿੱਟ ਨੇ ਵਰਤਮਾਨ ਪਾਖੰਡ ’ਤੇ ਕਰਾਰੀ ਚੋਟ ਕੱਸੀ। ਦੱਖਣੀ ਭਾਰਤ ਦੇ ਸੂਬਿਆਂ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਉਡੀਸਾ ਅਤੇ ਉੱਤਰ ਪ੍ਰਦੇਸ਼ ਨਾਲ ਜੁੜੀਆਂ ਮੁਟਿਆਰਾਂ ਨੇ ਪੰਜਾਬੀ ਪਹਿਰਾਵੇ ਵਿਚ ‘ਮੁੰਡਾ ਰੁੱਸ ਕੇ ਜਲੇਬੀ ਵਾਂਗੂ ਵਲ ਖਾ ਗਿਆ’ ਨਾਲ ਕੋਰੀਓਗ੍ਰਾਫੀ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

‘ਡਾਂਸ ਕ੍ਰਿਸ਼ਮਾ ਅਕੈਡਮੀ’ ਦੀ ਜਯਾ ਸ਼ਰਮਾ ਦੀ ਅਗਵਾਈ ਵਿਚ ਇਨ੍ਹਾਂ ਕੁੜੀਆਂ ਨੇ ‘ਲੰਘ ਆ ਜਾ ਪੱਤਣ ਝਨਾਅ ਦਾ ਓ ਯਾਰ’ ਵਰਗੇ ਅਮਰ ਪੰਜਾਬੀ ਲੋਕ ਗੀਤਾਂ ਦੀ ਵੀ ਸਲਾਹੁਣਯੋਗ ਪੇਸ਼ਕਾਰੀ ਕੀਤੀ। ‘ਆਪਣਾ ਸੰਗੀਤ’ ਦੇ ਅਨੂਪ ਚੀਮਾ ਨੇ ਖੂਬਸੂਰਤ ਗਿੱਧੇ ਅਤੇ ਭੰਗੜੇ ਦੇ ਸੁਮੇਲ ਵਿਚ ‘ਗਿੱਧਾ ਪਾਓ ਕੁੜੀਓ’ ਨਾਲ ਖੂਬ ਰੰਗ ਬੰਨ੍ਹਿਆ। ਨੌਜਵਾਨ ਗਾਇਕ ਧਰਮਵੀਰ ਥਾਂਦੀ ਨੇ ‘ਪਿੰਡਾਂ ਦੀਆਂ ਰਸੋਈਆਂ ਵਿਚੋਂ ਪੀਪੇ ਛਾਬੇ ਮੁੱਕ ਜਾਣੇ ਨੇ’ ਅਤੇ ‘ਤਾਹੀਓਂ ਹੁਣ ਮੁੱਕ ਚੱਲੇ ਬੰਦੇ ਚੰਗੀਆਂ ਨਸਲਾਂ ਦੇ’ ਨਾਲ ਇਕ ਤਰ੍ਹਾਂ ਨਾਲ ਅਜਿਹਾ ਰੰਗ ਬੰਨ੍ਹਿਆ ਕਿ ਉਸ ਦਾ ਹਰ ਸ਼ਬਦ ਹੀ ਸਰੋਤਿਆਂ

ਸੰਬੰਧਤ ਰੰਗਦਾਰ ਤਸਵੀਰਾਂ
ਸ.ਫ਼ਾ 19 ’ਤੇ ਦੇਖੋ

ਦੇ ਧੁਰ ਅੰਦਰ ਤੱਕ ਉਤਰ ਗਿਆ। ਲੋਪੋਕੇ ਬ੍ਰਦਰਜ਼ ਦੇ ਲਖਵੀਰ ਸਿੰਘ ਅਤੇ ਰਜਿੰਦਰ ਸਿੰਘ ਨੇ ‘ਟੰਗੀਆਂ ਰਹਿ ਜਾਣਗੀਆਂ ਬਸ ਫਿਰ ਕੰਧਾਂ ’ਤੇ ਤਸਵੀਰਾਂ’ ਅਤੇ ‘ਕਾਂਵਾਂ ਦੇ ਕਦੇ ਆਖੇ ਢੱਗੇ ਮਰਦੇ ਨਹੀਂ ਹੁੰਦੇ’ ਵਰਗੇ ਗੀਤਾਂ ਨਾਲ ਸੂਫੀਆਨਾ ਜੁਗਲਬੰਦੀ ਕੀਤੀ। ਗੀਤਮਾਲਾ ਦੀ ਸੋਨੀਆ ਚੇੜਾ, ਜੱਸੀ ਸਰਾਂ ਅਤੇ ਜਸਪ੍ਰੀਤ ਦੀ ਅਗਵਾਈ ਹੇਠ ‘ਨਾਨਕਾ ਦਾਦਕਾ ਮੇਲ ਦਾ ਮੁਕਾਬਲਾ’ ਅਤੇ ਗਿੱਧਾ ਪੇਸ਼ ਕਰਕੇ ‘ਛਣਕਾਟਾ ਵੰਗਾਂ ਦਾ’ ਪ੍ਰੋਗਰਾਮ ਨੂੰ ਸੱਚੀਮੁੱਚੀਂ ਹੀ ਛਰਾਟੇ ਦਾ ਰੂਪ ਦੇ ਕੇ ਛਣਕਣ ਲਾ ਦਿੱਤਾ। ਪ੍ਰੋਗਰਾਮ ਦੇ ਆਖਰ ਵਿਚ ਮਰਹੂਮ ਗਾਇਕ ਸੁਰਜੀਤ ਬਿੰਦਰਖੀਆ ਦੇ ਬੇਟੇ ਗੀਤਾਜ ਬਿੰਦਰਖੀਆ ਨੇ ‘ਲੱਕ ਦੇ ਹੁਲਾਰਿਆਂ ਦਾ ਮੁੱਲ ਕੋਈ ਨਾ’, ‘ਦੁਪੱਟਾ’ ਅਤੇ ‘ਸੁਣੋ ਦੁਨੀਆ ਦਾ ਕਿਹੜਾ ਕਿਹੜਾ ਰੰਗ ਵੇਖਿਆ’ ਵਰਗੇ ਅੱਧੀ ਦਰਜਨ ਗੀਤਾਂ ਨਾਲ ਪ੍ਰੋਗਰਾਮ ਨੂੰ ਸ਼ਿਖ਼ਰ ’ਤੇ ਪਹੁੰਚਾ ਦਿੱਤਾ। ਇਸ ਮੌਕੇ ਦੁਬਈ ਤੋਂ ਉਚੇਚੇ ਤੌਰ ’ਤੇ ਪੁੱਜੇ ‘ਸਰਬੱਤ ਦਾ ਭਲਾ ਟਰੱਸਟ’ ਦੇ ਮੁਖੀ ਅਤੇ ਉੱਘੇ ਸਮਾਜ ਸੇਵੀ ਸ੍ਰ. ਐਸ.ਪੀ. ਸਿੰਘ ਓਬਰਾਏ ਨੇ ਕਿਹਾ ਕਿ ਉਹ ਕਰੀਬ ਇਕ ਦਹਾਕੇ ਤੋਂ ਸਮਾਜ ਸੇਵਾ ਦੇ ਕਾਰਜਾਂ ਨਾਲ ਜੁੜੇ ਹੋਏ ਹਨ। ‘ਛਣਕਾਟਾ ਵੰਗਾਂ ਦਾ’ ਪਰਿਵਾਰ, ਸੰਗੀਤਕ ਅਤੇ ਸਿਹਤਮੰਦ ਪੰਜਾਬੀ ਪ੍ਰੋਗਰਾਮ ਵੇਖ ਕੇ ਉਨ੍ਹਾਂ ਨੂੰ ਕਾਫ਼ੀ ਸਕੂਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਪੰਜਾਬੀ ਜ਼ੁਬਾਨ, ਭਾਸ਼ਾ ਅਤੇ ਬੋਲੀ ਨੂੰ ਦੁਨੀਆ ਭਰ ਵਿਚ ਪ੍ਰਫੁੱਲਤ ਕਰਨ ਲਈ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ ਅਸ਼ੋਕ ਭੌਰਾ ਨੇ ਕਿਹਾ ਕਿ ਸ਼ੌਂਕੀ ਮੇਲੇ ਤੋਂ ਲੈ ਕੇ ਹੁਣ ਤੱਕ ਗਾਇਕਾਂ ਨਾਲ ਅਤੇ ਸਭਿਆਚਾਰਕ ਮੇਲਿਆਂ ਨਾਲ ਉਹ ਜੁੜੇ ਰਹੇ ਹਨ ਅਤੇ ਇਸ ਛਣਕਾਟਾ ਪ੍ਰੋਗਰਾਮ ਤੋਂ ਵਿਦਾਇਗੀ ਲੈਣੀ ਚਾਹੁੰਦੇ ਸਨ ਪਰ ਮੁਹੱਬਤ ਅਤੇ ਨਾਮੀ ਪੰਜਾਬੀਆਂ ਦੀ ਹੱਲਾਸ਼ੇਰੀ ਨੇ ਇਸ ਪ੍ਰੋਗਰਾਮ ਨੂੰ ਅਜੇ ਹੋਰ ਜਾਰੀ ਰੱਖਣ ਦਾ ਬਲ ਦੇ ਦਿੱਤਾ ਹੈ। ਉਨ੍ਹਾਂ ਪ੍ਰੋਗਰਾਮ ਦੇ ਸਾਰੇ ਕਲਾਕਾਰਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦਾ ਸਨਮਾਨ ਕੀਤਾ।

ਉਨ੍ਹਾਂ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ, ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ, ਗਿਆਨੀ ਰਵਿੰਦਰ ਸਿੰਘ, ਕੁਲਵੰਤ ਸਿੰਘ ਨਿੱਝਰ, ਸੁਰਿੰਦਰ ਧਨੋਆ, ਰੇਅ ਵਾਲੀਆ, ਜੁਗਰਾਜ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਇਸ ਮੌਕੇ ਮੇਜਰ ਸਿੰਘ ਬਰਾੜ, ਅਮਰੀਕ ਚੰਦ ਲਾਖਾ, ਜਸਵੰਤ ਸਰਾਂ, ਚਰਨ ਸਿੰਘ ਭੰਡਾਲ, ਲਾਲੀ ਧਨੋਆ, ਕਸ਼ਮੀਰ ਧੁੱਗਾ, ਗੁਰਚਰਨ ਮਾਨ, ਸ੍ਰੀਮਤੀ ਜਸਵਿੰਦਰ ਕੌਰ, ਮਨਜੀਤ ਕੌਰ ਅਤੇ ਸਹੋਣ ਸਿੰਘ ਨਾਗਰਾ, ਸੰਤੋਖ ਸਿੰਘ ਜੱਜ, ਸੁਖਦੇਵ ਸਿੰਘ ਗਰੇਵਾਲ, ਸਤਨਾਮ ਸਿੰਘ ਬੱਲ, ਡਾ. ਹਰਮੇਸ਼ ਕੁਮਾਰ, ਰਾਮ ਮੂਰਤੀ ਸਰੋਏ, ਫਕੀਰ ਚੰਦ ਮਹਿਮੀ, ਸ਼ਸ਼ੀ ਪਾਲ, ਰਮੇਸ਼ ਸੁਮਨ, ਹਰਜਿੰਦਰ ਧਾਮੀ ਹਾਜ਼ਰ ਸਨ। ਮਨਜੀਤ ਚੇੜਾ, ਮਨਵੀਰ ਭੌਰਾ, ਬਲਜਿੰਦਰ ਸਿੰਘ ਪੱਟੀ, ਅਨਮੋਲ ਭੌਰਾ, ਰਾਜਾ ਨੂਰਪੁਰੀਆ ਨੇ ਪ੍ਰਬੰਧਕੀ ਕੰਮਾਂ ਵਿਚ ਅਹਿਮ ਭੂਮਿਕਾ ਨਿਭਾਈ।

## ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਨਵੇਂ ਵਰ੍ਹੇ ਦੀ ਪਹਿਲੀ ਇਕੱਤਰਤਾ ’ਚ ਰਚਨਾਵਾਂ ਦਾ ਦੌਰ



**ਸਟਾਕਟਨ/ਬਿਊਰੋ ਨਿਊਜ਼:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 7 ਜਨਵਰੀ ਨੂੰ ਲੈਥਰੋਪ ਕਸਬੇ ਦੇ ਸੇਵਾ ਸੈਂਟਰ ਹਾਲ ਵਿੱਚ ਇਸ ਵਰ੍ਹੇ ਦੀ ਪਹਿਲੀ ਮਾਸਿਕ ਇਕੱਤਰਤਾ ਕੀਤੀ ਗਈ। ਹਾਜ਼ਰ ਮੈਂਬਰਾਂ ਨੇ ਮਿਲਣੀ ਮੌਕੇ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਸਾਝੀਆਂ ਕੀਤੀਆਂ। ਲੰਘ ਗਏ ਵਰ੍ਹੇ ਦੀਆਂ ਕੌੜੀਆਂ ਮਿਠੀਆਂ ਯਾਦਾਂ ਨੂੰ ਤਾਜ਼ਾ ਕੀਤਾ। ਸਭਾ ਦੇ ਅਰੰਭ ਵਿੱਚ ਨਿਊਯਾਰਕ ਵਾਸੀ ਪੰਜਾਬੀ ਸਾਹਿਤਕਾਰ ਦਲਜੀਤ ਮੋਖਾ ਦੇ ਅਣਕਿਆਸੇ ਵਿਛੋੜੇ ਤੇ ਇੱਕ ਮਿੰਟ ਦਾ ਮੋਨ ਧਾਰਨ ਕਰਦਿਆਂ ਉਸਨੂੰ ਸ਼ਰਧਾਂਜਲੀ ਦੇ ਫੁੱਲ ਅਰਪਣ ਕੀਤੇ ਗਏ। ਹਰਜਿੰਦਰ ਪੰਧੇਰ ਵਲੋਂ ਦਲਜੀਤ ਮੋਖਾ ਦੀ ਰੰਗਲੀ ਸਖ਼ਸ਼ੀਅਤ ਬਾਰੇ ਗੱਲ ਕਰਦਿਆਂ ਸੁਰਿੰਦਰ ਸੋਹਲ ਵਲੋਂ ਪ੍ਰਾਪਤ ਈ ਮੇਲਾਂ ਵਿੱਚ ਗੁਆਚੀ ਕਵਿਤਾ: ਦਲਜੀਤ ਮੋਖਾ ਸਰੋਤਿਆਂ ਨੂੰ ਪੜ੍ਹ ਕੇ ਸੁਣਾਈ ਗਈ। ਹਾਜ਼ਰ ਮੈਂਬਰਾਂ ਵਲੋਂ ਇਸ ਵਾਰ ਪੇਸ਼ ਕੀਤੀਆ ਰਚਨਾਵਾਂ ਵਿੱਚ ਸਿੱਖ ਕੌਮ ਦੀਆਂ ਸ਼ਹਾਦਤਾਂ ਨਾਲ ਜੁੜੇ ਦਸੰਬਰ ਮਹੀਨੇ ਦਾ ਭਾਰੂਪਣ ਅਤੇ ਨਵੇਂ ਵਰ੍ਹੇ ਦੀਆਂ ਆਸ਼ਾਵਾਂ ਦਾ ਰੰਗ ਦੇਖਣ ਨੂੰ ਮਿਲ ਰਿਹਾ ਸੀ। ਕਹਾਣੀਆਂ ਦੇ ਦੌਰ ਵਿੱਚ ਇਸ ਵਾਰ ਮਿੰਨੀ ਕਹਾਣੀਆਂ ਦਾ ਰੰਗ ਦੇਖਣ ਨੂੰ ਮਿਲਿਆ। ਤ੍ਰਿਪਤ ਸਿੰਘ ਭੱਟੀ ਨੇ ਬੰਦਾ ਬਹਾਦਰ ਦੇ ਜੀਵਨ ਤੇ ਅਧਾਰਤ ਕਹਾਣੀ ਵਰਦਾਨਾ ਦਾ ਵਰਦਾਨ ਅਤੇ ਕੰਪਰੋਮਾਈਜ਼, ਹਰਨੇਕ ਸਿੰਘ ਨੇ ਕਹਾਣੀ ਪਰਾਏ-ਆਪਣੇ, ਹਰਜਿੰਦਰ ਪੰਧੇਰ ਨੇ ਨਵਾਬ ਅਤੇ ਆਪਣਾ-ਪਰਾਇਆ ਕਹਾਣੀਆਂ ਪੜ੍ਹੀਆਂ ਗਈਆਂ। ਗੀਤਾਂ ਅਤੇ ਕਵਿਤਾਵਾਂ ਦੇ ਦੌਰ ਵਿੱਚ ਚਰਨਜੀਤ ਸਿੰਘ ਸਾਹੀ, ਤਾਰਾ ਸਾਗਰ, ਹਰਜਿੰਦਰ ਪੰਧੇਰ ਅਤੇ ਹੋਰ ਕਵੀਆਂ ਨੇ ਭਾਗ ਲਿਆ। ਇਸ ਸਾਹਿਤਕ ਸਮਾਗਮ ਵਿੱਚ ਇਸ ਵਾਰ ਉਪਰੋਕਤ ਮੈਂਬਰਾਂ ਤੋ ਇਲਾਵਾ ਗੁਰਪ੍ਰੀਤ ਕੌਰ, ਇੰਦਰ ਜੀਤ, ਰੁਪਿੰਦਰ ਕੌਰ ਰਣਜੀਤ ਸਿੰਘ ਅਤੇ ਹੋਰ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਸਮਾਗਮ ਦੇ ਅੰਤ ਉਤੇ ਸਮੂਹ ਮੈਂਬਰਾਂ ਵਲੋਂ ਗੁਰਪ੍ਰੀਤ ਕੌਰ ਵਲੋਂ ਕੀਤੀ ਗਈ ਇਸ ਨਵੀਂ ਖੂਬਸੂਰਤ ਜਗ੍ਹਾ ਦੀ ਚੋਣ ਅਤੇ ਕੀਤੇ ਗਏ ਪ੍ਰਬੰਧਾਂ ਦੀ ਭਰਭੂਰ ਸ਼ਲਾਘਾ ਕੀਤੀ ਗਈ।

ਬਾਬਾ ਬਿੱਧੀ ਚੰਦ ਜੀ ਦੀ ਅੰਸ ਬੰਸ਼ ’ਚੋਂ ਗਿਆਰਵੀਂ
ਗੱਦੀ ਨਸ਼ੀਨ ਮਹਾਂਪੁਰਖ ਸੱਚਖੰਡ ਵਾਸੀ
ਬਾਬਾ ਦਯਾ ਸਿੰਘ ਜੀ



ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ ਸੁਰ ਸਿੰਘ ਵਾਲੇ

ਦੀ ਮਿੱਠੀ ਪਿਆਰੀ
ਯਾਦ ਵਿਚ
ਤੀਸਰੀ ਬਰਸੀ
ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ
20, 21 ਅਤੇ 22 ਜਨਵਰੀ ਨੂੰ

ਨਾਰਥ ਅਮਰੀਕਾ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ
20, 21 ਅਤੇ 22 ਜਨਵਰੀ, 2017 ਨੂੰ ਮਨਾਈ ਜਾਵੇਗੀ
ਆਰੰਭ ਭੋਗ ਸ੍ਰੀ ਆਖੰਡ ਪਾਠ ਸਾਹਿਬ : 20 ਜਨਵਰੀ 2017, ਸ਼ੁੱਕਰਵਾਰ
22 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ
ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸੱਜਣਗੇ।
ਸਭਨਾਂ ਸੰਗਤਾਂ ਨੂੰ ਪਹੁੰਚਣ ਲਈ ਬੇਨਤੀ ਹੈ।
ਦਾਸ: ਕੁਲਦੀਪ ਸਿੰਘ ਤੇ ਗੁਰਬਚਨ ਸਿੰਘ ਅਤੇ ਸਹਿਯੋਗੀ

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# JESSIE TAX SERVICES

**We Provide Comprehensive Tax Services**



JASWANT S. JESSIE
Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਮਿਲਪੀਟਸ/ਬਿਊਰੋ ਨਿਊਜ਼ :**
ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਕੈਪਟਨ ਅਮਰਜੀਤ ਸਿੰਘ ਅਮਰ ਵੱਲੋਂ ਆਪਣੇ ਪਰਿਵਾਰਕ ਖੁਸ਼ੀ ਦੇ ਪਾਠਾਂ ਵਿਚ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਸਜਾਉਣ ਦਾ ਸੱਦਾ ਦਿੱਤਾ ਗਿਆ। ਕਵੀ ਦਰਬਾਰ ਦਾ ਮੰਚ ਸੰਚਾਲਨ ਪਰਮਿੰਦਰ ਸਿੰਘ 'ਪ੍ਰਵਾਨਾ' ਨੇ ਕੀਤਾ। ਇਸ ਮੌਕੇ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਪ੍ਰੋ. ਸੁਰਜੀਤ ਸਿੰਘ ਨਨੂਆ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਧਾਰਮਿਕ ਕਵੀ ਦਰਬਾਰਾਂ ਲਈ 510-781-0487 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਲੱਖਣ ਸਿੰਘ ਨੱਤ ਦੇ ਅਕਾਲ ਚਲਾਣੇ ਉੱਤੇ ਗਹਿਰੇ ਦੁਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਯੂਨਿਟ ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਬਹਿਰੀਨ) ਯੂਨਿਟ ਦੇ ਪ੍ਰਧਾਨ ਅਮਰੀਕ ਸਿੰਘ ਬੱਲੋਵਾਲ ਦੇ ਚਾਚਾ ਸੱਲਖਣ ਸਿੰਘ ਨੱਤ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਸਲੱਖਣ ਸਿੰਘ ਨੱਤ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹ ਕੁਝ ਦਿਨਾਂ ਤੋਂ ਬਿਮਾਰ ਚਲੇ ਆ ਰਹੇ ਸਨ ਤੇ ਉਨ੍ਹਾਂ ਦਾ ਇਲਾਜ ਲੁਧਿਆਣਾ ਹਸਪਤਾਲ ਵਿਚ ਚਲ ਰਿਹਾ ਸੀ। ਉਹ ਪਿਛੇ ਪਰਿਵਾਰ ਵਿਚ ਪਤਨੀ ਤੋਂ ਇਲਾਵਾ ਦੋ ਜਵਾਨ ਧੀਆਂ ਛੱਡ ਗਏ ਹਨ। ਪਰਿਵਾਰ ਤਾਂ ਅਜੇ ਕੁਝ ਦਿਨ ਪਹਿਲਾਂ ਅਵਤਾਰ ਸਿੰਘ ਨੱਤ, ਜੋ ਕਿ ਅਮਰੀਕ ਸਿੰਘ ਦੇ ਦਾਦਾ ਜੀ ਸਨ, ਦੀ ਅੰਤਿਮ ਅਰਦਾਸ ਦੀ ਵੀ ਨਹੀਂ ਕਰ ਸਕਿਆ ਕਿ ਉਪਰੋਂ ਉਨ੍ਹਾਂ ਦਾ ਪੁੱਤਰ ਵੀ ਬਾਪ ਦੇ ਪਿਛੇ ਹੀ ਚਲ ਵਸਿਆ।



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਯੂਨਿਟ ਦੇ ਆਗੂਆਂ ਬੂਟਾ ਸਿੰਘ, ਸੁਰਜੀਤ ਸਿੰਘ, ਰੇਸ਼ਮ ਸਿੰਘ, ਜੀਤ ਸਿੰਘ, ਰਪਿੰਦਰ ਸਿੰਘ, ਮੱਖਣ ਸਿੰਘ, ਅਮਨਦੀਪ ਸਿੰਘ ਅਤੇ ਅਮਰਜੀਤ ਸਿੰਘ ਵਲੋਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਾਹਿਗੁਰੂ ਅਗੇ ਅਰਦਾਸ ਕੀਤੀ ਗਈ ਹੈ ਕਿ ਸੱਲਖਣ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।


## LAW OFFICE OF
# PARDEEP S. GREWAL
## ਪ੍ਰਦੀਪ ਸਿੰਘ ਗਰੇਵਾਲ

**Bankruptcy**
**Immigration • Divorce**

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
ਤਲਾਕ



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

**510.889.1999**

email : info@pardeeplaw.com

20980 REDWOOD ROAD, SUITE 240 • CASTRO VALLEY CA 94546



# SFO/LAX to DELHI



FARE as LOW as
Starting from
**695 to 895**
With Senior Citizens & Students Discount
(including taxes)

**Flights to Amritsar available at higher airfare**

**INFINITY TRAVEL (408-245-8444)**

Low season fare subject to availability
Restrictions apply (cst# 1007726-10)



# SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ

**ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901**



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.




## ਪ੍ਰੋ. ਦਰਬਾਰੀ ਲਾਲ ਮੁੜ ਕਾਂਗਰਸ ਵਿੱਚ ਸ਼ਾਮਲ

### 'ਆਪ' ਨੇ ਆਪਣਾ ਉਮੀਦਵਾਰ ਬਦਲਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਵਾਸਤੇ ਅੰਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਲਈ ਉਮੀਦਵਾਰ ਦੀ ਚੋਣ ਸਿਰਦਰਦੀ ਬਣ ਗਈ ਹੈ, ਜਿਸ ਤਹਿਤ ਤੀਜੀ ਵਾਰ ਉਮੀਦਵਾਰ ਦੀ ਚੋਣ ਕੀਤੀ ਗਈ ਹੈ। ਪਾਰਟੀ ਨੇ ਪਹਿਲਾਂ ਚੁਣੇ ਉਮੀਦਵਾਰ ਪ੍ਰੋ. ਦਰਬਾਰੀ ਲਾਲ ਨੂੰ ਰੱਦ ਕਰਦਿਆਂ ਹੁਣ ਡਾ. ਅਜੈ ਗੁਪਤਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਉਧਰ ਪ੍ਰੋ. ਦਰਬਾਰੀ ਲਾਲ ਵੀ 'ਆਪ' ਦਾ ਝਾੜੂ ਛੱਡ ਕੇ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ।



'ਆਪ' ਵੱਲੋਂ ਇੱਕ ਹਫ਼ਤੇ ਵਿੱਚ ਕੇਂਦਰੀ ਵਿਧਾਨ ਸਭਾ ਹਲਕੇ ਲਈ ਤਿੰਨ ਉਮੀਦਵਾਰ ਬਣਾਏ ਗਏ ਹਨ। ਸਭ ਤੋਂ ਪਹਿਲਾਂ ਕੈਪਟਨ ਰਜਿੰਦਰ ਕੁਮਾਰ ਨੂੰ ਉਮੀਦਵਾਰ ਐਲਾਨਿਆ ਗਿਆ ਸੀ, ਜਿਸ ਦਾ ਪਾਰਟੀ ਵਲੰਟੀਅਰਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਅਤੇ ਉਮੀਦਵਾਰ ਨੂੰ ਕੇਂਦਰੀ ਹਲਕੇ ਵਿੱਚ ਖੜ੍ਹੇ ਕਾਂਗਰਸੀ ਉਮੀਦਵਾਰ ਦਾ ਨੇੜਲਾ ਦੱਸਿਆ ਗਿਆ। ਇਸ ਵਿਰੋਧ ਤੋਂ ਬਾਅਦ 24 ਘੰਟਿਆਂ ਵਿੱਚ ਹੀ ਪਾਰਟੀ ਨੇ ਇਸ ਉਮੀਦਵਾਰ ਨੂੰ ਰੱਦ ਕਰਕੇ ਪ੍ਰੋ. ਦਰਬਾਰੀ ਲਾਲ ਨੂੰ ਪਾਰਟੀ ਉਮੀਦਵਾਰ ਐਲਾਨ ਦਿੱਤਾ, ਪਰ ਪਾਰਟੀ ਵਲੰਟੀਅਰਾਂ ਨੇ ਇਸ ਉਮੀਦਵਾਰ ਦਾ ਵੀ ਵਿਰੋਧ ਕੀਤਾ। ਪ੍ਰੋ. ਦਰਬਾਰੀ ਲਾਲ 2002 ਵਿੱਚ ਕਾਂਗਰਸ ਸਰਕਾਰ ਵੇਲੇ ਡਿਪਟੀ ਸਪੀਕਰ ਸਨ। 2014 ਵਿਚ ਲੋਕ ਸਭਾ ਚੋਣਾਂ ਸਮੇਂ ਉਹ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਅਤੇ ਬੀਤੇ ਦਿਨ ਭਾਜਪਾ ਛੱਡ ਕੇ 'ਆਪ' ਦੇ ਉਮੀਦਵਾਰ ਬਣੇ ਸਨ। ਪਾਰਟੀ ਦੇ ਲੀਗਲ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪ੍ਰੋ. ਦਰਬਾਰੀ ਲਾਲ ਖ਼ਿਲਾਫ਼ ਭ੍ਰਿਸ਼ਟਾਚਾਰ ਸਬੰਧੀ ਕੁਝ ਦੋਸ਼ ਸਨ, ਜਿਸ ਕਾਰਨ ਉਨ੍ਹਾਂ ਦੀ ਉਮੀਦਵਾਰੀ ਰੱਦ ਕੀਤੀ ਗਈ ਹੈ।

### ਨਾਟਕੀ ਢੰਗ ਨਾਲ ਕੱਟੀ ਦਰਬਾਰੀ ਲਾਲ ਦੀ ਟਿਕਟ

**ਚੰਡੀਗੜ੍ਹ :** ਆਮ ਆਦਮੀ ਪਾਰਟੀ ਦੇ ਮੁੱਖ ਦਫ਼ਤਰ ਨੇ ਪ੍ਰੈੱਸ ਨੋਟ ਜਾਰੀ ਕਰਕੇ ਕਿਹਾ ਕਿ ਦਰਬਾਰੀ ਲਾਲ ਦੀ ਟਿਕਟ ਉਨ੍ਹਾਂ ਦੀ ਸਿਹਤ ਖ਼ਰਾਬ ਹੋਣ ਕਾਰਨ ਕੱਟੀ ਗਈ ਹੈ। ਫਿਰ ਪਾਰਟੀ ਦੇ ਮੁੱਖ ਦਫ਼ਤਰ ਨੇ 37 ਮਿੰਟਾਂ ਬਾਅਦ ਦੂਸਰਾ ਪ੍ਰੈਸ ਨੋਟ ਜਾਰੀ ਕਰਕੇ ਕਿਹਾ ਕਿ ਦਰਬਾਰੀ ਲਾਲ ਦੀ ਟਿਕਟ ਉਨ੍ਹਾਂ ਦੇ ਬਿਮਾਰ ਹੋਣ ਕਾਰਨ ਨਹੀਂ ਸਗੋਂ ਉਨ੍ਹਾਂ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਕੱਟੀ ਗਈ ਹੈ।

### ਅੰਮ੍ਰਿਤਸਰ ਲੋਕ ਸਭਾ ਲਈ ਉਪਕਾਰ ਸਿੰਘ ਸੰਧੂ 'ਆਪ' ਦੇ ਉਮੀਦਵਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਲੋਕ ਸਭਾ ਸੀਟ ਲਈ ਉਪਕਾਰ ਸਿੰਘ ਸੰਧੂ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਇਸ ਸਬੰਧੀ ਜਾਣਕਾਰੀ 'ਆਪ' ਦੇ ਪੰਜਾਬ ਕਨਵੀਨਰ ਸ. ਗੁਰਪ੍ਰੀਤ ਸਿੰਘ ਵੜੈਚ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਦੇ 2 ਵਾਰ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਤੇ ਪੇਡਾ ਦੇ ਚੇਅਰਮੈਨ ਰਹੇ ਉਪਕਾਰ ਸਿੰਘ ਸੰਧੂ ਨੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਅਕਤੂਬਰ 2015 ਵਿਚ ਅਕਾਲੀ ਦਲ ਛੱਡ ਦਿੱਤਾ ਸੀ। 'ਆਪ' ਆਗੂ ਨੇ ਕਿਹਾ ਕਿ ਸੰਧੂ ਅਕਾਲੀ-ਭਾਜਪਾ ਸਰਕਾਰ ਦਾ ਹਿੱਸਾ ਹੁੰਦੇ ਹੋਏ ਵੀ ਭ੍ਰਿਸ਼ਟਾਚਾਰ ਤੇ ਬੇਨਿਯਮੀਆਂ ਖਿਲਾਫ ਆਵਾਜ਼ ਉਠਾਉਂਦੇ ਰਹੇ ਹਨ।

## ਮਨਪ੍ਰੀਤ ਨੂੰ ਹਰਾਉਣ ਲਈ ਹਰਸਿਮਰਤ ਬਾਦਲ ਨੇ ਬਠਿੰਡਾ 'ਚ ਲਾਏ ਡੇਰੇ

**ਬਠਿੰਡਾ/ਬਿਊਰੋ ਨਿਊਜ਼ :** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ (ਸ਼ਹਿਰੀ) ਤੋਂ ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਨੂੰ ਹਰਾਉਣ ਲਈ ਬਠਿੰਡਾ ਵਿੱਚ ਡੇਰੇ ਲਾ ਲਏ ਹਨ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਨੇ ਇਸ ਸੀਟ ਨੂੰ ਵੱਕਾਰ ਦਾ ਸਵਾਲ ਬਣਾ ਲਿਆ ਹੈ। ਸੁਖਬੀਰ, ਮਨਪ੍ਰੀਤ ਤੋਂ 17 ਦਿਨ ਵੱਡੇ ਹਨ। ਹੁਣ ਇਸ ਹਲਕੇ ਦੀ ਕਮਾਂਡ ਹਰਸਿਮਰਤ ਨੇ ਆਪਣੇ ਹੱਥਾਂ ਵਿੱਚ ਲੈ ਲਈ ਹੈ। ਦੋ ਦਿਨਾਂ ਤੋਂ ਉਨ੍ਹਾਂ ਰੁੱਸੇ ਆਗੂਆਂ ਦੇ ਘਰਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਹੈ। ਉਹ ਚੋਣ ਪ੍ਰਚਾਰ ਲਈ ਅਕਾਲੀ ਉਮੀਦਵਾਰ ਸਰੂਪ ਚੰਦ ਸਿੰਗਲਾ ਨੂੰ ਵੀ ਨਾਲ ਨਹੀਂ ਤੋਰ ਰਹੇ। ਹਰਸਿਮਰਤ ਨੂੰ ਲੋਕ ਸਭਾ ਚੋਣਾਂ ਵਿੱਚ ਬਠਿੰਡਾ ਸ਼ਹਿਰੀ ਹਲਕੇ ਤੋਂ ਮਨਪ੍ਰੀਤ ਬਾਦਲ ਵੱਲੋਂ ਲਈ 30 ਹਜ਼ਾਰ ਦੀ ਲੀਡ ਭੁੱਲੀ ਨਹੀਂ।



ਉਨ੍ਹਾਂ ਸ਼ਹਿਰ ਦੇ ਇਕ ਹੋਟਲ ਵਿੱਚ ਦਰਬਾਰ ਲਾਇਆ, ਜਿਸ ਵਿੱਚ ਸ਼ਹਿਰ ਦੇ ਜਿੱਤੇ ਅਤੇ ਹਾਰੇ ਨਗਰ ਕੌਂਸਲਰਾਂ ਤੋਂ ਇਲਾਵਾ ਰੁੱਸੇ ਅਕਾਲੀ ਆਗੂਆਂ ਨੂੰ ਸੱਦਿਆ। ਸੂਤਰ ਦੱਸਦੇ ਹਨ ਕਿ ਹਰਸਿਮਰਤ ਬਾਦਲ ਨੇ ਹਰ ਆਗੂ ਨੂੰ ਆਖਿਆ ਕਿ "ਬੀਤੇ ਨੂੰ ਭੁੱਲ ਜਾਓ, ਭਵਿੱਖ ਵਿੱਚ ਕੋਈ ਮੌਕਾ ਨਹੀਂ ਮਿਲੇਗਾ।" ਸ਼ਹਿਰ ਦੇ ਲਾਈਨੋਂ ਪਾਰ ਇਲਾਕੇ ਵਿੱਚ ਕੇਂਦਰੀ ਮੰਤਰੀ ਕਈ ਆਗੂਆਂ ਦੇ ਘਰਾਂ ਵਿੱਚ ਗਏ। ਭਾਜਪਾ ਆਗੂਆਂ ਨਾਲ ਵੱਖਰੀ ਮੀਟਿੰਗ ਕਰ ਕੇ ਨਾਲ ਤੋਰਿਆ। ਉਹ ਇਕ ਭਾਜਪਾ ਆਗੂ ਦੇ ਘਰ ਵੀ ਲੋਹੜੀ ਸਮਾਗਮ 'ਤੇ ਗਏ। ਸ਼ਹਿਰ ਦੀਆਂ ਮਹਿਲਾ ਆਗੂਆਂ ਨਾਲ ਮੀਟਿੰਗ ਕੀਤੀ। ਅਕਾਲੀ ਉਮੀਦਵਾਰ ਸਰੂਪ ਸਿੰਗਲਾ ਦਾ ਕਹਿਣਾ ਹੈ ਕਿ ਉਨ੍ਹਾਂ ਬਾਦਲ ਪਰਿਵਾਰ ਤੋਂ ਇਹ ਸੀਟ ਜਿੱਤਣ ਲਈ ਪੂਰੀ ਹਮਾਇਤ ਮੰਗੀ ਹੈ ਅਤੇ ਹਰਸਿਮਰਤ ਬਾਦਲ ਨਾਲ ਉਹ ਇਸ ਕਰ ਕੇ ਚੋਣ ਪ੍ਰਚਾਰ ਵਿੱਚ ਨਹੀਂ ਗਏ ਕਿਉਂਕਿ ਉਨ੍ਹਾਂ ਦੇ ਵੱਖਰੇ ਚੋਣ ਪ੍ਰੋਗਰਾਮ ਸਨ। ਦੂਜੇ ਪਾਸੇ ਮਨਪ੍ਰੀਤ ਬਾਦਲ ਦਾ ਪੂਰਾ ਪਰਿਵਾਰ ਪਤਨੀ ਵੀਨੂੰ ਬਾਦਲ, ਪਿਤਾ ਗੁਰਦਾਸ ਬਾਦਲ, ਲੜਕਾ ਅਰਜਨ ਅਤੇ ਲੜਕੀ ਰੀਆ ਬਾਦਲ ਸ਼ਹਿਰ ਵਿੱਚ ਦਿਨ ਰਾਤ ਪ੍ਰਚਾਰ ਵਿੱਚ ਜੁਟੇ ਹੋਏ ਹਨ।

## ਹਰਸਿਮਰਤ ਕੌਰ ਬਾਦਲ ਦਾ ਦੋਸ਼ : ਖਾੜਕੂ ਭੇਜ ਰਹੇ ਨੇ 'ਆਪ' ਨੂੰ ਫੰਡ

**ਬਠਿੰਡਾ/ਬਿਊਰੋ ਨਿਊਜ਼ :** ਹਰਸਿਮਰਤ ਕੌਰ ਬਾਦਲ ਨੇ ਆਮ ਆਦਮੀ ਪਾਰਟੀ 'ਤੇ ਤਿੱਖਾ ਹੱਲਾ ਬੋਲਦੇ ਹੋਏ ਆਖਿਆ ਕਿ ਖਾੜਕੂਆਂ ਵੱਲੋਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਖ਼ਾਤਰ 'ਆਪ' ਨੂੰ ਫੰਡ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੱਟੜ ਧਿਰਾਂ ਤੇ 'ਆਪ' ਵੱਲੋਂ ਗੁਪਤ ਰਣਨੀਤੀ ਘੜੀ ਗਈ ਹੈ, ਜਿਸ ਵਿੱਚ ਅਕਾਲੀ ਉਮੀਦਵਾਰਾਂ 'ਤੇ ਹਮਲੇ ਕਰਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ 'ਤੇ ਹਮਲਾ ਕਰਾਉਣਾ ਵੀ 'ਆਪ' ਤੇ ਗਰਮਖਿਆਲੀ ਧਿਰਾਂ ਦੀ ਅਗਾਊਂ ਯੋਜਨਾ ਦਾ ਹਿੱਸਾ ਸੀ। ਉਨ੍ਹਾਂ ਆਖਿਆ ਕਿ 'ਆਪ' ਦੇ ਅਰਵਿੰਦ ਕੇਜਰੀਵਾਲ ਅਤੇ ਜਰਨੈਲ ਸਿੰਘ ਇਨ੍ਹਾਂ ਗਰਮਖਿਆਲੀ ਧਿਰਾਂ ਨਾਲ ਕਈ ਮੀਟਿੰਗਾਂ ਕਰ ਚੁੱਕੇ ਹਨ। ਹਰਸਿਮਰਤ ਬਾਦਲ ਨੇ ਬਠਿੰਡਾ (ਦਿਹਾਤੀ) ਤੋਂ ਅਕਾਲੀ ਉਮੀਦਵਾਰ ਅਮਿਤ ਰਤਨ ਦੀ ਚੋਣ ਮੁਹਿੰਮ ਦਾ ਆਗਾਜ਼ ਕੀਤਾ। ਕੇਂਦਰੀ ਮੰਤਰੀ ਨੇ ਆਖਿਆ ਕਿ ਪਾਕਿਸਤਾਨ ਦੀ ਆਈਐਸਆਈ ਵੱਲੋਂ ਦਹਿਸ਼ਤ ਫੈਲਾਉਣ ਲਈ ਵਿਦੇਸ਼ਾਂ ਵਿੱਚ ਬੈਠੇ ਖ਼ਾਲਿਸਤਾਨ ਪੱਖੀਆਂ ਨੂੰ ਫੰਡ ਦਿੱਤੇ ਜਾ ਰਹੇ ਹਨ, ਜੋ ਅੱਗੇ ਇਹੋ ਫੰਡ 'ਆਪ' ਨੂੰ ਭੇਜ ਰਹੇ ਹਨ ਤੇ 'ਆਪ' ਦੇ ਆਗੂ ਪੰਜਾਬ ਵਿੱਚ ਹਿੰਸਾ ਭੜਕਾ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਬੁਢਲਾਡਾ ਵਿੱਚ ਕੋਈ ਭੜਕਾਊ ਟਿੱਪਣੀ ਨਹੀਂ ਕੀਤੀ ਸੀ। ਕੇਂਦਰੀ ਮੰਤਰੀ ਨੇ ਇਨ੍ਹਾਂ ਚੋਣਾਂ ਵਿੱਚ ਕਿਸੇ ਵੀ ਧਿਰ ਨੂੰ ਸਪਸ਼ਟ ਬਹੁਮਤ ਨਾ ਮਿਲਣ ਤੋਂ ਇਨਕਾਰ ਕਰਦੇ ਹੋਏ ਆਖਿਆ ਕਿ ਐਤਕੀਂ ਅਕਾਲੀ ਦਲ 2012 ਤੋਂ ਵੀ ਚੰਗੀ ਲੀਡ ਲਵੇਗਾ। ਕੇਂਦਰੀ ਮੰਤਰੀ ਨੇ ਆਖਿਆ ਕਿ 'ਆਪ' ਇਸ ਵੇਲੇ ਕਾਂਗਰਸ ਦੀ 'ਬੀ' ਟੀਮ ਹੈ। ਇਸ ਕਰਕੇ ਕੈਪਟਨ ਅਮਰਿੰਦਰ ਅਤੇ ਬੀਬੀ ਭੱਠਲ ਖ਼ਿਲਾਫ਼ 'ਆਪ' ਨੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ ਹਨ। ਕਾਂਗਰਸ ਨੇ ਹੀ ਉਨ੍ਹਾਂ ਦੇ ਘਰ ਵਿੱਚ ਫੁੱਟ ਪਾ ਕੇ ਮਨਪ੍ਰੀਤ ਨੂੰ ਪੀਪੀਪੀ ਬਣਵਾ ਕੇ ਖੜ੍ਹਾ ਕੀਤਾ ਸੀ ਅਤੇ ਇਵੇਂ ਹੀ ਦਿੱਲੀ ਵਿੱਚ ਭਾਜਪਾ ਦੇ ਰਾਹ ਰੋਕਣ ਖ਼ਾਤਰ ਕੇਜਰੀਵਾਲ ਨੂੰ ਖੜ੍ਹਾ ਕੀਤਾ ਸੀ। ਕੇਂਦਰੀ ਮੰਤਰੀ ਨੇ ਭਗਵੰਤ ਮਾਨ ਨੂੰ ਜੋਕਰ ਦੱਸਦਿਆਂ ਕਿਹਾ ਕਿ ਉਨ੍ਹਾਂ ਵਿੱਚ ਸੰਜੀਦਾ ਸਿਆਸਤਦਾਨ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਆਖਿਆ ਕਿ ਮਨਪ੍ਰੀਤ ਬਾਦਲ ਬੌਖਲਾਹਟ ਵਿੱਚ ਉਨ੍ਹਾਂ ਦੇ ਪਰਿਵਾਰ 'ਤੇ ਨਿੱਜੀ ਹਮਲੇ ਕਰ ਰਿਹਾ ਹੈ। ਹਰਸਿਮਰਤ ਨੇ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਅਕਾਲੀ ਵਰਕਰਾਂ ਨੂੰ ਆਪਸੀ ਗਿਲੇ-ਸ਼ਿਕਵੇ ਭੁਲਾ ਕੇ 'ਆਪ' ਦੇ ਵਾਲੰਟੀਅਰਾਂ ਵਾਂਗ ਕੰਮ ਕਰਨ ਦੀ ਨਸੀਹਤ ਦਿੱਤੀ। ਉਨ੍ਹਾਂ ਕੈਪਟਨ ਅਮਰਿੰਦਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਕਾਂਗਰਸ ਕਰਜ਼ਾ ਮੁਆਫ਼ੀ ਦੇ ਫਾਰਮ ਭਰਵਾ ਕੇ ਕਿਸਾਨਾਂ ਨੂੰ ਮੂਰਖ ਬਣਾ ਰਹੀ ਹੈ। ਇਸ ਮੌਕੇ ਅਕਾਲੀ ਉਮੀਦਵਾਰ ਅਮਿਤ ਰਤਨ ਨੇ ਵੀ ਸੰਬੋਧਨ ਕੀਤਾ।

## ਕੁੰਡੀ ਕੁਨੈਕਸ਼ਨ ਨਾਲ ਚੱਲ ਰਹੇ ਮਾਈਕ 'ਤੇ ਮਾਨ ਦਾ ਭ੍ਰਿਸ਼ਟਾਚਾਰ ਮੁਕਤ ਪੰਜਾਬ ਦਾ ਭਾਸ਼ਣ

### *ਚਮਕੌਰ ਸਾਹਿਬ 'ਚ ਚੋਰੀ ਦੀ ਬਿਜਲੀ ਨਾਲ ਚਲੀ 'ਆਪ' ਦੀ ਰੈਲੀ, ਟਰਾਂਸਫਾਰਮਰ ਤੋਂ ਪਾਈ ਸੀ ਕੁੰਡੀ*

**ਖਰੜ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੀ ਰੈਲੀ 'ਚ ਸੰਗਰੂਰ ਤੋਂ ਸੰਸਦ ਮੈਂਬਰ ਅਤੇ ਸਟਾਰ ਪ੍ਰਚਾਰਕ ਭਗਵੰਤ ਮਾਨ ਨੇ ਬਿਜਲੀ ਚੋਰੀ ਨਾਲ ਚੱਲ ਰਹੇ ਮਾਈਕ ਤੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਭਾਸ਼ਣ ਦਿੱਤਾ। ਬਾਦਲ ਅਤੇ ਕੈਪਟਨ ਵਿਰੁੱਧ ਵੀ ਰੱਜ ਕੇ ਬਿਆਨਬਾਜ਼ੀ ਕੀਤੀ।

ਸ੍ਰੀ ਚਮਕੌਰ ਸਾਹਿਬ ਦੇ ਪਿੰਡ ਘੜੂੰਆਂ ਦੇ ਖੇਡ ਮੈਦਾਨ ਵਿਚ ਹੋਈ ਰੈਲੀ ਵਿੱਚ ਨਜ਼ਦੀਕ ਖੇਤਾਂ 'ਚ ਲੱਗੇ ਟਰਾਂਸਫਾਰਮਰ ਤੋਂ ਬਿਜਲੀ ਚੋਰੀ ਕੀਤੀ ਗਈ, ਪਰ ਇਸ ਦਾ ਪਤਾ ਪਾਵਰਕਾਮ ਦੇ ਅਧਿਕਾਰੀਆਂ ਨੂੰ ਨਹੀਂ ਲੱਗਿਆ। ਪੂਰੀ ਰੈਲੀ ਚੋਰੀ ਦੀ ਬਿਜਲੀ ਨਾਲ ਚਲੀ।

ਮਾਨ ਨੇ ਆਪਣੇ ਭਾਸ਼ਣ 'ਚ ਲੋਕਾਂ ਨੂੰ ਕਿਹਾ ਕਿ ਬਾਦਲ ਅਤੇ ਕੈਪਟਨ ਲੁਟੇਰੇ ਹਨ। ਇਨ੍ਹਾਂ ਨੂੰ ਪੰਜਾਬ ਵਿਚੋਂ ਭੱਜਣ ਪਵੇਗਾ। ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਜਿਸ ਮਾਈਕ ਤੋਂ ਉਹ ਬੋਲ ਰਹੇ ਹਨ, ਉਹ ਚੋਰੀ ਦੀ ਬਿਜਲੀ ਨਾਲ ਚੱਲ ਰਿਹਾ ਹੈ। ਰੈਲੀ ਚਮਕੌਰ ਸਾਹਿਬ ਤੋਂ 'ਆਪ' ਦੇ ਉਮੀਦਵਾਰ ਡਾ. ਚਰਨਜੀਤ ਸਿੰਘ ਵੱਲੋਂ ਰੱਖੀ ਗਈ ਸੀ। ਰਿਟਰਨਿੰਗ ਅਫਸਰ ਨਵਨੀਤ ਕੌਰ ਨੇ ਕਿਹਾ ਕਿ ਸਬੰਧਤ ਟੀਮ ਨੂੰ ਭੇਜ ਕੇ ਜਾਂਚ ਕਰਵਾਈ ਜਾਵੇਗੀ।



### 'ਆਪ' ਵਿਰੁੱਧ ਮਾਮਲਾ ਦਰਜ ਕਰਵਾਇਆ ਜਾਵੇਗਾ : ਐਸ.ਡੀ.ਓ.

ਪਾਵਰਕਾਮ ਦੇ ਐਸ.ਡੀ.ਓ. ਓਂਕਾਰ ਸਿੰਘ ਨੇ ਕਿ ਬਿਜਲੀ ਚੋਰੀ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਜੇ ਬਿਜਲੀ ਚੋਰੀ ਕੀਤੀ ਗਈ ਹੈ ਤਾਂ ਰੈਲੀ ਕਰਨ ਵਾਲਿਆਂ ਵਿਰੁਧ ਇਲੈਕਟ੍ਰਿਸਿਟੀ ਐਕਟ ਤਹਿਤ ਕਾਰਵਾਈ ਕੀਤੀ ਜਾਵੇਗੀ ਅਤੇ ਚੋਣ ਕਮੀਸ਼ਨ ਨੂੰ ਸ਼ਿਕਾਇਤ ਕਰ ਕੇ ਮਾਮਲਾ ਦਰਜ ਕਰਵਾਇਆ ਜਾਵੇਗਾ।

### ਦਲਿਤਾਂ ਲਈ ਸਕੀਮ ਦੇ ਫਾਰਮ ਵੰਡੇ, ਉਹ ਵੀ ਬਿਨਾਂ ਨੰਬਰ ਵਾਲੇ :

ਇਹੀ ਨਹੀਂ ਰੈਲੀ 'ਚ ਲੋਕਾਂ ਨੂੰ ਭਰਮਾਉਣ ਲਈ ਸਟਾਲ ਲਗਾ ਕੇ ਫਾਰਮ ਵੀ ਵੰਡੇ ਗਏ। ਦਲਿਤ ਪਰਿਵਾਰਾਂ ਲਈ ਪੱਕਾ ਮਕਾਨ ਯੋਜਨਾ, ਮੁਫ਼ਤ ਗੈਸ ਕੁਨੈਕਸ਼ਨ ਅਤੇ ਮੁਫ਼ਤ 400 ਯੂਨਿਟ ਬਿਜਲੀ ਯੋਜਨਾ ਦਾ ਜ਼ਿਕਰ ਸੀ। ਹੈਰਾਨੀ ਇਹ ਹੈ ਕਿ ਇਨ੍ਹਾਂ ਫਾਰਮਾਂ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਸੀਰੀਅਲ ਨੰਬਰ ਨਹੀਂ ਸੀ, ਜਦਕਿ ਚੋਣ ਕਮਿਸ਼ਨ ਵਲੋਂ ਇਨ੍ਹਾਂ ਗੱਲਾਂ 'ਤੇ ਪਾਬੰਦੀ ਹੈ। ਇਸ ਬਾਰੇ ਹਲਕਾ ਸ੍ਰੀ ਚਮਕੌਰ ਸਾਹਿਬ ਦੀ

## ਧਮਕੀ ਦੇਣ ਦੇ ਮਾਮਲੇ ਵਿਚ ਕਮਿਸ਼ਨ ਨੇ ਹਰਸਿਮਰਤ ਬਾਦਲ ਨੂੰ ਦਿੱਤਾ ਨੋਟਿਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣ ਕਮਿਸ਼ਨ ਨੇ ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸ੍ਰੀਮਤੀ ਬਾਦਲ 'ਤੇ ਤਿੰਨ ਦਿਨ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਖ਼ਿਲਾਫ਼ ਧਮਕੀ ਭਰੀ ਬਿਆਨਬਾਜ਼ੀ ਕਰਨ ਦੇ ਦੋਸ਼ ਹਨ। ਇਸ ਸਬੰਧੀ 'ਆਪ' ਨੇ ਚੋਣ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਕੀਤੀ ਸੀ। ਚੋਣ ਕਮਿਸ਼ਨ ਕੋਲ ਸ੍ਰੀਮਤੀ ਬਾਦਲ ਦੇ ਬਿਆਨ ਵਾਲੀ ਸੀਡੀ ਵੀ ਪਹੁੰਚ ਗਈ ਹੈ। ਰਾਜ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਨੋਟਿਸ ਦਿੱਤੇ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਸੰਸਦ ਮੈਂਬਰ ਤੇ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਉਮੀਦਵਾਰ ਭਗਵੰਤ ਮਾਨ ਨੂੰ ਵੀ ਨੋਟਿਸ ਜਾਰੀ ਕੀਤਾ ਜਾ ਰਿਹਾ ਹੈ। ਅਕਾਲੀ ਦਲ ਨੇ ਵੀ ਸ੍ਰੀ ਮਾਨ 'ਤੇ ਭੜਕਾਊ ਬਿਆਨਬਾਜ਼ੀ ਕਰਨ ਅਤੇ ਲੋਕਾਂ ਨੂੰ ਵਿਰੋਧੀ ਪਾਰਟੀਆਂ ਦੇ ਆਗੂਆਂ 'ਤੇ ਹਮਲੇ ਕਰਨ ਲਈ ਉਕਸਾਉਣ ਦੇ ਦੋਸ਼ ਲਾਏ ਸਨ। ਕੇਂਦਰੀ ਮੰਤਰੀ ਸ੍ਰੀਮਤੀ ਬਾਦਲ ਦੀ ਬਿਆਨਬਾਜ਼ੀ ਦਾ ਮਾਮਲਾ ਤਾਂ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੇ ਵੀ ਆਪਣੇ ਧਿਆਨ ਵਿਚ ਹੋਣ ਦੀ ਗੱਲ ਕਹੀ ਸੀ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ੍ਰੀਮਤੀ ਬਾਦਲ ਦਾ ਜਵਾਬ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਸ੍ਰੀਮਤੀ ਬਾਦਲ ਵੱਲੋਂ ਮੀਡੀਆ ਵਿੱਚ ਦਿੱਤਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਕਮਿਸ਼ਨ ਨੇ ਬਾਦਲਾਂ ਦੀ ਮਾਲਕੀ ਵਾਲੇ ਚੰਡੀਗੜ੍ਹ ਨਜ਼ਦੀਕ ਖੁੱਲ੍ਹੇ ਸੱਤ-ਤਾਰਾ ਹੋਟਲ ਸੁਖ ਵਿਲਾਸ ਦੇ ਮਾਮਲੇ 'ਤੇ ਵੀ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੋਇਆ ਹੈ।

ਇਸੇ ਦੌਰਾਨ ਚੋਣ ਕਮਿਸ਼ਨ ਨੇ ਰਾਜ ਦੇ ਤਿੰਨ ਜ਼ਿਲ੍ਹਾ ਪੁਲੀਸ ਮੁਖੀਆਂ- ਹਰਚਰਨ ਸਿੰਘ ਭੁੱਲਰ (ਹੁਸ਼ਿਆਰਪੁਰ), ਸੁਖਮਿੰਦਰ ਸਿੰਘ ਮਾਨ (ਜਲੰਧਰ- ਦਿਹਾਤੀ) ਅਤੇ ਜਸਪ੍ਰੀਤ ਸਿੰਘ ਸੈਣੀ (ਗੁਰਦਾਸਪੁਰ) 'ਤੇ ਵੀ ਕਰੜੀ ਨਜ਼ਰ ਰੱਖਣ ਦੀ ਹਦਾਇਤ ਦਿੱਤੀ ਹੈ। ਇਨ੍ਹਾਂ ਪੁਲੀਸ ਅਧਿਕਾਰੀਆਂ 'ਤੇ ਹਾਕਮ ਧਿਰ ਦੇ ਉਮੀਦਵਾਰਾਂ ਦੀ ਮਦਦ ਕਰਨ ਅਤੇ ਅਕਾਲੀਆਂ ਨਾਲ ਸਬੰਧ ਹੋਣ ਦੇ ਦੋਸ਼ ਹਨ। ਚੋਣ ਕਮਿਸ਼ਨ ਵੱਲੋਂ ਇਨ੍ਹਾਂ ਜ਼ਿਲ੍ਹਾ ਪੁਲੀਸ ਮੁਖੀਆਂ ਦੇ ਕੰਮ ਦੀ ਸਮੀਖਿਆ ਕੀਤੀ ਜਾ ਰਹੀ ਹੈ। ਲੁਧਿਆਣਾ ਦੇ ਪੁਲੀਸ ਕਮਿਸ਼ਨਰ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੰਭੀਰ ਸ਼ਿਕਾਇਤ ਆਉਣ 'ਤੇ ਕਿਸੇ ਵੀ ਡੀਸੀ ਜਾਂ ਐਸਐਸਪੀ ਦਾ ਤਬਾਦਲਾ ਕੀਤਾ ਜਾ ਸਕਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਵੱਲੋਂ ਡੀਐਸਪੀ ਪੱਧਰ ਦੇ ਕੁਝ 'ਪਸੰਦੀਦਾ' ਅਫ਼ਸਰਾਂ ਦੀਆਂ ਤਾਇਨਾਤੀਆਂ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਮਿਸ਼ਨ ਵੱਲੋਂ ਡੀਐਸਪੀ ਪੱਧਰ ਦੇ ਅਫ਼ਸਰਾਂ ਦੀਆਂ ਤਾਇਨਾਤੀਆਂ ਵਿੱਚ ਵੀ ਸਰਕਾਰ

ਬਾਕੀ ਸਫ਼ਾ 33 'ਤੇ




# ਜਥੇਦਾਰ ਅਮਰੀਕ ਸਿੰਘ ਅਜਨਾਲਾ ਦੇ ਭਰਾ ਨੇ ਬਾਦਲ ਵੱਲ ਸੁੱਟੀ ਜੁੱਤੀ, ਕਿਹਾ : ਬੇਅਦਬੀ ਦਾ ਲਿਆ ਬਦਲਾ

## *ਸੁਖਬੀਰ ਬੋਲੇ - 'ਆਪ' ਨੇ ਕਰਵਾਇਆ ਹਮਲਾ, ਸ਼ਰਾਫਤ ਨੂੰ ਕਮਜ਼ੋਰੀ ਨਾ ਸਮਝਣ ਟੋਪੀ ਵਾਲੇ*

**ਮੁਕਤਸਰ/ਬਿਊਰੋ ਨਿਊਜ਼ :** ਆਪਣੇ ਹੀ ਹਲਕੇ ਲੰਬੀ ਦੇ ਪਿੰਡ ਛੋਟਾ ਰੱਤਾਖੇੜਾ ਵਿਚ ਚੋਣ ਸਭਾ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਸਿੱਖ ਵਿਅਕਤੀ ਗੁਰਬਚਨ ਸਿੰਘ ਨੇ ਜੁੱਤੀ ਮਾਰੀ। ਮੁੱਖ ਮੰਤਰੀ ਦੀ ਸੁਰੱਖਿਆ ਲਈ ਬਣੀ ਡੀ ਵਿਚ ਖੜ੍ਹੇ ਕਾਂਸਟੇਬਲ ਨੇ ਹੱਥ ਅੱਗੇ ਕੀਤਾ ਤਾਂ ਜੁੱਤੀ ਉਸ ਨਾਲ ਟਕਰਾ ਕੇ ਬਾਦਲ ਦੇ ਮੂੰਹ 'ਤੇ ਵੱਜੀ। ਸੁਰੱਖਿਆ ਮੁਲਾਜ਼ਮਾਂ ਨੇ ਤੁਰੰਤ ਬਾਦਲ ਨੂੰ ਘੇਰੇ 'ਚ ਲੈ ਲਿਆ ਅਤੇ ਹਮਲਾਵਰ ਨੂੰ ਕਾਬੂ ਕਰ ਥਾਣੇ ਲੈ ਗਏ। ਗੁਰਬਚਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ। ਨਾਲ ਹੀ ਮੁਲਜ਼ਮਾਂ ਦੇ ਨਾ ਫੜੇ ਜਾਣ ਲਈ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਗੁਰਬਚਨ ਸਰਬਤ ਖਾਲਸਾ ਵੱਲੋਂ ਬਣਾਏ ਗਏ ਜਥੇਦਾਰ ਅਮਰੀਕ ਸਿੰਘ ਅਜਨਾਲਾ ਦਾ ਭਰਾ ਹੈ। ਕਬਰਵਾਲਾ ਪੁਲੀਸ ਨੇ ਹੈੱਡ ਕਾਂਸਟੇਬਲ ਦਪਿੰਦਰ ਸਿੰਘ ਦੇ ਬਿਆਨ 'ਤੇ ਗੁਰਬਚਨ ਸਿੰਘ 'ਤੇ ਕੇਸ ਦਰਜ ਕਰ ਲਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਹਮਲਾ ਆਮ ਆਦਮੀ ਪਾਰਟੀ ਦੀ ਕਰਤੂਤ ਹੈ। ਉਹ ਲੋਕ ਸਾਡੀ ਸ਼ਰਾਫਤ ਨੂੰ ਕਮਜ਼ੋਰੀ ਨਾ ਸਮਝਣ। ਕੁਝ ਦਿਨ ਪਹਿਲਾਂ ਸੁਖਬੀਰ ਦੇ ਕਾਫਲੇ 'ਤੇ ਵੀ ਉਨ੍ਹਾਂ ਦੇ ਹਲਕੇ ਜਲਾਲਾਬਾਦ 'ਚ ਪੱਥਰਬਾਜ਼ੀ ਹੋਈ ਸੀ।



**ਗੁਰਬਚਨ ਸਿੰਘ ਦੀ ਧੀ ਬੋਲੀ : ਪਾਪਾ ਨੇ ਬੇਅਦਬੀ ਦਾ ਬਦਲਾ ਲਿਆ**

ਜੁੱਤੀ ਸੁੱਟਣ ਵਾਲੇ ਗੁਰਬਚਨ ਦੀ ਬੇਟੀ ਹਰਪ੍ਰੀਤ ਕੌਰ ਨੇ ਕਿਹਾ, "ਪਾਪਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਪ੍ਰੇਸ਼ਾਨ ਰਹਿੰਦੇ ਸਨ ਅਤੇ ਹਮੇਸ਼ਾ ਕਹਿੰਦੇ ਸਨ ਕਿ ਬੇਅਦਬੀ ਲਈ ਸਰਕਾਰ ਜ਼ਿੰਮੇਵਾਰ ਹੈ ਅਤੇ ਮੈਂ ਬੇਅਦਬੀ ਦਾ ਬਦਲਾ ਲੈਣਾ ਹੈ। ਮੈਨੂੰ ਪਾਪਾ ਦੇ ਕੰਮ 'ਤੇ ਅਫਸੋਸ ਨਹੀਂ, ਸਗੋਂ ਮਾਣ ਹੈ।

### ਹਰਸਿਮਰਤ ਦੀ ਧਮਕੀ : *ਇਕ ਇਸ਼ਾਰਾ ਕੀਤਾ ਤਾਂ 'ਆਪ' ਵਾਲੇ ਘਰੋਂ ਨਹੀਂ ਨਿਕਲ ਸਕਣਗੇ*

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੰਸਦ ਮੈਂਬਰ ਨੂੰਹ ਹਰਸਿਮਰਤ ਕੌਰ ਬਾਦਲ ਨੇ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੇ ਲੋਕਾਂ ਨੂੰ ਇਸ਼ਾਰਾ ਹੋ ਜਾਵੇ ਤਾਂ 'ਆਪ' ਦੇ ਨੇਤਾ ਘਰੋਂ ਬਾਹਰ ਨਹੀਂ ਨਿਕਲ ਸਕਣਗੇ। ਉਨ੍ਹਾਂ ਕਿਹਾ ਜਿਸ ਤਰ੍ਹਾਂ ਦੀਆਂ ਹਰਕਤਾਂ ਇਹ ਕਰ ਰਹੇ ਹਨ, ਬਾਦਲ ਸਾਹਿਬ ਨੇ ਵਰਕਰਾਂ ਨੂੰ ਡਾਂਗਾਂ ਚੁੱਕਣ ਲਈ ਕਹਿ ਦਿੱਤਾ ਤਾਂ ਇਨ੍ਹਾਂ ਦਾ ਕੀ ਹਾਲ ਹੋਵੇਗਾ, ਇਹ ਵੀ ਸੋਚਣਾ ਚਾਹੀਦਾ ਹੈ। 'ਆਪ' ਆਗੂਆਂ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੇਤਾ ਲੋਕਾਂ ਨੂੰ ਪੱਥਰ ਮਾਰਨ ਲਈ ਭੜਕਾ ਰਹੇ ਹਨ। ਅਜਿਹੇ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਜੋ ਲੋਕਾਂ ਨੂੰ ਗ਼ਲਤ ਕੰਮ ਕਰਨ ਲਈ ਭੜਕਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜ਼ਿੰਮੇਦਾਰ ਪਾਰਟੀ ਹੈ ਤੇ ਭਾਈਚਾਰਾ ਕਾਇਮ ਰੱਖੇਗੀ।



**ਕੇਜਰੀਵਾਲ ਦਾ ਟਵੀਟ- ਬਾਦਲ ਦੀ ਨੂੰਹ ਦੇ ਰਹੀ ਧਮਕੀ**

"ਬਾਦਲ ਦੀ ਨੂੰਹ ਖੁਲ੍ਹੇਆਮ ਜਾਨ ਤੋਂ ਮਾਰਨ ਦੀ ਧਮਕੀ ਦੇ ਰਹੀ ਹੈ। ਲੋਕ ਚੁੱਪ ਨਹੀਂ ਰਹਿਣਗੇ... । ਸਰਫ਼ਰੋਸ਼ੀ ਦੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।"

## ਗੁਰਬਚਨ ਸਿੰਘ ਦਾ ਦੋ ਦਿਨਾ ਪੁਲੀਸ ਰਿਮਾਂਡ

ਲੰਬੀ: ਗੁਰਬਚਨ ਸਿੰਘ ਨੂੰ ਦੋ ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਉਨ੍ਹਾਂ ਨੂੰ ਮਲੋਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲੀਸ ਨੇ ਘਟਨਾ ਦੀ ਪੂਰੀ ਪੜਤਾਲ ਲਈ ਮੁਲਜ਼ਮ ਦੇ ਪੁਲੀਸ ਰਿਮਾਂਡ ਦੀ ਮੰਗ ਕੀਤੀ। ਅਦਾਲਤ ਨੇ ਮੁਲਜ਼ਮ ਨੂੰ ਦੋ ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਮਲੋਟ ਦੇ ਡੀਐਸਪੀ ਸੁਲੱਖਣ ਸਿੰਘ ਨੇ ਕਿਹਾ ਕਿ ਮੁਲਜ਼ਮ ਗੁਰਬਚਨ ਸਿੰਘ ਨੂੰ 14 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪਿੰਡ ਰੱਤਾ ਖੇੜਾ (ਛੋਟਾ) ਵਿੱਚ ਤਖ਼ਤ ਕੇਸਗੜ੍ਹ ਸਾਹਿਬ ਦੇ ਭਰਾ ਗੁਰਬਚਨ ਸਿੰਘ ਨੇ ਚੋਣ ਜਲਸੇ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਜੁੱਤੀ ਸੁੱਟੀ ਦਿੱਤੀ। ਇਸ ਨਾਲ ਸ੍ਰੀ ਬਾਦਲ ਦੀ ਐਨਕ ਨੁਕਸਾਨੀ ਗਈ ਸੀ ਤੇ ਅੱਖ ਸੁੱਜ ਗਈ ਸੀ। ਕਬਰਵਾਲਾ ਪੁਲੀਸ ਨੇ ਗੁਰਬਚਨ ਸਿੰਘ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਸੀ।

ਗੁਰਬਚਨ ਸਿੰਘ ਪੂਰੀ ਤਿਆਰੀ ਨਾਲ ਮੋਟਰਸਾਈਕਲ 'ਤੇ ਆਪਣੇ ਪਿੰਡ ਤੋਂ ਛੋਟਾ ਰੱਤਾਖੇੜੀ 'ਚ ਮੁੱਖ ਮੰਤਰੀ ਦੀ ਸਭਾ 'ਚ ਗਿਆ। ਗੁਰਬਚਨ ਅਮਰੀਕ ਸਿੰਘ ਅਜਨਾਲਾ ਦਾ ਭਰਾ ਹੈ। ਅਮਰੀਕ 'ਤੇ 6-7 ਮਾਮਲੇ ਦਰਜ ਹਨ। ਇਸ ਲਈ ਅਸੀਂ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ ਕਿ ਇਸ ਪਿੱਛੇ ਕੌਣ ਹੈ।

**- ਧਰੁਮਨ ਨਿੰਬਲੇ, ਐਸ.ਐਸ.ਪੀ. ਮੁਕਤਸਰ**

ਇਹ ਘਟਨਾ ਸਾਬਤ ਕਰਦੀ ਹੈ ਕਿ ਵਿਰੋਧੀ ਹਾਰ ਗਏ ਹਨ ਅਤੇ ਨਿਰਪੱਖ ਚੋਣ ਦੀਆਂ ਸੰਭਾਵਨਾਵਾਂ ਖਤਮ ਕਰਨਾ ਚਾਹੁੰਦੇ ਹਨ। ਸੂਬੇ ਦਾ ਫਾਦਰ ਫਿਗਰ ਹੋਣ ਕਾਰਨ ਮੈਂ ਪੰਜਾਬ ਦੇ ਵਿਕਾਸ ਅਤੇ ਖ਼ੁਸ਼ਹਾਲੀ ਲਈ ਸ਼ਾਂਤੀ ਅਤੇ ਅਮਨ ਦੇ ਰਸਤੇ 'ਤੇ ਚਲਦਾ ਰਹਾਂਗਾ।

**- ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ**

## ਭਾਈ ਬਲਬੀਰ ਕਰਨਗੇ ਜਰਨੈਲ ਸਿੰਘ ਦੀ ਹਮਾਇਤ

**ਅੰਮ੍ਰਿਤਸਰ/ਬਿਊਰੋ ਨਿਊਜ਼**

ਹਲਕਾ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਚੋਣ ਲੜਣ ਦੇ ਇੱਛੁਕ ਭਾਈ ਬਲਬੀਰ ਸਿੰਘ ਅਰਦਾਸੀਆ ਨੇ ਮਨ ਬਦਲ ਲਿਆ ਹੈ ਅਤੇ ਹੁਣ ਹਲਕਾ ਲੰਬੀ ਤੋਂ ਚੋਣ ਲੜ ਰਹੇ 'ਆਪ' ਉਮੀਦਵਾਰ ਜਰਨੈਲ ਸਿੰਘ ਨੂੰ ਸਮਰਥਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਖ਼ੁਲਾਸਾ ਭਾਈ ਬਲਬੀਰ ਸਿੰਘ ਨੇ ਖ਼ੁਦ ਕੀਤਾ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਸੱਤਾ ਦੀ ਲਾਲਸਾ ਨਹੀਂ ਹੈ। ਉਹ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਦੀ ਲੜੀ ਵਜੋਂ ਹੀ ਇਹ ਚੋਣ ਲੜਣਾ ਚਾਹੁੰਦੇ ਸਨ। ਉਨ੍ਹਾਂ ਆਖਿਆ ਕਿ ਉਹ ਜਰਨੈਲ ਸਿੰਘ ਨੂੰ ਸਮਰਥਨ ਦੇਣ ਲਈ ਹਲਕਾ ਲੰਬੀ ਵਿੱਚ ਜਾਣਗੇ ਅਤੇ ਉਨ੍ਹਾਂ ਵਾਸਤੇ ਚੋਣ ਪ੍ਰਚਾਰ ਕਰਨਗੇ।

## ਗੁਰਬਚਨ ਸਿੰਘ ਲੰਬੀ ਤੋਂ ਪੰਥਕ ਧਿਰਾਂ ਦੇ ਹੋਣਗੇ ਉਮੀਦਵਾਰ

**ਬਠਿੰਡਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਜੁੱਤੀ ਸੁੱਟਣ ਵਾਲੇ ਗੁਰਬਚਨ ਸਿੰਘ ਹਲਕਾ ਲੰਬੀ ਤੋਂ ਸਰਬੱਤ ਖ਼ਾਲਸਾ ਧਿਰਾਂ ਦੇ ਉਮੀਦਵਾਰ ਹੋਣਗੇ। ਗੁਰਬਚਨ ਸਿੰਘ ਨੇ ਚੋਣ ਲੜਨ 'ਤੇ ਸਹਿਮਤੀ ਦੇ ਦਿੱਤੀ ਹੈ। ਪੰਥਕ ਧਿਰਾਂ ਨੇ ਲੰਬੀ ਤੋਂ ਚੋਣ ਲੜ ਰਹੇ 'ਆਪ' ਉਮੀਦਵਾਰ ਜਰਨੈਲ ਸਿੰਘ ਅਤੇ ਕਾਂਗਰਸੀ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਖ਼ੁਦ ਚੋਣ ਮੈਦਾਨ ਵਿਚੋਂ ਹਟ ਜਾਣ ਅਤੇ ਗੁਰਬਚਨ ਸਿੰਘ ਦੀ ਹਮਾਇਤ ਕਰਨ। ਮੁਤਵਾਜ਼ੀ ਜਥੇਦਾਰਾਂ ਅਤੇ ਪੰਥਕ ਆਗੂਆਂ ਨੇ ਬਠਿੰਡਾ ਵਿੱਚ ਮੀਟਿੰਗ ਕਰਕੇ ਗੁਰਬਚਨ ਸਿੰਘ ਦੀ ਸਹਿਮਤੀ ਲੈਣ ਮਗਰੋਂ ਉਸ ਨੂੰ ਲੰਬੀ ਤੋਂ ਉਮੀਦਵਾਰ ਬਣਾਉਣ ਦਾ ਮਨ ਬਣਾ ਲਿਆ ਹੈ। ਪੰਥਕ ਧਿਰਾਂ ਤੇ ਮੁਤਵਾਜ਼ੀ ਜਥੇਦਾਰਾਂ ਤਰਫ਼ੋਂ ਭਾਈ ਗੁਰਦੀਪ ਸਿੰਘ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪਰਮਿੰਦਰ ਸਿੰਘ ਬਾਲਿਆਂ ਵਾਲੀ ਨੇ ਗੁਰਬਚਨ ਸਿੰਘ ਦੇ ਭਰਾ ਨਾਲ ਮੁਲਾਕਾਤ ਕੀਤੀ ਅਤੇ ਗੁਰਬਚਨ ਸਿੰਘ ਨੇ ਉਮੀਦਵਾਰ ਬਣਨ ਦੀ ਹਾਮੀ ਭਰੇ ਜਾਣ ਦੀ ਸੂਚਨਾ ਹੈ। ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਪਰਮਿੰਦਰ ਸਿੰਘ ਬਾਲਿਆਂ ਵਾਲੀ ਨੇ ਇੱਥੇ ਦੱਸਿਆ ਕਿ ਗੁਰਬਚਨ ਸਿੰਘ ਨੇ ਪੰਥ ਦਾ ਹਰ ਹੁਕਮ ਮੰਨਣ ਦੀ ਗੱਲ ਆਖੀ ਹੈ। ਇਸ ਮੌਕੇ ਆਗੂਆਂ ਨੇ ਆਖਿਆ ਕਿ ਗੁਰਬਚਨ ਸਿੰਘ ਨੇ ਪੰਜਾਬੀਆਂ ਦੇ ਰੋਸੇ ਦਾ ਪ੍ਰਗਟਾਵਾ ਕੀਤਾ ਹੈ, ਜਿਸ ਕਰਕੇ ਉਸ ਨੂੰ ਲੰਬੀ ਹਲਕੇ ਤੋਂ ਚੋਣ ਲੜਾਉਣ ਦਾ ਵਿਚਾਰ ਹੈ। ਮੀਟਿੰਗ ਵਿਚ ਕਾਫ਼ੀ ਲੰਮੀ ਵਿਚਾਰ ਚਰਚਾ ਹੋਈ ਹੈ। ਇਸ ਚਰਚਾ ਮਗਰੋਂ ਹੀ ਵਫ਼ਦ ਨੇ ਗੁਰਬਚਨ ਸਿੰਘ ਤੇ ਪਰਿਵਾਰ ਨਾਲ ਮੁਲਾਕਾਤ ਕੀਤੀ ਗਈ ਹੈ।

# 'ਆਪ' ਆਗੂ ਵਿਗਾੜਨਾ ਚਾਹੁੰਦੇ ਹਨ ਪੰਜਾਬ ਦਾ ਮਾਹੌਲ : ਬਾਦਲ

ਮਲੋਟ/ਬਿਊਰੋ ਨਿਊਜ਼ : ਵਿਧਾਨ ਸਭਾ ਹਲਕਾ ਲੰਬੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਨਾਮਜ਼ਦਗੀ ਕਾਗਜ਼ ਮਲੋਟ ਦੇ ਮਿਮਿਟ ਕਾਲਜ ਵਿਖੇ ਰਿਟਰਨਿੰਗ ਅਫ਼ਸਰ ਅਨਮੋਲ ਸਿੰਘ ਧਾਲੀਵਾਲ ਕੋਲ ਦਾਖ਼ਲ ਕਰਵਾਏ, ਜਦਕਿ ਕਵਰਿੰਗ ਉਮੀਦਵਾਰ ਬਣੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਆਪਣੇ ਕਾਗਜ਼ ਭਰੇ। ਸ. ਬਾਦਲ ਦੇ ਨਾਲ ਇਸ ਮੌਕੇ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਪਰਮਜੀਤ ਸਿੰਘ ਲਾਲੀ ਬਾਦਲ ਸਾਬਕਾ ਪੀ.ਪੀ.ਐਸ. ਸੀ. ਮੈਂਬਰ ਤੇ ਭੁਪਿੰਦਰ ਸਿੰਘ ਬਾਦਲ ਸਿਆਸੀ ਸਲਾਹਕਾਰ ਮੁੱਖ ਮੰਤਰੀ ਪੰਜਾਬ ਵੀ ਹਾਜ਼ਰ ਰਹੇ। ਇਨ੍ਹਾਂ ਦੋਵਾਂ ਉਮੀਦਵਾਰਾਂ ਨੇ ਐਡਵੋਕੇਟ ਹਰਪ੍ਰੀਤ ਸਿੰਘ ਬਰਾੜ ਅਤੇ ਐਡਵੋਕੇਟ ਗੁਰਮੀਤ ਸਿੰਘ ਮਾਨ ਦੀ ਨਿਗਰਾਨੀ ਹੇਠ ਕਾਗਜ਼ ਭਰੇ। ਇਸ ਉਪਰੰਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 'ਆਪ' ਆਗੂ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ ਤੇ ਉਹ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਭਾਸ਼ਣ ਦੇ ਕੇ ਪੰਜਾਬ ਵਿਚ ਅਮਨ-ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ। ਸ. ਬਾਦਲ ਨੇ ਇਹ ਵੀ ਕਿਹਾ ਕਿ 'ਆਪ' ਦੇ ਆਗੂ ਦੇਸ਼ ਨੂੰ ਵੱਖ-ਵੱਖ ਕਰਨ ਵਾਲੀਆਂ ਤਾਕਤਾਂ ਨਾਲ ਮਿਲ ਕੇ ਦੇਸ਼ ਦੀ ਅਖੰਡਤਾ ਲਈ ਖ਼ਤਰਾ ਪੈਦਾ ਕਰ ਰਹੇ ਹਨ। ਸ. ਬਾਦਲ ਨੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਹਰ ਹੀਲੇ ਕਾਇਮ ਰੱਖੀ ਜਾਵੇਗੀ। ਇਸ ਮੌਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਉਨ੍ਹਾਂ ਯੂਨਾਈਟਿਡ ਅਕਾਲੀ ਦਲ ਦੇ ਆਗੂਆਂ ਭਾਈ ਮੋਹਕਮ ਸਿੰਘ ਅਤੇ ਭਾਈ ਗੁਰਦੀਪ ਸਿੰਘ ਦਾ ਨਾਅ ਲੈ ਕੇ ਇਹ ਗੱਲ ਕਹੀ ਕਿ ਇਨ੍ਹਾਂ ਆਗੂਆਂ ਤੋਂ ਇਲਾਵਾ ਬੱਬਰ ਖ਼ਾਲਸਾ ਤੇ ਹੋਰ ਉਹ ਆਗੂ ਜੋ ਖਾਲਿਸਤਾਨ ਦੇ ਮੁੱਦਈ ਹਨ, ਨਾਲ ਮੋਹਾਲੀ ਵਿਖੇ ਸਵੇਰ ਦਾ ਖਾਣਾ ਖਾਧਾ ਅਤੇ ਉਥੇ ਹੀ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਜਿਹੇ ਮਨਸੂਬੇ ਘੜੇ ਗਏ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਕਾਇਮ ਕੀਤੀ ਗਈ ਅਮਨ ਸ਼ਾਂਤੀ ਤੇ ਤਰੱਕੀ ਜਿਸ ਨੂੰ ਸਾਰੇ ਪੰਜਾਬ ਦੇ ਲੋਕ ਚਾਹੁੰਦੇ ਹਨ, ਨੂੰ ਕਾਇਮ ਰੱਖਿਆ ਜਾਵੇਗਾ।

## ਸੁਖਬੀਰ ਬਾਦਲ ਵਲੋਂ ਜਲਾਲਾਬਾਦ ਤੋਂ ਨਾਮਜ਼ਦਗੀ ਪੱਤਰ ਦਾਖ਼ਲ



ਜਲਾਲਾਬਾਦ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਿਟਰਨਿੰਗ ਅਫ਼ਸਰ ਸ੍ਰੀ ਅਵਿਕੇਸ਼ ਗੁਪਤਾ ਦੇ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਭਾਰਤ ਸਰਕਾਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਬਤੌਰ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਇਸ ਮੌਕੇ ਉਨ੍ਹਾਂ ਨਾਲ ਪਰਮਜੀਤ ਸਿੰਘ ਸਿੰਧਵਾ, ਸਤਿੰਦਰਜੀਤ ਸਿੰਘ ਮੰਟਾ, ਪ੍ਰੇਮ ਵਲੇਚਾ, ਅਸ਼ੋਕ ਅਨੇਜਾ, ਅਨਿਲ ਵਲੇਚਾ, ਲਖਵਿੰਦਰ ਸਿੰਘ ਰੋਹੀਵਾਲਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਦਿਹਾਤੀ, ਜਗਸੀਰ ਸਿੰਘ ਬੱਬੂ ਜੈਮਲਵਾਲਾ ਤੇ ਹੋਰ ਅਕਾਲੀ ਆਗੂ ਮੌਜੂਦ ਸਨ। ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਵਿਧਾਇਕ ਅਹੁਦੇ ਦੀ ਚੋਣ ਲਈ ਉਮੀਦਵਾਰ 11 ਜਨਵਰੀ ਤੋਂ 18 ਜਨਵਰੀ ਤੱਕ ਨਾਮਜ਼ਦਗੀ ਪੱਤਰ ਦਾਖ਼ਲ ਕਰ ਸਕਦੇ ਹਨ ਤੇ ਜਲਾਲਾਬਾਦ ਹਲਕੇ ਤੋਂ ਸੁਖਬੀਰ ਸਿੰਘ ਬਾਦਲ ਨੇ ਪਹਿਲੇ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਗਠਜੋੜ ਸਰਕਾਰ ਦਾ ਪਹਿਲਾਂ ਵੀ ਮਕਸਦ ਸੂਬੇ ਦਾ ਵਿਕਾਸ ਰਿਹਾ ਹੈ ਤੇ ਭਵਿੱਖ ਵਿਚ ਵੀ ਵਿਕਾਸ ਹੀ ਰਹੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਜੋ ਮਰਜ਼ੀ ਕਰ ਲੈਣ ਲੋਕ ਵਿਕਾਸ ਦੀ ਸੋਚ 'ਤੇ ਪਹਿਰਾ ਦੇ ਕੇ ਗਠਜੋੜ ਸਰਕਾਰ ਨੂੰ ਫ਼ਤਵਾ ਦੇਣਗੇ ਤੇ ਤੀਜੀ ਵਾਰ ਸੂਬੇ ਵਿਚ ਸਰਕਾਰ ਬਣਾਉਣਗੇ। ਇਸ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਝੂਠ ਦਾ ਪੁਲੰਦਾ ਹੈ ਤੇ ਪਾਰਟੀ ਵਿਚ ਮੌਜੂਦ ਗਲਤ ਅਨਸਰ ਮਾਹੌਲ ਨੂੰ ਵਿਗਾੜਨ ਲੱਗੇ ਹੋਏ ਹਨ ਪਰ ਚੋਣਾਂ ਤੋਂ ਬਾਅਦ ਇਨ੍ਹਾਂ ਨੂੰ ਆਪਣੀ ਅਸਲੀਅਤ ਪਤਾ ਲੱਗ ਜਾਵੇਗੀ।

## ਚੋਣ ਕਮਿਸ਼ਨ ਨੇ ਸੁਖਬੀਰ ਬਾਦਲ ਦੇ ਸੁਖਵਿਲਾਸ ਸੜਕ ਬਾਰੇ ਰਿਪੋਰਟ ਮੰਗੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਨਿਊ ਚੰਡੀਗੜ੍ਹ ਨੂੰ ਹਵਾਈ ਅੱਡੇ ਨਾਲ ਜੋੜਨ ਲਈ 200 ਫ਼ੁੱਟ ਚੌੜੀ ਸੜਕ ਦੇ ਨਿਰਮਾਣ ਲਈ ਜ਼ਮੀਨ ਗ੍ਰਹਿਣ ਕਰਨ ਲਈ ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ ਚੋਣ ਜ਼ਾਬਤੇ ਤੋਂ ਮਹਿਜ਼ ਇਕ ਦਿਨ ਪਹਿਲਾਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਰਾਜ ਸਰਕਾਰ ਤੋਂ ਰਿਪੋਰਟ ਮੰਗ ਲਈ ਹੈ। ਨਿਊ ਚੰਡੀਗੜ੍ਹ ਤੋਂ ਇਲਾਵਾ ਇਹ ਸੜਕ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਲਗਜ਼ਰੀ ਹੋਟਲ 'ਦਿ ਓਬਰਾਏ ਸੁਖਵਿਲਾਸ ਰਿਜ਼ੋਰਟਜ਼ ਐਂਡ ਸਪਾ' ਨੂੰ ਸਿੱਧਾ ਮੁਹਾਲੀ ਕੌਮਾਂਤਰੀ ਹਵਾਈ ਅੱਡੇ ਨਾਲ ਜੋੜਦੀ ਹੈ। ਦੱਸਣਯੋਗ ਹੈ ਕਿ ਇਸ ਸੜਕ ਲਈ ਅੱਠ ਪਿੰਡਾਂ ਦੀ 112 ਏਕੜ ਜ਼ਮੀਨ ਗ੍ਰਹਿਣ ਕੀਤੀ ਗਈ ਸੀ। ਚੋਣ ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਹਾਊਸਿੰਗ ਐਂਡ ਸ਼ਹਿਰੀ ਵਿਕਾਸ ਵਿਭਾਗ ਦੇ



ਬਾਕੀ ਸਫ਼ਾ 33 'ਤੇ




# ਗੁਰੂ ਨਾਨਕ ਜੀ ਦੀ ਤਸਵੀਰ 'ਚ ਮੈਨੂੰ ਕਾਂਗਰਸ ਦਾ ਚੋਣ ਨਿਸ਼ਾਨ ਵਿਖਾਈ ਦਿੰਦਾ ਹੈ : ਰਾਹੁਲ

## ਬਿਆਨ ਤੋਂ ਅਕਾਲੀ ਆਗੂ ਖ਼ਫ਼ਾ, ਕਿਹਾ : ਸਿੱਖ ਸੰਗਤ ਨੂੰ ਲੱਗੀ ਠੇਸ

**ਨਵੀਂ ਦਿੱਲੀ/ਚੰਡੀਗੜ੍ਹ/ਬਿਊਰੋ ਨਿਊਜ਼ :** ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਧਰਮਾਂ ਦੀਆਂ ਤਸਵੀਰਾਂ ਵਿਚ ਆਸ਼ੀਰਵਾਦ ਲਈ ਚੁੱਕੇ ਹੱਥ ਨੂੰ ਕਾਂਗਰਸ ਦੇ ਚੋਣ ਨਿਸ਼ਾਨ ਨਾਲ ਜੋੜ ਕੇ ਪਾਰਟੀ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਪੰਜਾਬ ਦੇ ਅਕਾਲੀ ਆਗੂਆਂ ਨੇ ਸਖਤ ਨਿਖੇਧੀ ਕਰਦਿਆਂ ਇਸ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਪਹੁੰਚਾਉਣ ਵਾਲਾ ਦੱਸਿਆ ਹੈ। ਤਾਲਕਟੋਰਾ ਸਟੇਡੀਅਮ ਵਿਚ ਪਾਰਟੀ ਦੇ ਸੰਮੇਲਨ 'ਚ ਰਾਹੁਲ ਨੇ ਕਿਹਾ ਕਿ ਕਾਂਗਰਸ ਦਾ ਚੋਣ ਨਿਸ਼ਾਨ ਪੰਜਾਬ ਦੇ ਹਰ ਧਰਮ 'ਚ ਮੌਜੂਦ ਹੈ। ਇਸ ਲਈ ਕਿਸੇ ਵੀ ਧਰਮ ਦੇ ਲੋਕਾਂ ਨੂੰ ਸਰਕਾਰ ਤੋਂ ਡਰਨਾ ਨਹੀਂ ਚਾਹੀਦਾ। ਉਨ੍ਹਾਂ ਕਿਹਾ, "ਗੁਰੂ ਨਾਨਕ, ਸ਼ਿਵਜੀ, ਬੁੱਧ, ਮਹਾਂਵੀਰ ਅਤੇ ਇੱਥੋਂ ਤਕ ਕਿ ਯਹੂਦੀ ਧਰਮ ਦੀਆਂ ਤਸਵੀਰਾਂ 'ਚ ਕਾਂਗਰਸ ਦਾ ਪੰਜਾ ਮੌਜੂਦ ਹੈ। ਕਾਂਗਰਸ ਉਪ ਪ੍ਰਧਾਨ ਨੇ ਤਾਲਕਟੋਰਾ ਸਟੇਡੀਅਮ ਵਿਚ ਪਾਰਟੀ ਦੇ ਸੰਮੇਲਨ ਸਮੇਂ ਕਿਹਾ, "ਮੈ ਸਾਰੇ ਧਰਮਾਂ 'ਚ ਕਾਂਗਰਸ ਦੇ ਪੰਜੇ ਦਾ ਮਤਲਬ ਪਾਰਟੀ ਦੇ ਉੱਚ ਆਗੂ ਡਾ. ਕਰਨ ਸਿੰਘ ਨੂੰ ਪੁੱਛਿਆ। ਉਨ੍ਹਾਂ ਦੱਸਿਆ ਕਿ ਇਸ ਦਾ ਮਤਲਬ ਹੈ ਕਿ ਕਿਸੇ ਵੀ ਹਾਲਾਤ ਵਿਚ ਸਚਾਈ ਡਟ ਕੇ ਸਾਹਮਣਾ ਕਰੋ, ਡਰੋ ਨਹੀਂ। ਰਾਹੁਲ ਨੇ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਜਨਤਾ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕਾਂਗਰਸ ਦੇ ਜਨਵੇਦਨਾ ਸੰਮੇਲਨ 'ਚ ਆਰ.ਐਸ.ਐਸ. ਅਤੇ ਭਾਜਪਾ 'ਤੇ ਨਿਸ਼ਾਨਾ ਲਗਾਉਂਦਿਆਂ ਕਿਹਾ ਕਿ ਇਹ ਵਿਚਾਰਧਾਰਾ ਦੀ ਲੜਾਈ ਹੈ। ਕਾਂਗਰਸ ਦਾ ਦਰਸ਼ਨ ਹੈ ਡਰੋ ਨਾ ਅਤੇ ਭਾਜਪਾ ਦਾ ਦਰਸ਼ਨ ਹੈ ਡਰੋ ਅਤੇ ਡਰਾਓ। ਮੋਦੀ ਸਰਕਾਰ ਡਰ



ਅਤੇ ਹਿੰਸਾ ਫੈਲਾ ਕੇ ਰਾਜ ਕਰਨਾ ਚਾਹੁੰਦੀ ਹੈ, ਪਰ ਕਾਂਗਰਸ ਪਾਰਟੀ ਇਨ੍ਹਾਂ ਲੋਕਾਂ ਨੂੰ ਹਰਾਏਗੀ ਅਤੇ ਹਟਾਏਗੀ। ਉਨ੍ਹਾਂ ਕਿਹਾ ਕਿ ਇਸ ਦੇਸ਼ ਦੀ ਜਨਤਾ ਨੂੰ ਕਿਸੇ ਚੀਜ਼ ਤੋਂ ਡਰਨ ਦੀ ਲੋੜ ਨਹੀਂ ਹੈ। ਅਸੀਂ ਨ਼ਫਰਤ ਅਤੇ ਡਰ ਦੀ ਰਾਜਨੀਤੀ ਨੂੰ ਹਰਾਵਾਂਗੇ।

### ਕਾਂਗਰਸ ਦੇ ਖ਼ੂਨੀ ਪੰਜੇ ਨੇ 84 'ਚ ਕਤਲੇਆਮ ਕਰਵਾਇਆ : ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ : ਰਾਹੁਲ ਦੇ ਬਿਆਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਸਖ਼ਤ ਇਤਰਾਜ਼ ਪ੍ਰਗਟਾਇਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕਾਂਗਰਸ ਦਾ ਹੱਥ ਨਿਸ਼ਾਨ ਖ਼ੂਨੀ ਪੰਜਾ ਹੈ। ਇਸ ਨੇ 1984 ਵਿਚ ਸਿੱਖਾਂ ਦਾ ਕਤਲੇਆਮ ਕਰਵਾਇਆ। ਸਿੱਖਾਂ ਦੇ ਪਵਿੱਤਰ ਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਵਾਇਆ। ਉਸ ਕਾਤਲ ਪੰਜੇ ਦੀ ਤੁਲਨਾ ਬਾਬਾ ਨਾਨਕ ਦੇ ਹੱਥਾਂ ਨਾਲ ਕਰਨਾ ਗਲਤ ਹੀ ਨਹੀਂ ਸਗੋਂ ਨਿਖੇਧੀਯੋਗ ਵੀ ਹੈ। ਉਨ੍ਹਾਂ ਨੂੰ ਇਸ ਲਈ ਸਿੱਖ ਪੰਥ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਉੱਥੇ ਅਕਾਲੀ ਦਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਸ ਨਾਲ ਦੁਨੀਆ ਭਰ 'ਚ ਫੈਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਦੇ ਦਿਲਾਂ ਨੂੰ ਸੱਟ ਪੁੱਜੀ ਹੈ। ਰਾਹੁਲ ਦੇ ਇਸ ਬਿਆਨ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਹੋਰ ਸਿੱਖ ਆਗੂਆਂ ਨੂੰ ਵੀ ਰਾਹੁਲ ਵੱਲੋਂ ਕੀਤੀ ਗਈ ਤੁਲਨਾ ਦਾ ਵਿਰੋਧ ਕਰਨਾ ਚਾਹੀਦਾ ਹੈ।

### ਰਾਹੁਲ ਤੁਰੰਤ ਮੁਆ਼ਫੀ ਮੰਗਣ : ਢੀਂਡਸਾ

ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਉਸ ਬਿਆਨ 'ਤੇ ਇਤਰਾਜ਼ ਜਤਾਇਆ ਹੈ, ਜਿਸ 'ਚ ਰਾਹੁਲ ਗਾਂਧੀ ਨੇ ਕਾਂਗਰਸ ਦੇ ਚੋਣ ਨਿਸ਼ਾਨ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇ ਜੀ ਦੀਆਂ ਕਈ ਤਸਵੀਰਾਂ 'ਚ ਵਿਖਾਏ ਹੱਥ ਨਾਲ ਕੀਤੀ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਦੇ ਭਾਸ਼ਣ ਤੋਂ ਦੁਨੀਆ ਭਰ 'ਚ ਸ੍ਰੀ ਗੁਰੂ ਨਾਨਕ ਜੀ



ਦੀ ਸੰਗਤ ਨੂੰ ਭਾਰੀ ਸੱਟ ਪੁੱਜੀ ਹੈ। ਅਕਾਲੀ ਦਲ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਹੋਰ ਸਿੱਖ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਹੁਲ ਗਾਂਧੀ ਦੇ ਇਸ ਇਤਰਾਜ਼ਯੋਗ ਬਿਆਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਨ, ਕਿਉਂਕਿ ਕੋਈ ਵੀ ਵਿਅਕਤੀ ਅਜਿਹੀ ਤੁਲਨਾ ਕਦੇ ਵੀ ਨਹੀਂ ਕਰ ਸਕਦਾ। ਪਾਰਟੀ ਦੇ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਾਂਗਰਸ ਦਾ ਹੱਥ ਵੀ ਸ੍ਰੀ ਗੁਰੂ ਨਾਨਕ ਦੇ ਜੀ ਦੇ ਸ਼ਰਧਾਲੂਆਂ ਦੇ ਕਤਲੇਆਮ ਨਾਲ ਰੰਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਰਾਹੁਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ ਦੀ ਰੋਟੀ 'ਚੋਂ ਖ਼ੂਨ ਨਿਕਲਦਾ ਵਿਖਾਇਆ ਸੀ, ਜੋ ਅੱਜ ਕਾਂਗਰਸ ਦੇ ਹੱਥ ਪੰਜੇ 'ਚੋਂ ਨਿਕਲ ਰਿਹਾ ਹੈ।

# ਦਲ ਬਦਲੂਆਂ ਦੇ ਇਖਲਾਕੀ ਨਿਘਾਰ ਦਾ ਸਿਖਰ

**ਹਰਜਿੰਦਰ ਢੇਸੀ**
HDhesi2001@Yahoo.com

ਪੰਜਾਬ ਦੀਆਂ ਚੋਣਾਂ ਤੋਂ ਪਹਿਲਾਂ ਦਲ ਬਦਲੀਆਂ ਦਾ ਜੋ ਦੌਰ ਸ਼ੁਰੂ ਹੋਇਆ ਹੈ, ਉਹ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇੰਝ ਜਾਪ ਰਿਹਾ ਹੈ, ਜਿਵੇਂ ਦੂਜੀਆਂ ਪਾਰਟੀਆਂ ਦੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਵਿਚ ਸ਼ਾਮਲ ਕਰਨ ਦਾ ਇਹ ਕੋਈ ਮੁਕਾਬਲਾ ਹੋਵੇ। ਸਾਰੀਆਂ ਮੁੱਖ ਪਾਰਟੀਆਂ ਦਾ ਕਾਫੀ ਸਮਾਂ ਉਸ ਪਾਰਟੀ ਨੂੰ ਛੱਡਣ ਵਾਲੇ ਲੋਕਾਂ ਨੂੰ ਰੋਕਣ-ਮਨਾਉਣ ਅਤੇ ਦੂਜੀਆਂ ਪਾਰਟੀਆਂ ਵਿਚੋਂ ਉਨਾਂ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਨਿਰਖਣ-ਪਰਖਣ ਅਤੇ ਸਵਾਗਤ ਕਰਨ ਜਾਂ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਤੋੜਨ ਵਿਚ ਲੱਗ ਰਿਹਾ ਹੈ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਚੋਣਾਂ ਤੋਂ ਠੀਕ ਪਹਿਲਾਂ ਦਲ ਬਦਲੀ ਕਰਨ ਵਾਲੇ ਸਾਰੇ ਲੋਕੀ ਕੋਰੀ ਮੌਕਾਪ੍ਰਸਤੀ ਅਤੇ ਖੁਦਪ੍ਰਸਤੀ ਤੋਂ ਪ੍ਰਭਾਵਤ ਹਨ ਅਤੇ ਇਖਲਾਕੀ ਅਸੂਲਾਂ ਨਾਲ ਉਨਾਂ ਦਾ ਕੋਈ ਬਹੁਤਾ ਵਾਹ-ਵਾਸਤਾ ਨਹੀਂ। ਇਸੇ ਤਰਾਂ ਪਾਰਟੀ ਪ੍ਰੋਗਰਾਮਾਂ ਨਾਲ ਮਤਭੇਦ ਹੋਣਾ ਵੀ ਮਹਿਜ਼ ਡਰਾਮਾ ਹੀ ਹੈ। ਇਨਾਂ ਦੀ ਇਸ ਦਲ ਬਦਲੀ ਦੇ ਫੈਸਲੇ ਪਿਛੇ ਲੋਕ ਹਿਤਾਂ ਦਾ ਭੋਰਾ ਵੀ ਫਿਕਰ ਲੁਕਿਆ ਹੋਇਆ ਨਹੀਂ ਹੁੰਦਾ ਅਤੇ ਇਸੇ ਕਾਰਨ ਇਹ ਦਲ ਬਦਲੀਆਂ ਨਿੰਦਣਯੋਗ ਕਾਰਵਾਈ ਹਨ ਅਤੇ ਇਨਾਂ ਹੀ ਕਾਰਵਾਈਆਂ ਵਿਚ ਸ਼ਾਮਲ ਹੈ ਨਵਜੋਤ ਸਿੰਘ ਸਿੱਧੂ ਵਲੋਂ ਹੁਣੇ ਹੁਣੇ ਕਾਂਗਰਸ ਵਿਚ ਜਾ ਰਲਣਾ। ਨਵਜੋਤ ਸਿੱਧੂ ਅਤੇ ਉਨਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਜਿਸ ਤਰਾਂ ਢੋਲ ਵਜਾ ਕੇ, ਸੌਦੇਬਾਜ਼ੀ ਕਰਕੇ ਪਾਰਟੀ ਬਦਲਣ ਦਾ ਐਲਾਨ ਕੀਤਾ ਹੈ, ਇਹ ਇਕ ਤਰਾਂ ਨਾਲ ਲੋਕਾਂ ਅਤੇ ਲੋਕਰਾਜੀ ਕਦਰਾਂ ਕੀਮਤਾਂ 'ਤੇ ਕਰਾਰੀ ਚਪੇੜ ਹੈ।




ਇਸ ਗੱਲ ਵਿਚ ਵੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਨਵਜੋਤ ਸਿੱਧੂ ਦੀਆਂ ਰਾਹੁਲ ਗਾਂਧੀ ਨਾਲ ਹੋਈਆਂ ਦੋਹਾਂ ਮੀਟਿੰਗਾਂ ਵਿਚ ਲੋਕ ਹਿਤਾਂ ਜਾਂ ਲੋਕ ਮਸਲਿਆਂ ਦੀ ਗੱਲ ਇਕ ਵਾਰੀ ਵੀ ਨਹੀਂ ਵਿਚਾਰੀ ਗਈ ਹੋਣੀ। ਸਿੱਧੂ ਨੇ ਇਹ ਮੰਗ ਕਦੀ ਨਹੀਂ ਰੱਖੀ ਹੋਣੀ ਕਿ ਜੇ ਮੈਂ ਪਾਰਟੀ ਵਿਚ ਸ਼ਾਮਲ ਹੁੰਦਾ ਹਾਂ ਤਾਂ ਕਾਂਗਰਸ ਪਾਰਟੀ ਨੂੰ ਮੇਰੇ ਇਲਾਕੇ ਜਾਂ ਪ੍ਰਾਂਤ ਦੇ ਲੋਕਾਂ ਦੇ ਮਸਲੇ ਕੇਂਦਰ ਵਿਚ ਉਠਾਉਣੇ ਹੋਣਗੇ, ਹਾਂ ਇਹ ਵਿਚਾਰਾਂ ਜ਼ਰੂਰ ਹੋਈਆ ਹੋਣਗੀਆਂ ਕਿ ਨਵਜੋਤ ਸਿੱਧੂ ਜਾਂ ਉਨਾਂ ਦੀ ਪਤਨੀ ਨੂੰ ਕਾਂਗਰਸ ਪਾਰਟੀ ਕਿਹੜੇ ਅਹੁਦੇ ਦੇ ਸਕਦੀ ਹੈ ਜਾਂ ਹੋਰ ਕੀ ਲਾਭ ਪਹੁੰਚਾ ਸਕਦੀ ਹੈ ਅਤੇ ਸਿੱਧੂ ਨੇ ਸ਼ਾਇਦ ਇਸ ਗੱਲ ਦੀਆਂ ਡੀਂਗਾਂ ਮਾਰੀਆਂ ਹੋਣ ਕਿ ਉਹ ਕਿਹੜੇ ਨਾਅਰੇ ਦੇ ਕੇ ਲੋਕਾਂ ਨੂੰ ਵਰਗਲਾ ਸਕਦੇ ਹਨ ਅਤੇ ਕਾਂਗਰਸ ਪਾਰਟੀ ਲਈ ਜਿੱਤ ਯਕੀਨੀ ਬਣਾ ਸਕਦੇ ਹਨ। ਇਹ ਗੱਲ ਸਿਰਫ ਨਵਜੋਤ ਸਿੱਧੂ ਹੀ ਨਹੀਂ ਬਲਕਿ ਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਵੱਲ ਭਜਣ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੁੰਦੀ ਹੈ। ਇਨਾਂ ਦਲ ਬਦਲੂ ਲੋਕਾਂ ਦੇ ਇਖਲਾਕੀ ਨਿਘਾਰ ਦੀ ਸਿਖਰ ਦੇਖੋ ਕਿ ਸਾਲਾਂ ਤੱਕ ਇਕ ਪਾਰਟੀ ਪਲੇਟਫਾਰਮ 'ਤੇ ਕੰਮ ਕਰਨ ਤੋਂ ਬਾਅਦ ਅਜਿਹੀਆਂ ਸੌਦੇਬਾਜ਼ੀ ਵਾਲੀਆਂ ਮੀਟਿੰਗਾਂ ਤੋਂ ਬਾਹਰ ਆਉਣ ਸਾਰ ਹੀ ਇਹ ਉਨਾਂ ਹੀ ਪਾਰਟੀਆਂ, ਨੇਤਾਵਾਂ ਅਤੇ ਨੀਤੀਆਂ ਦੇ ਹੱਕ ਵਿਚ ਬੋਲਣਾ ਸ਼ੁਰੂ ਕਰ ਦਿੰਦੇ ਹਨ, ਜਿਨਾਂ ਦਾ ਸਾਰੀ ਉਮਰ ਵਿਰੋਧ ਕੀਤਾ ਹੁੰਦਾ ਹੈ। ਲੋਕਾਂ ਦੇ ਭੋਲੇਪਨ ਦੀ ਵੀ ਸਿਖਰ ਦੇਖੋ ਕਿ ਲੋਕ ਉਨਾਂ ਹੀ ਬੇਇਤਬਾਰੇ ਲੋਕਾਂ ਦਾ ਯਕੀਨ ਵੀ ਕਰ ਲੈਣਗੇ। ਉਹ ਸਿੱਧੂ ਵਰਗੇ ਕਿਸੇ ਅਖੌਤੀ ਨੇਤਾ ਨੂੰ ਇਸੇ ਕਾਰਨ ਵੋਟਾਂ ਪਾ ਦੇਣਗੇ ਕਿ ਉਹ ਗੱਲਾਂ ਦਾ ਧਨੀ ਹੈ ਅਤੇ ਘਟੀਆਂ ਚੁਟਕਲਿਆਂ ਅਤੇ ਬਿਨਾਂ ਸਿਰ-ਪੈਰ ਦੇ ਸ਼ੇਅਰਾਂ ਨਾਲ ਲੋਕਾਂ ਦਾ ਮਨੋਰੰਜਨ ਕਰ ਸਕਦਾ ਹੈ, ਜਾਂ ਕੁਝ ਲੋਕੀ ਇਸ ਗੱਲ ਤੋਂ ਪ੍ਰਭਾਵਤ ਹੋ ਜਾਣ ਕਿ ਉਹ ਕਦੀ ਕ੍ਰਿਕਟ ਖਿਡਾਰੀ ਰਹਿ ਚੁੱਕਾ ਹੈ ਜਾਂ ਉਸ ਦਾ ਭੇਸ ਉਨਾਂ ਦੀ 'ਧਾਰਮਿਕ ਦਿਖ' ਨਾਲ ਰਲਦਾ ਹੈ। ਪਰ ਉਸ ਧਰਮ ਦੇ ਬਾਨੀਆਂ ਨੇ ਆਪਣੇ ਕਹੇ ਬੋਲ ਪੁਗਾਉਣ ਅਤੇ ਆਪਣੇ ਆਦਰਸ਼ਾਂ 'ਤੇ ਪਹਿਰ ਦੇਣ ਲਈ ਕਿਸ ਤਰਾਂ ਦੀਆਂ ਕੁਰਬਾਨੀਆਂ ਕੀਤੀਆਂ ਸਨ, ਇਹ ਸੋਚਣ ਦਾ ਵਕਤ ਕਿਸੇ ਕੋਲ ਨਹੀਂ ਹੋਣਾ।

ਪੰਜਾਬ ਨੂੰ ਪੀਰਾਂ, ਫਕੀਰਾਂ, ਗੁਰੂਆਂ ਅਤੇ ਦੇਸ਼ ਭਗਤਾਂ ਦੀ ਧਰਤੀ ਕਿਹਾ ਜਾਂਦਾ ਹੈ। ਇਸ ਧਰਤੀ ਨੇ ਦੁਨੀਆ ਨੂੰ ਰਾਹਨੁਮਾਈ ਦੇਣ ਵਾਲੀਆਂ ਕਲਮਾਂ ਵਾਲੇ ਲੋਕ ਪੈਦਾ ਕੀਤੇ ਹਨ। ਇਸ ਧਰਤੀ ਨੇ ਧਰਮ ਨਿਰਪੱਖਤਾ ਲਈ ਆਪਣਾ ਆਪਾ ਕੁਰਬਾਨ ਕਰਨ ਵਾਲੇ ਯੁਗਪੁਰਸ਼ ਪੈਦਾ ਕੀਤੇ ਹਨ। ਇਸ ਧਰਤੀ ਨੇ ਮਨੁੱਖੀ ਅਧਿਕਾਰਾਂ ਦੀ ਸਲਾਮਤੀ ਲਈ ਆਪਣਾ ਬੰਦ ਬੰਦ ਕਟਵਾਉਣ ਵਾਲੇ ਮਰਦ ਦਲੇਰ ਪੈਦਾ ਕੀਤੇ ਅਤੇ ਇਸੇ ਧਰਤੀ ਨੇ ਉਨਾਂ ਹਜ਼ਾਰਾਂ ਦੇਸ਼ ਭਗਤਾਂ ਨੂੰ ਪੈਦਾ ਕੀਤਾ, **ਬਾਕੀ ਸਫ਼ਾ** 33 'ਤੇ

# ਜਲਾਲਾਬਾਦ ਤੋਂ ਸੁਖਬੀਰ ਦੀ ਟੱਕਰ ਹੋਵੇਗੀ ਰਵਨੀਤ ਬਿੱਟੂ ਨਾਲ, ਜਲੰਧਰ ਛਾਉਣੀ ਤੋਂ ਪ੍ਰਗਟ ਸਿੰਘ ਹੋਣਗੇ ਉਮੀਦਵਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਕਾਂਗਰਸ ਹਾਈ ਕਮਾਨ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਹਲਕਾ ਲੰਬੀ ਤੋਂ ਉਮੀਦਵਾਰ ਰੱਖਣ ਸਬੰਧੀ ਲਏ ਗਏ ਫੈਸਲੇ ਤੋਂ ਬਾਅਦ ਲੁਧਿਆਣਾ ਤੋਂ ਸੰਸਦ ਮੈਂਬਰ ਸ. ਰਵਨੀਤ ਸਿੰਘ ਬਿੱਟੂ ਨੂੰ ਵੀ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਿਰੁੱਧ ਪਾਰਟੀ ਉਮੀਦਵਾਰ ਰੱਖਣ ਦੀ ਤਜਵੀਜ਼ ਨੂੰ ਹਰੀ ਝੰਡੀ ਦੇ ਦਿੱਤੀ ਗਈ। ਇਸੇ ਤਰ੍ਹਾਂ ਜਲੰਧਰ ਛਾਉਣੀ ਹਲਕੇ ਤੋਂ ਵਿਧਾਇਕ ਪ੍ਰਗਟ ਸਿੰਘ ਨੂੰ ਦੁਬਾਰਾ ਇਸੇ ਹਲਕੇ ਤੋਂ ਉਮੀਦਵਾਰ ਰੱਖੇ ਜਾਣ ਜਾਂ ਨਕੋਦਰ ਤੋਂ ਪਾਰਟੀ ਉਮੀਦਵਾਰ ਬਣਾਉਣ ਸਬੰਧੀ ਚੱਲ ਰਹੇ ਰੇੜਕੇ ਨੂੰ ਵੀ ਖ਼ਤਮ ਕਰਦਿਆਂ ਪਾਰਟੀ ਹਾਈ ਕਮਾਨ ਵੱਲੋਂ ਸ. ਪ੍ਰਗਟ ਸਿੰਘ ਨੂੰ ਵੀ ਜਲੰਧਰ ਛਾਉਣੀ ਤੋਂ ਪਾਰਟੀ ਉਮੀਦਵਾਰ ਰੱਖਣ ਦਾ ਫੈਸਲਾ ਲਿਆ ਗਿਆ। ਸੂਚਨਾ ਅਨੁਸਾਰ ਇਸ ਸਬੰਧੀ ਫੈਸਲਾ ਸਾਬਕਾ ਭਾਜਪਾ ਦੇ ਮੈਂਬਰ ਸ. ਨਵਜੋਤ ਸਿੰਘ ਸਿੱਧੂ ਦੀ ਕਾਂਗਰਸ ਵਿਚ ਸ਼ਮੂਲੀਅਤ ਮੌਕੇ ਸ. ਸਿੱਧੂ ਨੇ ਸ੍ਰੀ ਰਾਹੁਲ ਗਾਂਧੀ ਨਾਲ ਆਪਣੀ ਮੀਟਿੰਗ ਦੌਰਾਨ ਇਸ ਫੈਸਲੇ ਨੂੰ ਸਿਰੇ ਚਾੜ੍ਹਨ ਵਿਚ ਮੁੱਖ ਭੂਮਿਕਾ ਨਿਭਾਈ। ਇਹ ਵੀ ਪਤਾ ਲੱਗਾ ਹੈ ਕਿ ਸ. ਨਵਜੋਤ ਸਿੰਘ ਸਿੱਧੂ ਨੂੰ ਕਿਸੇ ਵੱਡੇ ਅਕਾਲੀ ਆਗੂ ਮੁਕਾਬਲੇ ਖੜ੍ਹਾ ਕਰਨ ਦੀ ਥਾਂ ਉਨ੍ਹਾਂ ਦੀ ਪਤਨੀ ਦੀ ਵਿਧਾਨ ਸਭਾ ਸੀਟ ਅੰਮ੍ਰਿਤਸਰ ਪੂਰਬੀ ਤੋਂ ਹੀ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ।


ਰਵਨੀਤ ਸਿੰਘ ਬਿੱਟੂ


ਪ੍ਰਗਟ ਸਿੰਘ

# ਪੰਥਕ ਫਰੰਟ ਵਿਚ ਸ਼ਾਮਲ ਪਾਰਟੀਆਂ ਨੇ ਆਪੋ-ਆਪਣੇ ਰਾਹ ਚੁਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਥਕ ਫਰੰਟ ਵਿੱਚ ਸ਼ਾਮਲ ਦੋਹਾਂ ਪਾਰਟੀਆਂ ਨੇ ਆਪੋ ਆਪਣੇ ਰਾਹ ਚੁਣ ਲਏ ਹਨ। ਚੋਣਾਂ ਲੜਨ ਬਾਰੇ ਸਹਿਮਤੀ ਨਾ ਹੋਣ ਤੋਂ ਬਾਅਦ ਅਕਾਲੀ ਦਲ (ਯੂਨਾਈਟਿਡ) ਨੇ ਚੋਣਾਂ ਨਾ ਲੜਣ ਦਾ ਫ਼ੈਸਲਾ ਲਿਆ ਹੈ। ਦੋ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਧਿਆਨ ਸਿੰਘ ਮੰਡ ਨੇ ਦੋਹਾਂ ਧਿਰਾਂ ਨੂੰ ਨੇੜੇ ਲਿਆਉਣ ਲਈ ਚਾਰਾਜ਼ੋਈ ਸ਼ੁਰੂ ਕਰ ਦਿੱਤੀ ਹੈ। ਅਕਾਲੀ ਦਲ (ਯੂਨਾਈਟਿਡ) ਦੇ ਰਾਮਪੁਰਾ ਫੂਲ ਤੋਂ ਉਮੀਦਵਾਰ ਗੁਰਦੀਪ ਸਿੰਘ ਨੇ ਚੋਣ ਮੈਦਾਨ ਵਿੱਚੋਂ ਲਾਂਭੇ ਹੋਣ ਦਾ ਫ਼ੈਸਲਾ ਲਿਆ ਹੈ।

ਪੰਥਕ ਫਰੰਟ ਦੀ ਮੁੱਖ ਧਿਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਿਧਾਨ ਸਭਾ ਹਲਕਾ ਬਰਨਾਲਾ ਅਤੇ ਅਮਰਗੜ੍ਹ ਤੋਂ ਚੋਣ ਲੜ ਰਹੇ ਹਨ। ਪੰਥਕ ਫਰੰਟ 55 ਸੀਟਾਂ ਤੋਂ ਉਮੀਦਵਾਰ ਐਲਾਨ ਚੁੱਕਿਆ ਹੈ। ਅਕਾਲੀ ਦਲ (ਯੂਨਾਈਟਿਡ) ਵੱਲੋਂ ਪਾਸਾ ਵੱਟਣ ਕਰਨ ਹਾਲ ਦੀ ਘੜੀ ਹੋਰ ਉਮੀਦਵਾਰਾਂ ਦੀ ਸੂਚੀ ਰੋਕ ਲਈ ਗਈ ਹੈ। ਪਤਾ ਲੱਗਿਆ ਹੈ ਕਿ ਪੰਥਕ ਫਰੰਟ ਵਿੱਚ ਸ਼ਾਮਲ ਦੋਹਾਂ ਪਾਰਟੀਆਂ ਦੀ ਅਸਹਿਮਤੀ ਦਾ ਮੁੱਖ ਕਾਰਨ ਵਿਧਾਨ ਸਭਾ ਚੋਣਾਂ ਬਣੀਆਂ ਹਨ। ਅਕਾਲੀ ਦਲ (ਯੂਨਾਈਟਿਡ) ਵੱਲੋਂ 117 ਦੀ ਥਾਂ ਚੋਣਵੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ, ਜਦਕਿ ਅਕਾਲੀ ਦਲ (ਅੰਮ੍ਰਿਤਸਰ) ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ 'ਤੇ ਅੜਿਆ ਹੋਇਆ ਹੈ। ਯੂਨਾਈਟਿਡ ਦਲ ਦੇ ਭਾਈ ਮੋਹਕਮ ਸਿੰਘ ਅਤੇ ਭਾਈ ਗੁਰਦੀਪ ਸਿੰਘ ਬਠਿੰਡਾ ਦਾ ਇਰਾਦਾ ਚੋਣਵੀਆਂ ਸੀਟਾਂ 'ਤੇ ਤਕੜੀ ਟੱਕਰ ਦੇਣ ਦਾ ਹੈ, ਜਦਕਿ ਸਿਮਰਨਜੀਤ ਸਿੰਘ ਮਾਨ ਚੋਣ ਨਿਸ਼ਾਨ ਬਚਾਉਣ ਲਈ ਨਿਰਧਾਰਤ ਵੋਟਾਂ ਲੈਣ ਦੇ ਰੌਅ ਵਿਚ ਹਨ। ਦੂਜਾ ਕਾਰਨ ਸ੍ਰੀ ਮਾਨ ਵੱਲੋਂ ਦਿੱਤਾ ਬਿਆਨ ਹੈ। ਉਨ੍ਹਾਂ ਨੇ ਸਰਕਾਰ ਬਣਨ 'ਤੇ ਵਿਧਾਨ ਸਭਾ ਵਿੱਚ ਖ਼ਾਲਿਸਤਾਨ ਦਾ ਮਤਾ ਪਾਸ ਕਰਨ ਦਾ ਬਿਆਨ ਦਿੱਤਾ ਸੀ। ਉਂਜ ਯੂਨਾਈਟਿਡ ਅਕਾਲੀ ਦਲ, ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਦੇ

**ਬਾਕੀ ਸਫ਼ਾ** 33 'ਤੇ

# ਸਿੱਧੂ ਉਪ ਮੁੱਖ ਮੰਤਰੀ ਜਾਂ ਮੰਤਰੀ ਬਣਨਗੇ...ਫ਼ੈਸਲਾ ਸੋਨੀਆ ਜਾਂ ਰਾਹੁਲ ਕਰਨਗੇ : ਅਮਰਿੰਦਰ ਸਿੰਘ

**ਨਵਜੋਤ ਸਿੰਘ ਸਿੱਧੂ ਕਦੇ ਕਾਂਗਰਸ ਵਿਚ ਨਹੀਂ ਆਏ, ਪਰ ਕੈਪਟਨ ਦੇ ਜਵਾਬ ਤੋਂ ਇਕ ਗੱਲ ਪੱਕੀ ਹੋ ਗਈ ਹੈ ਕਿ ਉਹ ਚੋਣ ਲੜਨਗੇ ਅਤੇ ਕਾਂਗਰਸ ਦੀ ਸਰਕਾਰ ਬਣੀ ਤਾਂ ਮੰਤਰੀ ਜਾਂ ਉਪ ਮੁੱਖ ਮੰਤਰੀ ਦਾ ਅਹੁਦਾ ਮਿਲ ਸਕਦਾ ਹੈ। ਮੰਤਰਾਲਾ ਕਿਹੜਾ ਹੋਵੇਗਾ, ਇਸ ਦਾ ਫੈਸਲਾ ਸੋਨੀਆ-ਰਾਹੁਲ ਹੀ ਕਰਨਗੇ। ਸਿੱਧੂ ਦੀ ਕਾਂਗਰਸ 'ਚ ਲੇਟ ਐਂਟਰੀ ਦਾ ਕਾਰਨ ਮੁੰਬਈ ਸ਼ੂਟਿੰਗ ਵਿਚ ਰੁਝੇ ਹੋਣਾ ਦੱਸਿਆ। ਉਮੀਦਵਾਰ ਦੇ ਐਲਾਨ ਤੋਂ ਬਾਅਦ ਹੋਈ ਬਗਾਵਤ ਦੇ ਬਾਵਜੂਦ ਉਨ੍ਹਾਂ ਨੇ ਟਿਕਟ ਵੰਡ 'ਤੇ ਤਸੱਲੀ ਪ੍ਰਗਟਾਈ। ਦਿੱਲੀ 'ਚ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਿੰਦਰ ਸਿੰਘ ਨਾਲ ਗੱਲਬਾਤ :**



**ਸਵਾਲ : ਤੁਹਾਡੀ ਪਾਰਟੀ ਟਿਕਟ ਵੰਡਣ 'ਚ ਹੋਰਨਾਂ ਪਾਰਟੀਆਂ ਤੋਂ ਪਛੜ ਗਈ। ਇਹ ਦੇਰੀ ਕਿਉਂ ਹੋਈ ?**

ਜਵਾਬ : ਸੱਚ ਹੈ, ਟਿਕਟ ਵੰਡਣ 'ਚ ਹੋਰ ਪਾਰਟੀਆਂ ਦੇ ਮੁਕਾਬਲੇ ਜ਼ਿਆਦਾ ਸਮਾਂ ਲੱਗਾ। ਪਰ ਇੱਥੇ ਕੋਈ ਬਾਦਲ ਬਾਪ-ਬੇਟੇ ਜਾਂ ਫਿਰ ਕੇਜਰਵਾਲ ਅਤੇ ਸਿਸੋਦੀਆ ਘਰ 'ਚ ਬੈਠ ਕੇ ਨਾਂ ਤੈਅ ਨਹੀਂ ਕਰਦਾ। ਕਾਂਗਰਸ ਦੇ ਸਾਰੇ ਆਗੂਆਂ ਨਾਲ ਗੱਲ ਕਰ ਕੇ ਪੰਜਾਬ ਤੇ ਯੂ.ਪੀ. ਸਮੇਤ 5 ਸੂਬਿਆਂ ਲਈ ਟਿਕਟ ਫਾਈਨਲ ਕਰਨੀ ਸੀ, ਇਸ ਲਈ ਦੇਰੀ ਹੋਈ।

**ਸਵਾਲ : ਸਿੱਧੂ ਨੇ ਕਾਂਗਰਸ ਤੋਂ ਅਜਿਹਾ ਕੀ ਮੰਗਿਆ ਕਿ ਹਾਲੇ ਤਕ ਉਹ ਸ਼ਾਮਲ ਨਹੀਂ ਹੋਏ ?**

ਜਵਾਬ : ਸਿੱਧੂ ਕਾਮੇਡੀ ਸ਼ੋਅ 'ਚ ਰੁਝੇ ਸਨ। ਉਨ੍ਹਾਂ ਨੂੰ ਹਫਤੇ 'ਚ ਦੋ ਵਾਰ ਸ਼ੂਟਿੰਗ ਲਈ ਮੁੰਬਈ ਜਾਣਾ ਪੈਂਦਾ ਹੈ। ਹੁਣ ਗੱਲ ਹੋ ਗਈ ਹੈ। ਸਿੱਧੂ ਅਤੇ ਕਾਂਗਰਸ 'ਚ ਕੋਈ ਨਾਰਾਜ਼ਗੀ ਨਹੀਂ ਹੈ। ਪਾਰਟੀ ਨੇ ਉਨ੍ਹਾਂ ਦੀਆਂ ਗੱਲਾਂ ਮੰਨ ਲਈਆਂ ਹਨ ਅਤੇ ਇਨ੍ਹਾਂ ਗੱਲਾਂ 'ਚ ਡਿਪਟੀ ਸੀ.ਐਮ. ਜਾਂ ਕਿਸੇ ਅਹੁਦੇ ਦੀ ਗੱਲ ਨਹੀਂ ਹੈ।

**ਸਵਾਲ : ਤੁਹਾਡੀ ਸਰਕਾਰ ਬਣੀ ਤਾਂ ਕੀ ਸਿੱਧੂ ਨੂੰ ਮੰਤਰੀ ਜਾਂ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ ?**

ਜਵਾਬ : ਹਾਂ ਕਿਉਂ ਨਹੀਂ, ਸਿੱਧੂ ਮੰਤਰੀ ਬਣਨਗੇ, ਪਰ ਕਿਹੜਾ ਵਿਭਾਗ ਮਿਲੇਗਾ ਜਾਂ ਕਿਹੜਾ ਅਹੁਦਾ, ਇਸ ਦਾ ਫੈਸਲਾ ਮੈਂ ਨਹੀਂ ਕਰ ਸਕਦਾ। ਸੋਨੀਆ ਤੇ ਰਾਹੁਲ ਗਾਂਧੀ ਉਨ੍ਹਾਂ ਨੂੰ ਮਿਲਣ ਵਾਲੇ ਮੰਤਰਾਲਾ ਦਾ ਫੈਸਲਾ ਕਰਨਗੇ।

**ਸਵਾਲ : ਸਰਕਾਰ ਬਣੀ ਤਾਂ ਸਿੱਧੂ ਮੰਤਰੀ ਬਣ ਜਾਣਗੇ ਪਰ ਉਨ੍ਹਾਂ ਦੀ ਪਤਨੀ ਦਾ ਕੀ ਹੋਵੇਗਾ, ਕੀ ਕਾਂਗਰਸ ਨੇ ਉਨ੍ਹਾਂ ਨਾਲ ਕੋਈ ਵਾਅਦਾ ਕੀਤਾ ਹੈ, ਉਨ੍ਹਾਂ ਨੂੰ ਸੰਸਦ ਭੇਜਿਆ ਜਾ ਸਕਦਾ ਹੈ ?**

ਜਵਾਬ : ਸਿੱਧੂ ਜੋੜੇ ਨੇ ਅੱਜ ਤਕ ਇਹ ਮੁੱਦਾ ਨਹੀਂ ਚੁੱਕਿਆ। ਨਾ ਹੀ ਨਵਜੌਤ ਕੌਰ ਸਿੱਧੂ ਦਾ ਨਾਂ ਸੰਸਦ ਮੈਂਬਰ ਜਾਂ ਫਿਰ ਕਿਸੇ ਹੋਰ ਅਹੁਦੇ ਲਈ ਅੱਗੇ ਕੀਤਾ ਗਿਆ ਹੈ।

**ਸਵਾਲ : ਟਿਕਟ ਵੰਡ 'ਚ ਤੁਹਾਡੀ ਕਿੰਨੀ ਚਲੀ। ਪਿਛਲੀ ਵਾਰ ਵੀ ਤੁਸੀਂ ਸਰਕਾਰ ਬਣਾਉਣ ਦੀ ਉਮੀਦ ਲਗਾਈ ਹੋਈ ਸੀ, ਇਸ ਵਾਰ ਕੀ ਕੁੱਝ ਵੱਖਰਾ ਹੈ ?**

ਜਵਾਬ : ਮੈਂ ਟਿਕਟ ਵੰਡ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਪਿਛਲੀ ਵਾਰ ਤਾਂ ਕਿਸੇ ਨੇਤਾ ਨੂੰ 5 ਤਾਂ ਕਿਸੇ ਨੂੰ 10 ਟਿਕਟਾਂ ਦਾ ਕੋਟਾ ਦੇ ਦਿੱਤਾ ਗਿਆ ਸੀ ਅਤੇ ਫਿਰ ਆਪਣੀ ਮਨਮਰਜ਼ੀ ਦੇ ਟਿਕਟ ਵੰਡੇ ਗਏ ਸਨ। ਪਿਛਲੀ ਵਾਰ ਕੁਲ 39 ਉਮੀਦਵਾਰ ਅਜਿਹੇ ਸਨ, ਜਿਨ੍ਹਾਂ 'ਤੇ ਮੈਨੂੰ ਇਤਰਾਜ਼ ਸੀ। ਇਸ ਤੋਂ ਇਲਾਵਾ ਯੂਥ ਕਾਂਗਰਸ ਦੇ ਕੋਟੇ ਤੋਂ 8 ਟਿਕਟਾਂ ਦਿੱਤੀਆਂ ਗਈਆਂ। ਇਨ੍ਹਾਂ ਸਾਰੇ 47 ਉਮੀਦਵਾਰਾਂ 'ਚੋਂ ਸਿਰਫ 8 ਜਿੱਤੇ, ਜਿਸ ਕਾਰਨ ਅਸੀਂ ਸਰਕਾਰ ਬਣਾਉਣ 'ਚ ਫੇਲ ਰਹੇ।

**ਸਵਾਲ : ਤੁਸੀ ਆਪਣੇ ਮੈਨੀਫੈਸਟੋ 'ਚ ਪੰਜਾਬ ਵਿੱਚ ਲਾਲ ਬੱਤੀ ਵਾਲਾ ਵੀ.ਆਈ.ਪੀ. ਕਲਚਰ ਖਤਮ ਕਰਨ ਦੀ ਗੱਲ ਕੀਤੀ ਹੈ। ਤੁਸੀਂ ਮੁੱਖ ਮੰਤਰੀ ਰਹਿ ਚੁੱਕੇ ਹੋ ਤਾਂ ਅਜਿਹਾ ਕਿਉਂ ਨਹੀਂ ਕੀਤਾ ?**

ਜਵਾਬ : ਹੁਣ ਮੈਨੂੰ ਪਤਾ ਲੱਗਾ ਹੈ ਕਿ ਲੋਕ ਇਸ ਕਲਚਰ ਤੋਂ ਤੰਗ ਹਨ। ਮੈਨੂੰ ਖੁਦ ਦਿੱਲੀ 'ਚ ਵੀ.ਆਈ.ਪੀ. ਲੋਕਾਂ ਦੇ ਕਾਫਲੇ ਦੇ ਲੰਘਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਕਈ ਵਾਰ ਮੈਂ ਘਰ ਤੋਂ ਨਿਕਲਦਾ ਹਾਂ ਅਤੇ ਪੁਲਿਸ ਬੈਰੀਕੇਡ 'ਤੇ ਰੋਕ ਲਿਆ ਜਾਂਦਾ ਹੈ। ਇੱਥੋਂ ਵੀ.ਆਈ.ਪੀ. ਕਾਫਲਾ ਲੰਘਣ ਤਕ ਸੜਕ 'ਤੇ ਹੀ ਇੰਤਜ਼ਾਰ ਕਰਨਾ ਪੈਂਦਾ ਹੈ। ਇਸੇ ਪ੍ਰੇਸ਼ਾਨੀ ਵੱਲ ਨਜ਼ਰ ਮਾਰੀ ਜਾ ਰਹੀ ਹੈ ਅਤੇ ਲਾਲ ਬੱਤੀ ਤੇ ਵੀ.ਆਈ.ਪੀ. ਕਲਚਰ ਖਤਮ ਕਰਨ ਦੀ ਸਕੀਮ ਬਣਾਈ ਹੈ।

ਹੁਣ ਮੈਨੂੰ ਪਤਾ ਲੱਗਾ ਹੈ ਕਿ ਲੋਕ ਇਸ ਕਲਚਰ ਤੋਂ ਤੰਗ ਹਨ। ਮੈਨੂੰ ਖੁਦ ਦਿੱਲੀ 'ਚ ਵੀ.ਆਈ.ਪੀ. ਲੋਕਾਂ ਦੇ ਕਾਫਲੇ ਦੇ ਲੰਘਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਕਈ ਵਾਰ ਮੈਂ ਘਰ ਤੋਂ ਨਿਕਲਦਾ ਹਾਂ ਅਤੇ ਪੁਲਿਸ ਬੈਰੀਕੇਡ 'ਤੇ ਰੋਕ ਲਿਆ ਜਾਂਦਾ ਹੈ। ਇੱਥੋਂ ਵੀ.ਆਈ.ਪੀ. ਕਾਫਲਾ ਲੰਘਣ ਤਕ ਸੜਕ 'ਤੇ ਹੀ ਇੰਤਜ਼ਾਰ ਕਰਨਾ ਪੈਂਦਾ ਹੈ। ਇਸੇ ਪ੍ਰੇਸ਼ਾਨੀ ਵੱਲ ਨਜ਼ਰ ਮਾਰੀ ਜਾ ਰਹੀ ਹੈ ਅਤੇ ਲਾਲ ਬੱਤੀ ਤੇ ਵੀ.ਆਈ.ਪੀ. ਕਲਚਰ ਖਤਮ ਕਰਨ ਦੀ ਸਕੀਮ ਬਣਾਈ ਹੈ।

# ਕੇਜਰੀਵਾਲ ਦਾ 'ਸੈਂਪਲ ਟੈਸਟ' ਰਿਹਾ ਫੇਲ੍ਹ

## ਕਿਹਾ : ਪੰਜਾਬ ਤੋਂ ਹੀ ਹੋਵੇਗਾ ਮੁੱਖ ਮੰਤਰੀ

**ਪਟਿਆਲਾ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਖ਼ਰ ਬਿਆਨ ਦੇਣਾ ਪਿਆ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਉਮੀਦਵਾਰ ਨਹੀਂ ਹਨ ਅਤੇ ਪੰਜਾਬ ਦਾ ਮੁੱਖ ਮੰਤਰੀ ਪੰਜਾਬ ਤੋਂ ਹੀ ਹੋਵੇਗਾ। ਦਰਅਸਲ, ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਵੋਟ ਪਾਉਣ ਸਮੇਂ ਇਹ ਸੋਚਣਾ ਚਾਹੀਦਾ ਹੈ ਕਿ ਅਰਵਿੰਦ ਕੇਜਰੀਵਾਲ ਹੀ ਪੰਜਾਬ ਦੇ ਮੁੱਖ ਮੰਤਰੀ ਹੋਣਗੇ। ਮੰਨਿਆ ਜਾ ਰਿਹਾ ਸੀ ਕਿ ਕੇਜਰੀਵਾਲ ਨੇ ਸਿਸੋਦੀਆ ਦੇ ਇਸ ਬਿਆਨ ਜ਼ਰੀਏ ਪੰਜਾਬ ਦੇ ਲੋਕਾਂ ਦਾ ਹੁੰਗਾਰਾ ਪਰਖਿਆ ਸੀ, ਜਿਸ 'ਚ ਉਨ੍ਹਾਂ ਨੂੰ ਨਿਰਾਸ਼ਾ ਹੱਥ ਲੱਗੀ। ਸਾਰੀਆਂ ਪਾਰਟੀਆਂ ਨੇ ਤਾਂ ਘੇਰਿਆ ਹੀ, ਉਨ੍ਹਾਂ ਦੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਸਾਫ਼ ਕਹਿ ਦਿੱਤਾ ਕਿ ਪੰਜਾਬ ਦਾ ਮੁੱਖ ਮੰਤਰੀ ਪੰਜਾਬੀ ਹੀ ਹੋਵੇਗਾ, ਦਿੱਲੀ ਤੋਂ ਨਹੀਂ ਆਵੇਗਾ। ਕਾਂਗਰਸ ਅਤੇ ਅਕਾਲੀ ਦਲ ਨੇ ਕਿਹਾ ਸੀ ਕਿ ਕੇਜਰੀਵਾਲ ਦਾ ਲਾਲਚ ਸਾਹਮਣੇ ਆ ਗਿਆ ਹੈ।



### 'ਮੈਨੂੰ ਸੁਪਨੇ 'ਚ ਭੂਤ ਵਾਂਗ ਵੇਖ ਕੇ ਤਿੰਨ ਵਾਰੀ ਨੀਂਦ ਤੋਂ ਉੱਠੇ ਸੁਖਬੀਰ ਬਾਦਲ'

ਕੇਜਰੀਵਾਲ ਨੇ ਪਟਿਆਲਾ ਵਿਚ ਇਕ ਚੋਣ ਰੈਲੀ 'ਚ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਮੁੱਖ ਮੰਤਰੀ ਪੰਜਾਬ ਦਾ ਹੀ ਹੋਵੇਗਾ। ਨਾਲ ਹੀ ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਕਿਸ ਤਰ੍ਹਾਂ ਬਣ ਸਕਦੇ ਹਨ ਜਦੋਂ ਦਿੱਲੀ ਦੀ ਜਨਤਾ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਹੈ, ਉਹ ਦਿੱਲੀ ਦੇ ਮੁੱਖ ਮੰਤਰੀ ਹਨ। ਉਨ੍ਹਾਂ ਅੱਗੇ ਕਿਹਾ ਕਿ ਹਾਂ, ਉਹ ਇਸ ਗੱਲ ਦੀ ਗਾਰੰਟੀ ਲੈਂਦੇ ਹਨ ਕਿ 'ਆਪ' ਨੇ ਜੋ ਵਾਅਦੇ ਕੀਤੇ ਹਨ ਉਸ ਨੂੰ ਪੂਰਾ ਕਰਾਉਣ ਦੀ ਜ਼ਿੰਮੇਵਾਰੀ ਉਹ ਵਿਅਕਤੀਗਤ ਤੌਰ 'ਤੇ ਖ਼ੁਦ ਲੈਂਦੇ ਹਨ। ਉਨ੍ਹਾਂ ਕਿਹਾ, 'ਸਿਸੋਦੀਆ ਨੇ ਕਿਹਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਕੋਈ ਵੀ ਹੋਵੇ, ਜਿੰਨੇ ਵਾਅਦੇ ਕੇਜਰੀਵਾਲ ਕਰ ਰਹੇ ਹਨ, ਉਨ੍ਹਾਂ ਨੂੰ ਪੂਰਾ ਕਰਾਉਣ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੀ ਬਣਦੀ ਹੈ। ਦੱਸੀ ਕੀ ਗ਼ਲਤ ਕਿਹਾ ? ਜਦੋਂ ਤੋਂ ਇਹ ਗੱਲ ਉੱਠੀ ਹੈ, ਬਾਦਲਾਂ, ਕੈਪਟਨ, ਮਜੀਠੀਆ ਦੀ ਨੀਂਦ ਹਰਾਮ ਹੋ ਗਈ ਹੈ। ਮੈਨੂੰ ਪਤਾ ਲਗਿਆ ਹੈ ਕਿ ਰਾਤ ਨੂੰ ਸੁਖਬੀਰ ਬਾਦਲ ਦੀ ਤਿੰਨ ਵਾਰੀ ਨੀਂਦ ਟੁੱਟੀ, (ਮੈਂ) ਭੂਤ ਵਾਂਗ ਉਨ੍ਹਾਂ ਦੇ ਸੁਪਨੇ 'ਚ ਆ ਰਿਹਾ ਸੀ।'

*ਸ਼ਰਤਾਂ ਨਾਲ ਕਾਂਗਰਸ ਵਿਚ ਸ਼ਾਮਲ ਹੋਣ ਮਗਰੋਂ ਨਵਜੋਤ ਸਿੱਧੂ ਬੋਲੇ*

# "ਮੈਂ ਤਾਂ ਪੈਦਾਇਸ਼ੀ ਕਾਂਗਰਸੀ ਹਾਂ"

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਆਪਣੀਆਂ ਸ਼ਰਤਾਂ ਮਨਵਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਸਿੱਧੂ ਨੇ ਪਾਰਟੀ ਵਿਚ ਸ਼ਾਮਲ ਹੋਣ ਤੋਂ ਇਕ ਦਿਨ ਬਾਅਦ ਰਸਮੀ ਪ੍ਰੈੱਸ ਕਾਨਫਰੰਸ ਵਿਚ ਆਪਣੇ ਦਿਲ ਦਾ ਹਾਲ ਰੱਖਿਆ। ਉਨ੍ਹਾਂ ਨੇ ਕਿਹਾ ਕਿ ਉਹ ਪੈਦਾਇਸ਼ੀ ਕਾਂਗਰਸੀ ਹਨ ਤੇ ਹੁਣ ਉਨ੍ਹਾਂ ਦੀ ਘਰ ਵਾਪਸੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਜਿਥੋਂ ਕਹੇਗੀ, ਉਹ ਚੋਣ ਲੜਨਗੇ। ਭਾਜਪਾ 'ਤੇ ਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ ਗਠਜੋੜ ਨੂੰ ਚੁਣਿਆ ਤੇ ਮੈਂ ਪੰਜਾਬ ਨੂੰ। ਪੰਜਾਬ ਦੀ ਮੌਜੂਦਾ ਸਥਿਤੀ 'ਤੇ ਟਿੱਪਣੀ ਕਰਦਿਆਂ ਸਿੱਧੂ ਨੇ ਕਿਹਾ ਕਿ ਪੰਜਾਬ ਦੀ ਹਾਲਤ 'ਤੇ ਹੁਣ ਫ਼ਿਲਮਾਂ ਬਣ ਰਹੀਆਂ ਹਨ। ਹਰੀ ਕਰਾਂਤੀ ਲਈ ਜਾਣੇ ਜਾਂਦੇ ਪੰਜਾਬ ਨੂੰ ਹੁਣ ਚਿੱਟੇ ਪੰਜਾਬ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਨਸ਼ਿਆਂ ਨੇ ਨੌਜਵਾਨੀ ਨੂੰ ਤਬਾਹ ਕਰ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਸਿੱਧੂ ਦੇ ਆਉਣ ਨਾਲ ਕਾਂਗਰਸ ਨੂੰ ਖਾਸ ਤੌਰ 'ਤੇ ਮਾਝੇ ਵਿੱਚ ਹੁਲਾਰਾ ਮਿਲੇਗਾ। ਭਾਵੇਂ ਇਹ ਪਤਾ ਨਹੀਂ ਲੱਗਾ ਕਿ ਸ੍ਰੀ ਸਿੱਧੂ ਨੇ ਕਿਹੜੀਆਂ ਸ਼ਰਤਾਂ ਮਨਵਾਈਆਂ ਹਨ ਪਰ ਦੱਸਣਯੋਗ ਹੈ ਕਿ ਉਹ ਉਪ ਮੁੱਖ ਮੰਤਰੀ ਦੇ ਅਹੁਦੇ ਲਈ ਕਾਫ਼ੀ ਦੇਰ ਤੋਂ ਯਤਨਸ਼ੀਲ ਹਨ। ਸ੍ਰੀ ਸਿੱਧੂ ਜਲੰਧਰ ਛਾਉਣੀ ਤੋਂ ਪਰਗਟ ਸਿੰਘ ਨੂੰ ਟਿਕਟ ਦਿਵਾਉਣ ਲਈ ਵੀ ਬਜ਼ਿੱਦ ਸਨ ਅਤੇ ਉਹ ਖ਼ੁਦ ਅੰਮ੍ਰਿਤਸਰ ਪੂਰਬੀ ਤੋਂ ਟਿਕਟ ਹਾਸਲ ਕਰ ਚੁੱਕੇ ਹਨ।

ਪਟਿਆਲਾ ਨਾਲ ਸਬੰਧਤ ਨਵਜੋਤ ਸਿੱਧੂ ਪਹਿਲੀ ਵਾਰ 2004 ਵਿਚ ਅੰਮ੍ਰਿਤਸਰ ਤੋਂ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਮੈਂਬਰ ਬਣੇ ਸਨ। ਬਾਅਦ ਵਿਚ ਉਨ੍ਹਾਂ ਨੇ ਜ਼ਿਮਨੀ ਚੋਣ ਵੀ ਜਿੱਤੀ ਸੀ। ਉਹ 2009 ਵਿੱਚ ਇਸੇ ਹਲਕੇ ਤੋਂ ਮੁੜ ਜਿੱਤੇ ਸਨ। ਪਿਛਲੇ ਸਾਲ ਅਪ੍ਰੈਲ ਵਿਚ ਉਨ੍ਹਾਂ ਨੂੰ ਭਾਜਪਾ ਨੇ ਰਾਜ ਸਭਾ ਮੈਂਬਰ ਬਣਾਇਆ ਸੀ ਪਰ ਦੋ ਮਹੀਨੇ ਬਾਅਦ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਸੀ। ਭਾਜਪਾ ਨੂੰ ਅਲਵਿਦਾ ਕਹਿ ਕੇ ਉਨ੍ਹਾਂ ਨੇ ਸਾਬਕਾ ਹਾਕੀ ਖਿਡਾਰੀ ਪਰਗਟ ਸਿੰਘ ਅਤੇ ਬੈਂਸ ਭਰਾਵਾਂ ਨਾਲ ਮਿਲ ਕੇ ਆਵਾਜ਼-ਏ-ਪੰਜਾਬ ਨਾਂ ਦਾ ਸਿਆਸੀ ਫਰੰਟ ਬਣਾਇਆ ਸੀ। ਫਰੰਟ ਸਫ਼ਲ ਹੋਣ ਤੋਂ ਪਹਿਲਾਂ ਹੀ ਬਿਖਰ ਗਿਆ ਸੀ। ਪਹਿਲਾਂ ਬੈਂਸ ਭਰਾ ਵੱਖ ਹੋ ਗਏ ਅਤੇ ਬਾਅਦ

**ਬਾਕੀ ਸਫ਼ਾ 33 'ਤੇ**

ਅੰਮ੍ਰਿਤਸਰ ਟਾਈਮਜ਼
AMRITSAR TIMES
18 ਜਨਵਰੀ 2017 ਤੋਂ 24 ਜਨਵਰੀ 2017

# ਬਾਬਿਆਂ ਦੇ ਸਿੰਗ ਫਸਗੇ, ਨਿਤਰੂ  ਲੋਕਾਂ ਦਾ ਹਾਣੀ

**ਸ.ਫ਼ਾ ਇਕ ਦਾ ਬਾਕੀ**

'ਫ਼ਖ਼ਰ-ਏ-ਕੌਮ' ਦਾ ਤਮਗ਼ਾ ਆਪਣੇ ਸਿਰ ਸਜਾਉਣ ਵਾਲੇ ਵੱਡੇ ਬਾਦਲ ਨੂੰ ਉਸ ਦੇ 'ਜੱਦੀ ਹਲਕੇ' ਵਿੱਚ ਆ ਲਲਕਾਰੇਗਾ। ਦੋਵਾਂ ਨਾਮੀ ਰਾਜਸੀ ਭਲਵਾਨਾਂ ਦੇ ਆਹਮੋ-ਸਾਹਮਣੇ ਰਾਜਸੀ ਅਖ਼ਾੜੇ ਵਿੱਚ ਉੱਤਰਨ ਨਾਲ ਪੰਜਾਬ ਵਿਧਾਨ ਸਭਾ ਦੇ 117 ਹਲਕਿਆਂ ਦੀ ਚੋਣ ਲਈ ਸਿਆਸੀ ਮੈਦਾਨ ਨਵੇਂ ਅਤੇ ਬੜੇ ਹੀ ਦਿਲਚਸਪ ਦੌਰ ਵਿੱਚ ਦਾਖ਼ਲ ਹੋ ਗਿਆ ਹੈ। ਇਸ ਬਾਰੇ ਵੀ ਕੋਈ ਸ਼ੱਕ ਨਹੀਂ ਕਿ ਜਿੱਥੇ ਕੈਪਟਨ ਨੇ ਅਪਣੇ ਰਾਜਸੀ ਜੀਵਨ ਦੀ ਇਸ ਆਖ਼ਰੀ ਚੋਣ ਲੜਾਈ ਲਈ ਸਭ ਕੁਝ ਦਾਅ ਉੱਤੇ ਲਾ ਦਿੱਤਾ ਹੈ, ਉੱਥੇ ਉਮਰ ਦੇ ਤਕਾਜ਼ੇ ਤੋਂ ਵੱਡੇ ਬਾਦਲ ਦੀ ਵੀ ਇਹ ਅੰਤਮ ਲੜਾਈ ਹੀ ਕਹੀ ਜਾ ਸਕਦੀ। ਭਾਵੇਂ ਪਰਿਵਾਰ ਮੋਹ ਲਈ ਪੰਜਾਬ ਦਾ ਸਭ ਕੁਝ ਦਾਅ ਉੱਤੇ ਲਾਉਣ ਵਾਲੇ ਬਾਦਲ ਨੇ ਆਪਣੀ 'ਆਖ਼ਰੀ' ਚੋਣ ਹੋਣ ਦਾ ਸਿੱਧੇ ਰੂਪ ਵਿੱਚ ਐਲਾਨ ਤਾਂ ਨਹੀਂ ਕੀਤਾ ਪਰ 90ਵਿਆਂ ਨੂੰ ਢੁੱਕੇ ਘਾਗ ਸਿਆਸਤਦਾਨ ਲਈ ਇਸ ਤੋਂ ਬਾਅਦ ਸ਼ਾਇਦ ਰਾਜਸੀ ਤਾਂ ਕੀ ਸਰੀਰਕ ਕਦਮ ਪੁਟਣੇ ਵੀ ਸੁਖ਼ਾਲੇ ਨਾ ਹੋਣ। ਦੂਜੇ ਪਾਸੇ ਦੋਵਾਂ ਆਗੂਆਂ ਦੇ ਰਾਜਸੀ ਵਿਰੋਧੀਆਂ ਵਲੋਂ ਇਸ ਇਤਿਹਾਸਕ ਰਾਜਸੀ ਭੇੜ ਨੂੰ 'ਨੂਰੇ ਦੀ ਕੁਸ਼ਤੀ' (ਆਪਸ ਵਿੱਚ ਰਲੇ ਹੋਣ) ਹੋਣ ਦੇ ਦੋਸ਼ ਲਾਏ ਜਾਣ ਦੇ ਬਾਵਜੂਦ ਆਮ ਲੋਕਾਂ ਅਤੇ ਰਾਜਸੀ ਦਰਸ਼ਕਾਂ ਦੀਆਂ ਨਜ਼ਰਾਂ 'ਲੰਬੀ ਹਲਕੇ' ਉੱਤੇ ਲੱਗ ਗਈਆਂ ਹਨ। ਵੱਖ ਵੱਖ ਥਾਵਾਂ ਤੋਂ ਮਿਲਦੀਆਂ ਕਨਸੋਆਂ ਮੁਤਾਬਕ ਨਿੱਤ ਨਵੇਂ ਵਿਵਾਦਾਂ ਵਿੱਚ ਘਿਰਣ ਜਾਂ ਘੇਰੇ ਜਾਣ ਦੇ ਬਾਵਜੂਦ ਪੰਜਾਬ ਦੇ ਆਮ ਲੋਕਾਂ ਵਿੱਚ ਹਰਮਨਪਿਆਰਤਾ ਦੇ ਝੰਡੇ ਗੱਡੀ ਆ ਰਹੀ ਆਮ ਆਦਮੀ ਪਾਰਟੀ, ਜਿਸ ਨੇ ਪੰਜਾਬ ਦੀਆਂ ਦੋਵਾਂ ਰਵਾਇਤੀ ਵਿਰੋਧੀ ਪਾਰਟੀਆਂ ਅਕਾਲੀ ਦਲ ਅਤੇ ਕਾਂਗਰਸ ਨੂੰ ਰਾਜਸੀ ਤੌਰ ਉੱਤੇ ਭਾਜੜਾਂ ਪਾਈਆਂ ਹਨ, ਨੇ ਆਪਣੇ ਦਿੱਲੀ ਵਿਧਾਇਕ ਜਰਨੈਲ ਸਿੰਘ ਨੂੰ ਲੰਬੀ ਹਲਕੇ ਵਿੱਚ ਉਤਾਰ ਕੇ ਬਾਦਲਾਂ ਦੀ ਚੜ੍ਹਤ ਨੂੰ ਵੱਡੀ ਚੁਣੌਤੀ ਦਿੱਤੀ ਹੋਈ ਸੀ। ਪੱਤਰਕਾਰ ਹੁੰਦਿਆਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸਿੱਖ ਵਿਰੋਧੀ ਦਿੱਲੀ ਦੰਗਿਆਂ ਦੇ ਮਾਮਲੇ ਤੋਂ ਉਸ ਵੇਲੇ ਦੇ ਕਾਂਗਰਸੀ ਗ੍ਰਹਿ ਮੰਤਰੀ ਪੀ ਚਿਦੰਬਰਮ ਵਲ ਜੁਤੀ ਵਗਾਹ ਮਾਰਨ ਵਾਲੇ ਜਰਨੈਲ ਸਿੰਘ ਨੇ ਸਿੱਖਾਂ ਦੇ 'ਜਰਨੈਲ' ਵਜੋਂ ਸਿੱਖ ਮਨਾਂ ਵਿੱਚ ਕਾਫ਼ੀ ਸਤਿਕਾਰ ਵਾਲੀ ਥਾਂ ਬਣਾਈ ਹੋਣ ਕਾਰਨ ਲੰਬੀ ਵਿਚ ਪਹਿਲਾਂ ਹੀ ਹੱਲਚੱਲ ਮਚਾਈ ਹੋਈ ਸੀ। ਅਮਰਿੰਦਰ ਸਿੰਘ ਦਾ ਦਾਖ਼ਲਾ ਬਾਦਲਾਂ ਤੇ ਆਮ ਆਦਮੀ ਪਾਰਟੀ ਲਈ ਨਵੀਂ ਆਫ਼ਤ ਵਜੋਂ ਉਭਰੇਗਾ।

ਲੰਬੀ ਵਿਧਾਨ ਸਭਾ ਹਲਕੇ ਦੇ ਨਾਲ ਨਾਲ ਫਿਰੋਜ਼ਪੁਰ ਜ਼ਿਲ੍ਹੇ ਦਾ ਜਲਾਲਾਬਾਦ ਵਿਧਾਨ ਸਭਾ ਹਲਕਾ ਵੀ ਦੇਸ਼-ਵਿਦੇਸ਼ ਵਿਚਲੇ ਪੰਜਾਬੀਆਂ ਦੀਆਂ ਨਜ਼ਰਾਂ ਦਾ ਕੇਂਦਰ ਬਿੰਦੂ ਬਣ ਗਿਆ ਹੈ। ਪੰਜਾਬ ਦੇ ਆਮ ਲੋਕਾਂ ਦਾ 'ਬੇਤਾਜ ਬਾਦਸ਼ਾਹ' ਬਣੇ ਆ ਰਹੇ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਜਿੱਥੇ ਪੰਜਾਬ ਦੇ ਰਾਜਸੀ ਅਖ਼ਾੜੇ ਵਿੱਚ ਰੌਣਕਾਂ ਲਾਈਆਂ ਹੋਈਆਂ ਹਨ, ਉੱਥੇ ਛੋਟੇ ਬਾਦਲ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਦੀ ਚੋਣ ਰਣਨੀਤੀ ਨੂੰ ਰੋਲ ਕੇ ਰੱਖਣ ਦਾ ਨਾਅਰਾ ਲੋਕਾਂ ਦੀ ਕਚਹਿਰੀ ਵਿੱਚ ਉਭਾਰਿਆ ਹੋਇਆ ਹੈ।  ਕਾਂਗਰਸ ਪਾਰਟੀ ਵਲੋਂ ਆਪਣੇ ਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੂੰ ਅਚਾਨਕ ਚੋਣ ਮੈਦਾਨ ਵਿੱਚ ਸਿੰਗਾਰ ਕੇ ਭੇਜਣ ਨਾਲ ਜਲਾਲਾਬਾਦ ਦੀ ਚੋਣ ਸਾਰੇ ਹੀ ਉਮੀਦਵਾਰਾਂ ਲਈ ਚੁਣੌਤੀਆਂ ਭਰੀ ਬਣਨ ਦੇ ਆਸਾਰ ਹਨ। ਸਿੱਧੇ ਮੁਕਾਬਲੇ ਵਿੱਚ ਛੋਟੇ ਬਾਦਲ ਲਈ ਭਗਵੰਤ ਮਾਨ ਵਲੋਂ ਖੜ੍ਹੀਆਂ ਕੀਤੀਆਂ ਮੁਸ਼ਕਲਾਂ ਸ਼ਾਇਦ ਤਿਕੋਣਾ ਮੁਕਾਬਲਾ ਬਣ ਜਾਣ ਕਾਰਨ ਕੁਝ ਘੱਟ ਜਾਣ।

ਹਾਂ ਪੰਜਾਬ ਕਾਂਗਰਸ ਦੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ, ਜਿਸ ਨੇ 2014 ਵਿੱਚ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ, ਉਸੇ ਸਾਲ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਅਤੇ ਫਿਰ ਕੁਝ ਸਮਾਂ ਬਾਅਦ ਬਿਹਾਰ ਵਿਧਾਨ ਸਭਾ ਚੋਣਾਂ ਵੇਲੇ ਨਿਤੀਸ਼-ਲਾਲੂ ਅਤੇ ਕਾਂਗਰਸ ਵਾਲੇ ਮਹਾਂਗਠਜੋੜ ਦੀ ਬੇੜੀ ਬੰਨ੍ਹੇ ਲਾਈ, ਵਲੋਂ ਐਨ ਆਖ਼ਰੀ ਸਮੇਂ ਲੰਬੀ ਅਤੇ ਜਲਾਲਾਬਾਦ ਹਲਕਿਆਂ ਵਿਚ ਚਲਿਆ 'ਧੋਬੀ ਪਟੜਾ' ਦਾਅ ਬਾਦਲਾਂ ਲਈ 'ਰਾਜਸੀ ਬਲਾ' ਬਣ ਕੇ ਆਇਆ ਹੈ। ਨਾਲ ਹੀ ਰਾਜਸੀ ਤਿਕੜਮਬਾਜ਼ ਵਜੋਂ ਜਾਣੇ ਜਾਂਦੇ ਨਵਜੋਤ ਸਿੱਧੂ ਵਲੋਂ ਲੰਬੀਆਂ ਕਿਆਸਅਰਾਈਆਂ ਦੌਰਾਨ ਕਾਂਗਰਸ ਪਾਰਟੀ ਵਿੱਚ ਨਾਟਕੀ ਢੰਗ ਨਾਲ ਸ਼ਮੂਲੀਅਤ ਤੋਂ ਤੁਰੰਤ ਬਾਅਦ 'ਭਾਗ ਬਾਦਲ ਭਾਗ' ਦਾ ਤਰਾਨਾ ਗਾਉਣ ਨੇ ਬਾਦਲਕਿਆਂ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ ਹੈ। ਬਾਦਲ ਪਿਓ-ਪੁੱਤ ਤੋਂ ਕਿਤੇ ਵੱਧ ਨੂੰਹ ਹਰਸਿਮਰਤ ਕੌਰ ਬਾਦਲ ਦੇ ਬਿਆਨ ਉਨ੍ਹਾਂ ਬੁਥਖ਼ਲਾਹਟ ਦੇ ਨਾਲ ਰਾਜਸੀ ਬਚਗਾਨੇਪਣ ਦਾ ਪ੍ਰਗਟਾ ਹਨ। ਸੱਤਾਧਾਰੀ ਸ਼੍ਰੋਮਣੀ ਅਕਾਲੀ ਪਾਰਟੀ ਦੇ ਨੀਤੀਘਾੜੇ, ਰਾਜਸੀ ਅਤੇ ਮੀਡੀਆ ਸਲਾਹਕਾਰ ਕਾਂਗਰਸ ਪਾਰਟੀ ਅਤੇ ਅਮਰਿੰਦਰ ਸਿੰਘ ਬਾਰੇ ਜੋ ਮਰਜ਼ੀ ਬਿਆਨ ਦਾਗੀ ਜਾਣ, ਪੰਜਾਬ ਦੇ ਹਿੱਤਾਂ ਅਤੇ ਸਿੱਖ ਮਸਲਿਆਂ ਬਾਰੇ ਸਦਾ ਸਪਸ਼ਟ ਅਤੇ ਡਟਵਾਂ ਸਟੈਂਡ ਲੈਣ ਵਾਲੇ ਕੈਪਟਨ ਨੇ ਬਾਦਲਾਂ ਨੂੰ ਉਨ੍ਹਾਂ ਦੇ ਘਰ ਦੇ ਵੇਹੜੇ ਵਿਚ ਵਖ਼ਤ ਪਾ ਦਿੱਤਾ ਹੈ। ਅਕਾਲੀ-ਭਾਜਪਾ ਸਰਕਾਰ ਵਲੋਂ ਪੰਜਾਬ ਦੇ ਸਰਕਾਰੀ ਖਜ਼ਾਨੇ ਨੂੰ ਦਾਅ ਉੱਤੇ ਲਾ ਕੇ ਕੀਤੇ ਵਿਕਾਸ ਕਾਰਜਾਂ ਦੇ ਜ਼ੋਰ ਚੋਣ ਮੈਦਾਨ ਵਿੱਚ ਹਮਲਾਵਰ ਰਣਨੀਤੀ ਅਪਣਾਉਣ ਵਾਲੀ ਰਾਜਸੀ ਧਿਰ ਦੇ 'ਜਰਨੈਲ' ਪ੍ਰਕਾਸ਼ ਸਿੰਘ ਬਾਦਲ ਵਲੋਂ ਅਮਰਿੰਦਰ ਸਿੰਘ ਅਤੇ ਆਮ ਆਦਮੀ ਪਾਰਟੀ ਨੂੰ 'ਬਾਹਰੀ ਹਮਲਾਵਰ' ਕਹਿਣਾ ਵੱਡੇ ਬਾਦਲ ਦੀ ਘਬਰਾਹਟ ਨੂੰ ਜੱਗ ਜ਼ਾਹਰ ਕਰਦਾ ਹੈ। ਸਾਰੇ ਵਰਤਾਰੇ ਨੂੰ ਲੰਬੀ ਹਲਕੇ ਤੋਂ ਬਾਹਰ ਜਾ ਕੇ ਵੇਖਿਆਂ ਪੰਜਾਬ ਦੀਆਂ ਦੋਵੇਂ ਬਹੁਤ ਪੁਰਾਣੀਆਂ ਰਾਜਸੀ ਪਾਰਟੀਆਂ ਦੇ ਆਮ ਉਮੀਦਵਾਰਾਂ ਲਈ ਹੀ ਨਹੀਂ ਬਲਕਿ 'ਵੱਡੀਆਂ ਤੋਪਾਂ' ਲਈ ਭਗਵੰਤ ਮਾਨ ਜਿਹੇ ਦੇਸੀ ਪਿਸਤੌਲਾਂ ਦਾ ਸਾਹਮਣਾ ਖ਼ਤਰਿਆਂ ਤੋਂ ਖਾਲ੍ਹੀ ਨਹੀਂ। ਪੰਜਾਬ ਵਿੱਚ ਕਾਫ਼ੀ ਸਮੇਂ ਤੋਂ ਠੰਢੀਆਂ ਜਿਹੀਆਂ ਚੱਲੀਆਂ ਆ ਰਹੀਆਂ ਰਾਜਸੀ ਸਰਗਰਮੀਆਂ ਨਾਮਜ਼ਦਗੀਆਂ ਦਾ ਸਿਲਸਿਲਾ ਸ਼ੁਰੂ ਹੋਣ ਦੇ ਨਾਲ ਹੀ ਸਿਖ਼ਰ ਵਲ ਵਧਣੀਆਂ ਸ਼ੁਰੂ ਹੋ ਗਈਆਂ ਹਨ।

ਬਾਦਲਾਂ ਵਿਰੁੱਧ ਲੋਕ ਰੋਹ ਹੁਣ ਬਹੁਤਾ ਲੁਕਿਆ ਛੁਪਿਆ ਨਹੀਂ ਰਿਹਾ। ਰਾਜਸੀ ਆਗੂਆਂ ਨੂੰ ਜੁੱਤੀਆਂ ਮਾਰਨ ਦਾ ਕੰਮ ਜੋ ਇਰਾਕ ਉੱਤੇ ਹਮਲਾ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਵਲ ਇੱਕ ਪੱਤਰਕਾਰ ਵਲੋਂ ਜੁੱਤੀ ਚਲਾਉਣ ਨਾਲ ਉਭਰ ਕੇ ਸਾਹਮਣੇ ਆਇਆ, ਲੰਬੀ ਹਲਕੇ ਵਿੱਚ ਆਪਣੇ ਨਿਸ਼ਾਨੇ ਨੂੰ ਪੂਰਾ ਕਰ ਲੈਣ ਦੇ ਅਮਲ ਨਾਲ ਨੇਪਰੇ ਚੜ੍ਹਿਆ। ਇਸ ਬਜ਼ੁਰਗ ਉਮਰੇ ਪ੍ਰਕਾਸ਼ ਸਿੰਘ ਬਾਦਲ ਜਿਹੇ ਸਿਆਸਤਦਾਨ ਵਿਰੁੱਧ ਕਿਸੇ ਵਲੋਂ ਅਜਿਹੀ ਕਾਰਵਾਈ ਕਰਨੀ ਭਾਵੇਂ ਸਦਾਚਾਰਕ ਪੱਖੋਂ ਬਹੁਤਿਆਂ ਨੂੰ ਠੀਕ ਨਾ ਲਗਦੀ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਬਾਰੇ ਮੀਸਣੀ ਚੁੱਪ ਧਾਰਨ ਵਾਲੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਨੂੰ 'ਜੁੱਤੀ ਦਾ ਨਿਸ਼ਾਨਾ' ਬਣਾਉਣ ਵਾਲਾ ਗੁਰਬਚਨ ਸਿੰਘ ਸਿੱਖ ਹਲਕਿਆਂ ਵਿੱਚ ਜਿਹੜਾ ਸਤਿਕਾਰ ਹਾਸਲ ਕਰ ਗਿਆ ਹੈ, ਉੱਹ 'ਫ਼ਖ਼ਰ-ਏ-ਕੌਮ' ਦੇ ਖ਼ਿਤਾਬ ਤੋਂ ਕਿਤੇ ਵੱਡਾ ਹੈ। ਵੈਸੇ ਵੀ ਕਿਸੇ ਰਾਜਸੀ ਆਗੂ ਦੇ 'ਸਾਫ਼ ਅਤੇ ਸਿੱਧੇ ਰੂਪ ਵਿੱਚ ਜੁੱਤੀ ਵੱਜਣ' ਦੀ ਇਹ ਕਾਰਵਾਈ ਕਿਸੇ ਆਗੂ ਦੀ ਬੇਇੱਜ਼ਤੀ ਦਾ ਇਸ ਤੋਂ ਵੱਡਾ ਕੋਈ ਹੋਰ ਕੋਈ ਕਰਮ ਅੱਜ ਤੱਕ ਸਾਹਮਣੇ ਨਹੀਂ ਆਇਆ। 'ਕੁੰਢੀਆਂ ਦੇ ਸਿੰਗ ਫਸਗੇ, ਨਿੱਤਰੂ ਵੜੇਂਵੇਂ ਖਾਣੀ' ਦੀ ਪੰਜਾਬੀ ਕਹਾਵਤ ਲੰਬੀ ਵਿੱਚ 'ਬਾਬਿਆਂ ਦੇ ਸਿੰਗ ਫਸਗੇ, ਨਿੱਤਰੂ ਲੋਕਾਂ ਦਾ ਹਾਣੀ' ਵਜੋ  ਵੇਖੀ ਸਮਝੀ ਤੇ ਬਿਆਨੀ ਜਾ ਸਕਦੀ ਹੈ। *ਕੇਜ਼ਰੀਵਾਲ ਵਲੋਂ 'ਦੋਸਤਾਨਾ ਮੈਚ ਬਾਦਲ ਨੂੰ ਜਿਤਾਉਣ ਲਈ ਕੈਪਟਨ ਵਲੋਂ ਲੰਬੀ ਤੋਂ ਚੋਣ ਲੜ੍ਹਣ'* ਵਾਲਾ ਬਿਆਨ ਆਮ ਆਦਮੀ ਪਾਰਟੀ ਦੇ ਵੱਡੇ ਆਗੂ ਦੀ ਬੜੀ ਛੋਟੀ ਜਿਹੀ 'ਬੇਸਿਰ ਪੈਰ ਟਿਪਣੀ' ਵਜੋਂ ਹੀ ਲਿਆ ਜਾਵੇਗਾ। ਹੋਰਨਾਂ ਸੀਟਾਂ 'ਤੇ ਵੀ ਆਪੋ ਆਪਣੇ ਬੂਥ ਲੱਗਣ ਵਿਚ ਘਿਰੇ ਅਕਾਲੀਆਂ ਕੋਲ ਦੂਜੇ ਹਲਕਿਆਂ ਦੇ ਆਪਣੇ ਆਗੂਆਂ ਤੇ ਉਮੀਦਵਾਰਾਂ ਦੀ ਬਾਤ ਪੁੱਛਣ ਦਾ ਸਮਾਂ ਕਿੱਥੇ ਮਿਲਣੈ। ਕੈਪਟਨ ਵਲੋਂ ਪਟਿਆਲੇ ਵਿੱਚ ਭਾਰਤੀ ਫੌਜ ਦੇ ਸਾਬਕਾ ਜਰਨੈਲ ਤੇ ਲੰਬੀ ਵਿੱਚ ਆਮ ਆਦਮੀ ਪਾਰਟੀ ਦੇ ਦਿੱਲੀਓਂ ਆਏ ਜਰਨੈਲ ਨਾਲ ਰਾਜਸੀ ਮੁਕਾਬਲਾ ਜੋ ਵੀ ਨਤੀਜੇ ਕੱਢੇ ਪੰਜਾਬ ਦੇ ਰਾਜਸੀ ਇਤਿਹਾਸ ਵਿਚ ਅਮਰਿੰਦਰ ਸਿੰਘ ਨੂੰ ਸਭ ਤੋਂ ਧੜੱਲੇਦਾਰ ਆਗੂ ਵਜੋਂ ਜਾਣਿਆ ਜਾਂਦਾ ਰਹੇਗਾ।

**ਕੋਈ ਸਮੂਹ ਉਦੋਂ ਕੌਮ ਬਣਦਾ ਹੈ ਜਦੋਂ ਉਹ ਰਾਜਸੀ ਤੌਰ ਤੇ ਅਜ਼ਾਦ ਹੋ ਜਾਵੇ ਜਾਂ ਕਿਸੇ ਬਹੁ-ਕੌਮੀ ਸਟੇਟ ਵਿੱਚ ਭਾਰੂ ਗਿਣਤੀ ਦੇ ਤੌਰ ਤੇ ਹੋਵੇ। ਜੇ ਕਿਸੇ ਕੌਮ ਕੋਲ ਆਪਣਾਂ ਵੱਖਰਾ ਅਤੇ ਅਜ਼ਾਦ ਮੁਲਕ ਨਹੀ ਹੈ ਤਾਂ ਉਸ ਨੂੰ ਵੀ ਕੌਮ ਦਾ ਦਰਜਾ ਦਿੱਤਾ ਜਾ ਸਕਦਾ ਹੈ ਜੇ ਉਸ ਵਿੱਚ ਰਾਜਸੀ ਸਵੈ-ਨਿਰਣੇ ਅਤੇ ਸਵੈ-ਸ਼ਾਸ਼ਨ ਦੀ ਰੀਝ ਪਈ ਹੋਵੇ। ਗੈਟ ਆਖਦਾ ਹੈ ਕਿ ਬਹੁ-ਕੌਮੀ ਰਾਜਾਂ ਵਿੱਚ ਘੱਟ-ਗਿਣਤੀ ਕੌਮਾਂ ਦਾ ਆਪਣੇ ਵਜੂਦ ਨੂੰ ਕਾਇਮ ਰੱਖਣਾ ਇਤਿਹਾਸਕ ਤੌਰ ਤੇ ਬਹੁਤ ਔਖਾ ਕਾਰਜ ਹੈ ਕਿਉਂਕਿ ਸਟੇਟ ਤੇ ਰਾਜ ਕਰ ਰਹੀ ਬਹੁ-ਗਿਣਤੀ ਛੋਟੀਆਂ ਕੌਮਾਂ ਦੇ ਇਤਿਹਾਸ ਅਤੇ ਖਾਸ ਕਰ ਭਾਸ਼ਾ ਨੂੰ ਖਤਮ ਕਰਨ ਅਤੇ ਉਸਦੀ ਜਗ੍ਹਾ ਆਪਣੀ ਭਾਸ਼ਾ ਥੋਪ ਕੇ ਆਪਣੇ ਵਿਚਾਰਧਾਰਕ ਅਧਾਰ ਨੂੰ ਮਜਬੂਤ ਕਰਨ ਦੇ ਯਤਨ ਕਰਦੀ ਹੈ। ਇਸ ਸਥਿਤੀ ਵਿੱਚ ਛੋਟੀਆਂ ਕੌਮਾਂ ਲਈ ਆਪਣੀ ਹੋਂਦ ਨੂੰ ਬਚਾਉਣ ਦਾ ਕਾਰਜ ਬਹੁਤ ਜਰੂਰੀ ਹੋ ਜਾਂਦਾ ਹੈ। ਉਹ ਆਖਦਾ ਹੈ ਕਿ ਲੰਬੀ ਗੁਲਾਮੀ ਕੌਮਾਂ ਦੀ ਭਾਸ਼ਾ ਅਤੇ ਇਤਿਹਾਸ ਨੂੰ ਵਿਗਾੜ ਦੇਂਦੀ ਹੈ। ਪਰ ਆਪਣੇ ਜਜਬੇ ਨਾਲ ਖੜ੍ਹੀਆਂ ਕੌਮਾਂ ਇਹ ਮਾਰ ਵੀ ਝੱਲ ਜਾਂਦੀਆਂ ਹਨ ਅਤੇ ਆਪਣੀ ਕੌਮੀ ਹੋਂਦ ਬਚਾਅ ਲੈਂਦੀਆਂ ਹਨ।**

# ਵਿਚਾਰਧਾਰਕ ਹਮਲੇ ਅਤੇ ਕੌਮਾਂ ਦੀ ਬਚਾਅ ਰਣਨੀਤੀ

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ. ਕੇ.

ਭਾਰਤ ਵਿੱਚ ਕੱਟੜਪੰਥੀ ਲੋਕਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਬਿਪਰਵਾਦੀ ਤਾਕਤਾਂ ਦੇ ਸਿੱਖ ਧਰਮ ਅਤੇ ਸਿੱਖਾਂ ਦੇ ਕੌਮੀ ਸਰੂਪ ਉੱਤੇ ਹਮਲੇ ਲਗਾਤਾਰ ਵਧ ਗਏ



ਹਨ। ਵੈਸੇ ਅਜਿਹੇ ਹਮਲੇ ਸਿੱਖ ਧਰਮ ਦੇ ਪ੍ਰਕਾਸ਼ ਤੋਂ ਹੀ ਅਰੰਭ ਹੋ ਗਏ ਸਨ ਅਤੇ ਸਦੀਆਂ ਤੱਕ ਚਲਦੇ ਰਹੇ ਪਰ ਹੁਣ ਸੱਤਾ ਦੇ ਹੰਕਾਰ ਵਿੱਚ ਵਿਚਰ ਰਹੀਆਂ ਕੱਟੜਪੰਥੀ ਤਾਕਤਾਂ ਦੇ ਦੌਰ ਵਿੱਚ ਇਹ ਹਮਲੇ ਕਾਫੀ ਤਿੱਖੇ ਹੋ ਗਏ ਹਨ ਅਤੇ ਇਨ੍ਹਾਂ ਦਾ ਘੇਰਾ ਵੀ ਵਿਸ਼ਾਲ ਹੋ ਰਿਹਾ ਹੈ।

ਜਿਸ ਜੇਤੂ ਕੌਮ ਦਾ ਆਪਣਾਂ ਕੋਈ ਇਤਿਹਾਸ ਨਹੀ ਹੈ ਅਤੇ ਜਿਸ ਕੋਲ ਮਾਣ ਕਰਨ ਵਾਲੇ ਕੋਈ ਇਤਿਹਾਸਕ ਕਾਰਨਾਮੇ ਨਹੀਂ ਹਨ ਉਹ ਮਹਿਜ਼ ਸੱਤਾ ਦੇ ਜੋਰ ਨਾਲ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਗੁਰੂ ਸਾਹਿਬ ਜੀ ਦੇ ਆਦਰਸ਼ਾਂ ਬਾਰੇ ਭੁਲੇਖੇ ਖੜ੍ਹੇ ਕਰਕੇ, ਅਰਜੁਨ ਅੱਪਾਦੁਰਾਈ ਅਨੁਸਾਰ ਆਪਣੀ, ਅਧੂਰੇਪਣ ਦੀ ਭਾਵਨਾ ਨੂੰ ਪੂਰਨ ਦੀ ਨੀਵੀਂ ਕੋਸ਼ਿਸ਼ ਕਰ ਰਹੇ ਹਨ। (Arjun Appadurai-Fear of Small Numbers) ਕਿਸੇ ਬਹੁ-ਗਿਣਤੀ ਕੌਮ ਦੀ ਸਿੱਧੀ ਜਾਂ ਅਸਿੱਧੀ ਗੁਲਾਮੀ ਅਧੀਨ ਰਹਿ ਰਹੀਆਂ ਲਗਭਗ ਸਾਰੀਆਂ ਕੌਮਾਂ ਨੂੰ ਹੀ ਅਜਿਹੇ ਸੰਕਟ ਦਾ ਸਾਹਮਣਾਂ ਕਰਨਾ ਪੈਂਦਾ ਹੈ ਅਤੇ ਉਹ ਆਪਣੇ ਇਤਿਹਾਸਕ ਵਿਰਸੇ ਤੋਂ ਸੇਧ ਲੈ ਕੇ ਆਪਣੇ ਵਿਚਾਰਧਾਰਕ ਅਤੇ ਸਿਆਸੀ ਬਚਾਅ ਦੇ ਪੈਂਤੜੇ ਇਜਾਦ ਕਰ ਲੈਂਦੀਆਂ ਹਨ।

ਬਹੁ-ਗਿਣਤੀ ਕੌਮਾਂ ਦੇ ਅਜਿਹੇ ਯਤਨਾਂ ਨੂੰ ਵਿਚਾਰਧਾਰਕ ਅਤੇ ਸਿਆਸੀ ਤੌਰ ਤੇ ਪਰਿਭਾਸ਼ਤ ਕੀਤਾ ਜਾਂਦਾ ਹੈ। ਵਿਚਾਰਧਾਰਕ ਤੌਰ ਤੇ ਇਸਨੂੰ, ਆਪਣੇ ਵਿੱਚ ਜਜਬ ਕਰਨ (Assimilation) ਦੀ ਬਿਰਤੀ ਅਧੀਨ ਪਰਿਭਾਸ਼ਤ ਕੀਤਾ ਜਾਂਦਾ ਹੈ ਅਤੇ ਸਿਆਸੀ ਤੌਰ ਤੇ ਇਸਨੂੰ ਅੰਦਰੂਨੀ ਬਸਤੀਵਾਦ (Internal Colonialism) ਦੇ ਤੌਰ ਤੇ ਪਰਿਭਾਸ਼ਤ ਕੀਤਾ ਜਾਂਦਾ ਹੈ।

ਬਹੁ-ਗਿਣਤੀ ਕੌਮਾਂ ਵਿੱਚ ਛੋਟੀਆਂ ਕੌਮਾਂ ਨੂੰ ਜਜਬ ਕਰਨ ਦੀ ਇਹ ਬਿਰਤੀ ਪੈਦਾ ਕਿਉਂ ਹੁੰਦੀ ਹੈ ਅਤੇ ਛੋਟੀਆਂ ਕੌਮਾਂ ਇਸ ਬਿਰਤੀ ਦੇ ਸਾਹਮਣੇ ਆਪਣੇ ਬਚਾਅ ਲਈ ਕੀ ਯਤਨ ਕਰਦੀਆਂ ਹਨ ? ਇਸ ਪੇਪਰ ਰਾਹੀਂ ਆਪਾਂ ਇਹ ਵਿਚਾਰ ਕਰਾਂਗੇ।

ਜਨ ਐਸਮਾਨ ਨੇ ਇਸਨੂੰ ਧਰਮਾਂ ਦੇ ਵਿਚਾਰਧਾਰਕ ਪਹਿਲੂਆਂ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਹੈ। ਉਹ ਆਖਦੇ ਹਨ ਕਿ ਕੌਮਾਂ ਦੇ ਇਹ ਵਖਰੇਵੇ, ਗਰੰਥ ਅਧਾਰਤ ਧਰਮਾਂ ਦੇ ਹੋਂਦ ਵਿੱਚ ਆ ਜਾਣ ਨਾਲ ਪੈਣੇ ਸ਼ੁਰੂ ਹੋਏ ਹਨ। ਉਨ੍ਹਾਂ ਦਾ ਆਖਣਾ ਹੈ ਕਿ ਸਦੀਆਂ ਤੋਂ ਦੁਨੀਆਂ ਵਿੱਚ ਰੀਤੀ ਅਧਾਰਤ (Ritual Based) ਧਰਮ ਚਲੇ ਆਉਂਦੇ ਸਨ ਜਿਸ ਵਿੱਚ ਧਰਮ ਦੀਆਂ ਰੀਤੀਆਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਸੀ ਅਤੇ ਜੁਬਾਨੀ ਕਲਾਮੀ ਪੀੜ੍ਹੀਆਂ ਤੋਂ ਚਲੀਆਂ ਆਉਂਦੀਆਂ ਰਵਾਇਤਾਂ ਹੀ ਧਰਮ ਦਾ ਅਧਾਰ ਬਣਦੀਆਂ ਸਨ। ਧਾਰਮਕ ਲਿਟਰੇਚਰ ਜੇ ਕੋਈ ਹੈ ਵੀ ਸੀ ਉਹ ਪੁਰੋਹਿਤਾਂ ਅਤੇ ਰੀਤਾਂ ਦੇ ਅਧੀਨ ਹੀ ਸੀ।

ਪਰ ਜਨ ਐਸਮਾਨ ਆਖਦੇ ਹਨ ਕਿ, ਧਰਮਾਂ ਦੇ ਇਤਿਹਾਸ ਵਿੱਚ ਯੁਗ ਪਰਿਵਰਤਨ (Turning Point) ਉਦੋਂ ਆਇਆ ਜਦੋਂ ਲਿਖਤੀ ਪਵਿੱਤਰ ਗਰੰਥ ਨੇ ਰੀਤੀਆਂ ਦੀ ਥਾਂ ਲੈ ਲਈ। ਰੀਤੀ ਅਤੇ ਗਰੰਥ ਦੇ ਰਿਸ਼ਤੇ ਵਿੱਚ ਵੱਡਾ ਇਨਕਲਾਬ ਉਦੋਂ ਆਇਆ ਜਦੋਂ ਲਿਖ਼ਤੀ ਗਰੰਥ ਨੇ ਰੀਤੀਆਂ ਤੋਂ ਪ੍ਰਮੁਖਤਾ ਹਾਸਲ ਕਰ ਲਈ। ਇਸ ਨੇ ਰੀਤੀ ਅਤੇ ਲਿਖਤ ਦੇ ਰਿਸ਼ਤੇ ਨੂੰ ਮੂਲੋਂ ਹੀ ਤਬਦੀਲ ਕਰਕੇ ਰੱਖ ਦਿੱਤਾ। ਪਹਿਲਾਂ ਲਿਖਤ ਰੀਤੀ ਦੇ ਅਧੀਨ ਸੀ ਪਰ ਹੁਣ ਲਿਖਤੀ ਗਰੰਥ ਸਭ ਤੋਂ ਪ੍ਰਮੁੱਖਤਾ ਹਾਸਲ ਕਰ ਗਿਆ ਅਤੇ ਜੁਬਾਨੀ ਕਲਾਮੀ ਰਵਾਇਤਾਂ ਇਸਦੇ ਅਧੀਨ ਆ ਗਈਆਂ। ਧਰਮਾਂ ਦੇ ਇਤਿਹਾਸ ਵਿੱਚ ਇਹ ਤਬਦੀਲੀ ਜਨ ਐਸਮਾਨ ਅਨੁਸਾਰ ਇੱਕ ਅਜਿਹਾ ਨਿਖੇੜਾ ਸੀ ਜਿਸਨੇ ਦੋ ਕਿਸਮ ਦੇ ਧਰਮਾਂ ਨੂੰ ਬਿਲਕੁਲ ਵੱਖਰਾ ਕਰ ਦਿੱਤਾ। ਇੱਥੇ ਆ ਕੇ ਸੰਪਰਦਾਇਕ ਧਰਮਾਂ ਦਾ ਗਰੰਥ ਅਧਾਰਿਤ ਧਰਮਾਂ ਨਾਲੋਂ ਮੂਲੋਂ ਹੀ ਤੋੜ ਵਿਛੋੜਾ ਹੋ ਗਿਆ।

ਸੰਪਰਦਾਇਕ ਜਾਂ ਰੀਤੀ ਅਧਾਰਿਤ ਧਰਮ ਦੁਨੀਆਂ ਵਿੱਚ ਕਿਤੇ ਵੀ ਅਤੇ ਕਿਸੇ ਸਮੇਂ ਵੀ ਪੈਦਾ ਹੋ ਸਕਦੇ ਹਨ ਅਤੇ ਬਹੁਤ ਸਾਰੇ ਧੜਿਆਂ ਜਾਂ ਸੰਪਰਦਾਵਾਂ ਵਿੱਚ ਵਿਚਰਦੇ ਹੋਏ ਉਹ ਕਿਤੇ ਵੀ ਚਲਦੇ ਰਹਿ ਸਕਦੇ ਹਨ, ਉਹ ਕੋਈ ਗੰਭੀਰ ਵਿਚਾਰਧਾਰਾ ਦੀ ਉਪਜ ਨਹੀ ਸਨ ਇਸੇ ਕਰਕੇ ਹਜਾਰਾਂ ਤਬਦੀਲੀਆਂ ਨੂੰ ਉਹ ਸਹਿਜੇ ਹੀ ਆਤਮਸਾਤ ਕਰਦੇ ਰਹੇ।

ਪਰ ਗਰੰਥ ਅਧਾਰਿਤ ਧਰਮ ਜਨ ਐਸਮਾਨ ਅਨੁਸਾਰ, ਸਾਰੀਆਂ ਪੁਰਾਤਨ ਰਵਾਇਤਾਂ ਨਾਲੋਂ ਤੋੜ ਵਿਛੋੜੇ ਦਾ ਐਲਾਨ ਸੀ। ਉਹ ਪੁਰਾਣੀਆਂ ਰਵਾਇਤਾਂ ਤੋਂ ਇੱਕ ਪੂਰੀ ਬਗਾਵਤ ਦੇ ਤੌਰ ਤੇ ਪੈਦਾ ਹੋਏ ਸਨ। (Jan Assman-Religion and Cultural Memory)

ਥੀਓ ਸੰਡਰਮੀਅਰ ਨੇ ਇਨ੍ਹਾਂ ਗਰੰਥ ਅਧਾਰਤ ਧਰਮਾਂ ਨੂੰ ਸੈਕੰਡਰੀ ਧਰਮਾਂ ਦੇ ਤੌਰ ਤੇ ਪਰਿਭਾਸ਼ਤ ਕੀਤਾ ਹੈ। ਇਨ੍ਹਾਂ ਵਿੱਚ ਉਹ ਸਾਰੇ ਧਰਮ ਸ਼ਾਮਲ ਹਨ ਜੋ ਆਪਣੀ ਉਤਪਤੀ ਵਕਤ ਦੀ ਧੁੰਦਲਾਹਟ (Mist) ਵਿੱਚੋਂ ਹੋਈ ਨਹੀ ਮੰਨਦੇ ਬਲਕਿ ਇਲਹਾਮ ਅਤੇ ਸਿਰਜਣਾ ਦੀ ਇਤਿਹਾਸਕ ਰਵਾਇਤ ਵਿੱਚੋਂ ਆਪਣੀਆਂ ਜੜ੍ਹਾਂ ਖੋਜਦੇ ਹਨ। ਸੀ ਕੌਲਪ ਦੁਨੀਆਂ ਭਰ ਦੇ ਗਰੰਥ ਅਧਾਰਤ ਧਰਮਾਂ ਵਿੱਚ ਯਹੂਦੀ ਧਰਮ, ਇਸਾਈਅਤ, ਇਸਲਾਮ, ਸਿੱਖ ਧਰਮ, ਬੋਧੀ ਅਤੇ ਜੈਨੀ ਧਰਮਾਂ ਨੂੰ ਸ਼ਾਮਲ ਕਰਦੇ ਹਨ। ਕੌਲਪ ਅਨੁਸਾਰ ਸਾਰੇ ਸੈਕੰਡਰੀ ਧਰਮ ਪਵਿੱਤਰ ਗਰੰਥਾਂ ਦੇ ਅਧਾਰ ਤੇ ਪੈਦਾ ਹੋਏ ਅਤੇ ਇਨ੍ਹਾਂ ਦਾ ਉਸ ਤੋਂ ਪੁਰਾਣੇ ਧੁੰਦਲਾਹਟ ਭਰੇ ਧਰਮਾਂ ਨਾਲ ਕੋਈ ਸਬੰਧ ਨਹੀ ਸੀ।

ਐਸਮਾਨ ਆਖਦੇ ਹਨ ਕਿ ਧਰਮਾਂ ਦੀ ਉਤਪਤੀ ਦੇ ਇਸ ਇਤਿਹਾਸਕ ਵਰਤਾਰੇ ਨੇ ਇਨ੍ਹਾਂ ਧਰਮਾਂ ਨੂੰ ਮੰਨਣ ਵਾਲਿਆਂ ਦੀ ਸੱਭਿਆਚਾਰਕ ਯਾਦ ਵਿੱਚ ਵੀ ਤਬਦੀਲੀ ਲੈ ਆਂਦੀ। ਸੰਪਰਦਾਇ ਤੇ ਅਧਾਰਿਤ ਧਰਮਾਂ ਦਾ ਵਿਕਾਸ ਅਤੇ ਅਗਲੀਆਂ ਪੀੜ੍ਹੀਆਂ ਨੂੰ ਰਵਾਇਤਾਂ ਦਾ ਹਸਤਾਂਤਰੀਕਰਨ ਜੁਬਾਨੀ ਕਲਾਮੀ ਹੁੰਦਾ ਸੀ ਪਰ ਗਰੰਥ ਅਧਾਰਤ ਧਰਮਾਂ ਵਿੱਚ ਪਵਿੱਤਰ ਗਰੰਥ ਦੀ ਲਿਖਤ ਨੂੰ ਹੀ ਵਿਕਾਸ ਦਾ ਧੁਰਾ ਮੰਨਿਆ ਗਿਆ। ਇਸ ਤਬਦੀਲੀ ਨੇ ਗਰੰਥ ਅਧਾਰਤ ਧਰਮਾਂ ਦੇ ਪੈਰੋਕਾਰਾਂ ਦੀ ਇਤਿਹਾਸਕ ਯਾਦ ਅਤੇ ਰਾਜਸੀ ਪਹਿਚਾਣ ਬਾਰੇ ਚੇਤੰਨਤਾ ਵੀ ਤਬਦੀਲ ਕਰਕੇ ਰੱਖ ਦਿੱਤੀ। ਹੁਣ ਗਰੰਥ ਅਧਾਰਿਤ ਧਰਮਾਂ ਦੇ ਪੈਰੋਕਾਰਾਂ ਦੀ ਪਹਿਚਾਣ, ਉਸ ਧਰਮ ਗਰੰਥ ਦੀ ਪਵਿੱਤਰਤਾ ਨੂੰ ਸਵੀਕਾਰ ਕਰਨ ਵਾਲੇ ਲੋਕਾਂ ਦੀਆਂ ਖੁਸ਼ੀਆਂ-ਗਮੀਆਂ ਅਤੇ ਉਸ ਤੇ ਅਧਾਰਿਤ ਸਿਰਜੇ ਇਤਿਹਾਸ ਨਾਲ ਬਣਨ ਲੱਗੀ, ਜੋ ਇਸ ਤੋਂ ਪਹਿਲੇ ਇਤਿਹਾਸ ਨਾਲੋਂ ਪੂਰਨ ਰੂਪ ਵਿੱਚ ਤੋੜ ਵਿਛੋੜਾ ਸੀ।

ਹੁਣ ਧਰਮ ਅਧਾਰਤ ਗਰੰਥਾਂ ਦੇ ਪੈਰੋਕਾਰਾਂ ਦਾ ਸੱਭਿਆਚਾਰ, ਰਵਾਇਤਾਂ, ਨਾਇਕ, ਧਾਰਮਕ ਪੁਰਸ਼, ਬੋਲੀ ਅਤੇ ਸ਼ਹੀਦ ਵੀ ਵੱਖਰੇ ਹੋਣ ਲੱਗੇ। ਨਵਾਂ ਧਰਮ, ਜੋ ਪੁਰਾਣੇ ਤੋਂ ਸਪਸ਼ਟ ਤੋੜ ਵਿਛੋੜੇ ਤੇ ਅਧਾਰਤ ਸੀ, ਦਾ ਆਪਣਾ ਸੱਭਿਆਚਾਰ ਅਤੇ ਰੀਤੀ ਰਿਵਾਜ਼ ਪੈਦਾ ਹੋ ਗਏ। ਆਪਣੇ ਨਾਇਕ ਅਤੇ ਸ਼ਹੀਦ ਪੈਦਾ ਹੋ ਗਏ। ਕੌਮਾਂ ਦੇ ਸੱਭਿਆਚਾਰਾਂ ਬਾਰੇ ਖੋਜ ਕਰਨ ਵਾਲੇ ਥਾਮਸ ਮੈਕੋ ਨੇ ਇੱਕ ਮੁਲਾਕਾਤ ਵਿੱਚ ਆਖਿਆ ਸੀ ਕਿ ਸੱਭਿਆਚਾਰ ਗੁੰਮਨਾਮੀ ਦੇ ਸਮੁੰਦਰਾਂ ਵਿੱਚ ਖਿੜਆ ਇੱਕ ਅਜਿਹਾ ਟਾਪੂ ਹੈ ਜਿਸਨੂੰ ਹਮੇਸ਼ਾ ਭੁਲਾ ਦੇਣ ਦੀਆਂ ਖੂੰਖਾਰੂ ਲਹਿਰਾਂ ਨਾਲ ਜੰਗ ਲੜਨੀ ਪੈਂਦੀ ਹੈ। ਉਹ ਆਖਦਾ ਹੈ ਕਿ ਕੌਮਾਂ ਦੇ ਸੱਭਿਆਚਾਰ ਨੂੰ ਖਤਮ ਕਰ ਦੇਣ ਅਤੇ ਕੌਮਾਂ ਦੀ ਸਿਮਰਤੀ ਵਿੱਚੋਂ ਉਸ ਵਿਲੱਖਣ ਸੱਭਿਆਚਾਰ ਦੀ ਯਾਦ ਨੂੰ ਭੁਲਾ ਦੇਣ ਦੇ ਯਤਨ ਹਰ ਪਲ ਚਲਦੇ ਰਹਿੰਦੇ ਹਨ। ਸੱਭਿਆਚਾਰ ਅਸਲ ਵਿੱਚ ਭੁਲਾ ਦੇਣ ਦੇ ਖੂੰਖਾਰੂ ਯਤਨਾਂ ਖਿਲਾਫ ਇੱਕ ਨਿਰੰਤਰ ਸੰਘਰਸ਼ ਹੀ ਹੈ। ਜਾਂਬਾਜ ਕੌਮਾਂ ਆਪਣੇ ਵਿਲੱਖਣ ਸੱਭਿਆਚਾਰ ਨੂੰ ਬਚਾਉਣ ਲਈ ਨਿਰੰਤਰ ਲੰਬੀ ਲੜਾਈ ਲੜਦੀਆਂ ਹਨ। ਇਸ ਲੜਾਈ ਵਿੱਚ ਉਹ ਆਪਣੀ ਯਾਦ ਨੂੰ ਤਰੋ-ਤਾਜ਼ਾ ਰੱਖਣ ਲਈ, ਉਸਨੂੰ ਹਰ ਪਲ ਜਿੰਦਾ ਰੱਖਣ ਲਈ ਅਤੇ ਅਗਲੀਆਂ ਪੀੜ੍ਹੀਆਂ ਨੂੰ ਉਹ ਯਾਦ ਪਵਿੱਤਰ ਭਾਵਨਾ ਨਾਲ ਹਸਤਾਂਤਰਿਤ ਕਰਨ ਲਈ ਯਾਦ ਦੇ ਨਿਸ਼ਾਨ' (Memory Markers) ਪੈਦਾ ਕਰਦੀਆਂ ਹਨ। ਅਜਿਹਾ ਕਰਕੇ ਉਹ ਆਪਣੀ ਇਤਿਹਾਸਕ ਯਾਦ ਨੂੰ ਖਤਮ ਕਰਨ ਦੇ ਖੂੰਖਾਰੂ ਯਤਨਾਂ ਸਾਹਮਣੇ ਡਟਦੀਆਂ ਹਨ ਅਤੇ ਤਬਦੀਲੀ ਤੇ ਖਾਤਮੇ ਦੇ ਸਮੁੰਦਰਾਂ ਵਿੱਚ ਆਪਣੀ ਯਾਦ ਦੇ ਬੰਨ੍ਹ ਮਾਰਦੀਆਂ ਹਨ। (cited in Religion and Cultural Memory by Jan Assman)

ਵਾਕਰ ਕੋਨਰ ਕੌਮਾਂ ਦੀ ਇਸ ਸਥਿਤੀ ਨੂੰ ਸਵੈ-ਪਰਿਭਾਸ਼ਾ ਦੀ ਮਦ ਨਾਲ ਜੋੜਦਾ ਹੈ। ਉਹ ਆਖਦਾ ਹੈ ਕਿ ਜਦੋਂ ਤੱਕ ਕਿਸੇ ਕੌਮ ਨੂੰ ਕੋਈ ਬੇਗਾਨਾ ਪਰਿਭਾਸ਼ਤ ਕਰਦਾ ਰਹੇਗਾ ਉਸਦੀ ਪਹਿਚਾਣ ਦਾ ਸੰਕਟ ਗੰਭੀਰ ਹੁੰਦਾ ਜਾਵੇਗਾ, ਜਦੋਂ ਕੌਮਾਂ ਆਪਣੇ ਆਪ ਨੂੰ ਖੁਦ ਪਰਿਭਾਸ਼ਤ ਕਰਨ ਲੱਗ ਪਈਆਂ ਉਸ ਵੇਲੇ ਜੋ ਚੇਤੰਨਤਾ ਪੈਦਾ ਹੋਵੇਗੀ ਉਸ ਨੂੰ ਕੋਈ ਵੀ ਸਮੁੰਦਰੀ ਲਹਿਰ ਖਤਮ ਨਹੀ ਕਰ ਸਕੇਗੀ।

ਵਾਕਰ ਕੋਨਰ ਦਾ ਕਹਿਣਾਂ ਹੈ ਕਿ, ਕਿਸੇ ਕੌਮ (Ethnic Group) ਨੂੰ ਸਭ ਤੋਂ ਪਹਿਲਾਂ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ, ਅਸੀਂ ਕੀ ਨਹੀਂ ਹਾਂ (WHAT WE ARE NOT)। ਆਪਣੇ ਆਪ ਨੂੰ ਦਰਸਾਉਣ (What we are) ਤੋਂ ਪਹਿਲਾਂ ਅਸੀਂ ਕੀ ਨਹੀ ਹਾਂ ਇਸਦੀ ਸਮਝ ਹੋਣੀ ਚਾਹੀਦੀ ਹੈ। ਕਿਸੇ ਘੱਟ-ਗਿਣਤੀ ਨੂੰ ਕੌਮ ਬਣਨ ਲਈ ਸਭ ਤੋਂ ਪਹਿਲਾਂ ਇਹ ਜਾਨਣਾਂ ਜਰੂਰੀ ਹੈ ਕਿ ਉਹ ਕੀ ਨਹੀ ਹਨ। ਉਹ ਕੀ ਹਨ ਇਸਦੀ ਸਮਝ ਕੌਮ ਨੂੰ ਆਪ ਹੀ ਆ ਜਾਵੇਗੀ। ਇਸ ਸਬੰਧੀ ਉਹ ਹਾਸਬਰਾ ਸਲਤਨਤ ਅਧੀਨ ਰਹਿ ਰਹੇ ਸਲੋਵਾਕਾਂ, ਕਰੋਸ਼ਾਂ ਅਤੇ ਸਲੋਵੀਨੀਅਨਾਂ ਦੀ ਉਦਾਹਰਨ ਦੇਂਦਾ ਹੈ ਜਿਨ੍ਹਾਂ ਵਿੱਚ ਇਹ ਚੇਤਨਤਾ ਕੁੱਟ ਕੁੱਟ ਕੇ ਭਰੀ ਹੋਈ ਸੀ ਕਿ ਉਹ ਨਾ ਤਾਂ ਜਰਮਨ ਹਨ ਅਤੇ ਨਾ ਹੀ ਮੈਗਯਾਰ। ਕੋਨਰ ਆਖਦਾ ਹੈ ਕਿ ਇਨ੍ਹਾਂ ਕੌਮਾਂ ਵਿੱਚ ਇਹ ਸਮਝ ਆਪਣੇ ਕੌਮੀ ਜਜਬੇ ਤੋਂ ਵੀ ਪਹਿਲਾਂ ਪਈ ਸੀ। ਬੇਸ਼ੱਕ ਉਨ੍ਹਾਂ ਨੂੰ ਆਪਣੇ ਕੌਮੀ ਸਰੂਪ ਬਾਰੇ ਹਾਲੇ ਕੋਈ ਸ਼ਪਸ਼ਟਤਾ ਨਹੀ ਸੀ ਪਰ ਇਸ ਗੱਲ ਦਾ ਪਤਾ ਸੀ ਕਿ ਉਹ ਨਾ ਤਾਂ ਜਰਮਨ ਹਨ ਅਤੇ ਨਾ ਹੀ ਮੈਗਯਾਰ। ਕੋਨਰ ਆਖਦਾ ਹੈ ਕਿ ਕਿਸੇ ਘੱਟ-ਗਿਣਤੀ ਨੂੰ ਬਹੁਤ ਸਾਰੇ ਇਤਿਹਾਸਕਾਰ ਅਤੇ ਮਾਨਵ-ਵਿਗਆਨੀ ਪਰਿਭਾਸ਼ਤ ਕਰ ਸਕਦੇ ਹਨ ਪਰ ਹਰ ਕੌਮ ਆਪਣੇ ਆਪ ਨੂੰ ਖੁਦ ਪਰਿਭਾਸ਼ਤ ਕਰਦੀ ਹੈ। ਆਪਣੇ ਕੌਮੀ ਸਰੂਪ ਦੀ ਪਰਿਭਾਸ਼ਾ ਦਾ ਹੱਕ ਉਹ ਕਿਸੇ ਬੇਗਾਨੇ ਨੂੰ ਨਹੀ ਦੇਂਦੀ। ਇਸ ਲਈ ਜੇ ਕਿਸੇ ਘੱਟ-ਗਿਣਤੀ ਨੇ ਕੌਮ ਦਾ ਦਰਜਾ ਹਾਸਲ ਕਰਨਾ ਹੈ ਤਾਂ ਉਸ ਨੂੰ ਖੁਦ ਆਪਣੇ ਆਪ ਨੂੰ ਪਰਿਭਾਸ਼ਤ ਕਰਨਾ ਪਵੇਗਾ।

ਵਾਕਰ ਕੋਨਰ ਆਖਦਾ ਹੈ ਕਿ ਹਰ ਕੌਮ ਦੇ ਆਪਣੇ ਨਿਆਰੇ ਅਤੇ ਸਥੂਲ ਤੱਤ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਸ ਸਥੂਲਤਾ ਦੇ ਅਧਾਰ ਤੇ ਹੀ ਪਰਿਭਾਸ਼ਤ ਕੀਤਾ ਜਾਣਾਂ ਚਾਹੀਦਾ ਹੈ। ਪਰ ਇਨ੍ਹਾਂ ਨਿਆਰੇ ਤੱਤਾਂ ਤੋਂ ਵੀ ਪਾਰ ਹੁੰਦੀ ਹੈ ਕਿਸੇ ਕੌਮ ਦੀ ਸਵੈ-ਚੇਤੰਨਤਾ (Self Awareness). ਕਿਸੇ ਕੌਮ ਨੂੰ ਕੌਮ ਦੇ ਤੌਰ ਤੇ ਪੇਸ਼ ਕਰਨ ਵਿੱਚ ਬਹੁਤ ਸਾਰੇ ਤੱਤ ਸਹਾਈ ਹੁੰਦੇ ਹਨ ਜਿਨ੍ਹਾਂ ਵਿੱਚ ਭਾਸ਼ਾ, ਧਰਮ, ਸੱਭਿਆਚਾਰ, ਇੱਕਜੁੱਟਤਾ ਦੀ ਭਾਵਨਾ ਅਤੇ ਭਰਾਤਰੀਭਾਵ ਸ਼ਾਮਲ ਹੈ । ਪਰ ਕੋਨਰ ਆਖਦਾ ਹੈ ਕਿ ਆਪਣੀ ਕੌਮੀਂ ਹੋਂਦ ਅਤੇ ਆਪਣੇ ਕੌਮੀ ਸਰੂਪ ਬਾਰੇ ਸਵੈ-ਚੇਤੰਨਤਾ ਇਨ੍ਹਾਂ ਸਭ ਤੋਂ ਜਰੂਰੀ ਹੁੰਦੀ ਹੈ। ਇਤਿਹਾਸ ਦੇ ਕਿਸੇ ਮੋੜ ਤੇ ਆ ਕੇ ਹੋ ਸਕਦਾ ਹੈ ਕਿ ਕਿਸੇ ਕੌਮ ਨੂੰ ਆਪਣੇ ਸਾਰੇ ਤੱਤਾਂ ਵਿੱਚੋਂ ਕੋਈ ਇੱਕ ਅੱਧ ਛੱਡਣਾ ਪੈ ਜਾਵੇ ਜਾਂ ਉਹ ਇਨ੍ਹਾਂ ਵਿੱਚੋਂ ਕਿਸੇ ਇੱਕ ਦੋ ਤੱਤਾਂ ਤੋਂ ਵਿਰਵੀ ਹੋ ਜਾਵੇ ਪਰ ਆਪਣੀ ਕੌਮੀ ਪਹਿਚਾਣ ਦੀ ਚੇਤੰਨਤਾ ਅਜਿਹਾ ਗੁਣ ਹੈ ਅਤੇ ਉਸ ਨਿਆਰੇਪਣ ਦਾ ਅਹਿਸਾਸ ਅਜਿਹੀ ਮਜਬੂਤ ਤੰਦ ਹੈ ਜੋ ਝੱਖੜਾਂ ਵਿੱਚ ਵੀ ਕੌਮ ਨੂੰ ਇੱਕਜੁੱਟ ਰੱਖਦੀ ਹੈ। (Walker Connor-Ethnonationalism).

ਉਦਾਹਰਨ ਦੇ ਤੌਰ ਤੇ ਵਿਦੇਸ਼ਾਂ ਵਿੱਚ ਜੰਮੇ ਪਲੇ ਸਿੱਖ ਬੱਚਿਆਂ ਦਾ ਬੇਸ਼ੱਕ ਪੰਜਾਬੀ ਭਾਸ਼ਾ ਨਾਲ ਉਹ ਰਿਸ਼ਤਾ ਨਹੀ ਹੈ ਜਿਵੇਂ ਸਾਡਾ ਹੈ ਪਰ ਉਨ੍ਹਾਂ ਵਿੱਚ ਸਿੱਖ ਕੌਮੀ ਸਰੂਪ ਬਾਰੇ ਜੋ ਸਵੈ-ਚੇਤੰਨਤਾ ਹੈ ਉਹ ਜਿਆਦਾ ਮਹੱਤਵਪੂਰਨ ਹੈ।

**ਬਾਕੀ ਸਫ਼ਾ 32 'ਤੇ**

# ਅਣਗੌਲੇ ਕੀਤੇ ਜਾ ਰਹੇ ਹਨ ਪਰਵਾਸੀ ਪੰਜਾਬੀ

**ਸਾਲ 2003 ਤੋਂ ਪਰਵਾਸੀ ਭਾਰਤੀ ਦਿਵਸ ਤਕਰੀਬਨ ਹਰ ਵਰ੍ਹੇ ਮਨਾਇਆ ਜਾਂਦਾ ਹੈ। ਇਸ ਤੋਂ ਪਹਿਲਾਂ ਇਹ ਸੱਤ ਵਾਰੀ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਇਲਾਵਾ ਵਿਜੈਵਾੜਾ (ਆਂਧਰਾ ਪ੍ਰਦੇਸ਼), ਚੇਨੱਈ, ਜੈਪੁਰ (ਰਾਜਸਥਾਨ), ਕੋਚੀ (ਕੇਰਲਾ) ਅਤੇ ਗਾਂਧੀ ਨਗਰ (ਗੁਜਰਾਤ) ਵਿੱਚ ਵੀ ਇੱਕ ਇੱਕ ਵਾਰ ਮਨਾਇਆ ਜਾ ਚੁੱਕਿਆ ਹੈ। ਵਿਦੇਸ਼ਾਂ ਵਿੱਚ ਪੰਜਾਬ ਤੋਂ ਗਏ ਪੰਜਾਬੀਆਂ ਦੀ ਬਹੁਤਾਤ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪੰਜਾਬ ਜਾਂ ਚੰਡੀਗੜ੍ਹ ਵਿੱਚ ਇਹ ਸਮਾਗਮ ਕਦੇ ਵੀ ਨਹੀਂ ਕਰਵਾਇਆ ਗਿਆ। ਪੰਜਾਬ ਵਿਚ ਹਾਲਤ ਇਹ ਹੈ ਕਿ ਐਨ.ਆਰ.ਆਈ. ਸਭਾ ਦੀ ਚੋਣ ਵੀ ਨਹੀਂ ਕਰਵਾਈ ਜਾ ਰਹੀ। ਪਰਵਾਸੀ ਸੰਮੇਲਨ ਬੰਦ ਹਨ। ਐਨ.ਆਰ.ਆਈ. ਥਾਣਿਆਂ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਲੱਗ ਰਹੇ ਹਨ। ਪੰਜਾਬ ਦਾ ਪਰਵਾਸੀ ਵਿਭਾਗ ਚੁੱਪ ਹੈ।**

**ਗੁਰਮੀਤ ਸਿੰਘ ਪਲਾਹੀ**

ਚੌਂਦਵੀਂ ਪਰਵਾਸੀ ਭਾਰਤੀ ਦਿਵਸ ਕਨਵੈਨਸ਼ਨ ਬੈਂਗਲੂਰੂ (ਕਰਨਾਟਕ) ਵਿੱਚ ਭਾਰਤ ਸਰਕਾਰ ਦੇ ਵਿਦੇਸ਼ੀ ਮਾਮਲਿਆਂ ਮੰਤਰਾਲੇ ਵੱਲੋਂ ਕਰਨਾਟਕ ਸਰਕਾਰ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਸਮਾਪਤ ਹੋਈ ਹੈ। ਪਹਿਲਾਂ ਵਾਂਗ ਹੀ, ਇਸ ਕਨਵੈਨਸ਼ਨ ਵਿੱਚ ਵੀ ਪਰਵਾਸੀ ਭਾਰਤੀਆਂ ਵੱਲੋਂ ਆਪਣੇ ਦੇਸ਼ ਲਈ ਨਿਵੇਸ਼ ਅਤੇ ਵਿੱਤੀ ਸਹਿਯੋਗ ਦੇ ਮਾਮਲਿਆਂ ਨੂੰ ਵਿਚਾਰਿਆ ਗਿਆ ਹੈ। ਇਸ ਵੇਲੇ ਭਾਰਤੀ ਮੂਲ ਦੇ ਅਤੇ ਗ਼ੈਰ-ਪਰਵਾਸੀ ਤਿੰਨ ਕਰੋੜ ਭਾਰਤੀ ਵਿਦੇਸ਼ਾਂ ਵਿੱਚ ਰਹਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿੱਚ ਪੰਜਾਬੀਆਂ ਦੀ ਵੱਡੀ ਗਿਣਤੀ ਸ਼ਾਮਲ ਹੈ। ਸਾਲ 2003 ਤੋਂ ਪਰਵਾਸੀ ਭਾਰਤੀ ਦਿਵਸ ਤਕਰੀਬਨ ਹਰ ਵਰ੍ਹੇ ਮਨਾਇਆ ਜਾਂਦਾ ਹੈ। ਇਸ ਤੋਂ ਪਹਿਲਾਂ ਇਹ ਸੱਤ ਵਾਰੀ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਇਲਾਵਾ ਵਿਜੈਵਾੜਾ (ਆਂਧਰਾ ਪ੍ਰਦੇਸ਼), ਚੇਨੱਈ, ਜੈਪੁਰ (ਰਾਜਸਥਾਨ), ਕੋਚੀ (ਕੇਰਲਾ) ਅਤੇ ਗਾਂਧੀ ਨਗਰ (ਗੁਜਰਾਤ) ਵਿੱਚ ਵੀ ਇੱਕ ਇੱਕ ਵਾਰ ਮਨਾਇਆ ਜਾ ਚੁੱਕਿਆ ਹੈ। ਵਿਦੇਸ਼ਾਂ ਵਿੱਚ ਪੰਜਾਬ ਤੋਂ ਗਏ ਪੰਜਾਬੀਆਂ ਦੀ ਬਹੁਤਾਤ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪੰਜਾਬ ਜਾਂ ਚੰਡੀਗੜ੍ਹ ਵਿੱਚ ਇਹ ਸਮਾਗਮ ਕਦੇ ਵੀ ਨਹੀਂ ਕਰਵਾਇਆ ਗਿਆ।




ਪ੍ਰਸਿੱਧੀ ਪ੍ਰਾਪਤ ਪਰਵਾਸੀ ਭਾਰਤੀਆਂ ਦੀ ਮੰਗ ਉੱਤੇ ਭਾਰਤ ਸਰਕਾਰ ਵੱਲੋਂ ਇਹ ਦਿਵਸ 2003 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੱਲੋਂ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਹਰ ਸਾਲ ਇਹ ਦਿਵਸ ਮਨਾਉਣ ਲਈ 9 ਜਨਵਰੀ ਦਾ ਦਿਨ ਇਸ ਵਾਸਤੇ ਚੁਣਿਆ ਗਿਆ ਕਿਉਂਕਿ ਇਸੇ ਦਿਨ ਭਾਵ 9 ਜਨਵਰੀ 1915 ਨੂੰ ਮਹਾਤਮਾ ਗਾਂਧੀ ਦੱਖਣੀ ਅਫਰੀਕਾ ਤੋਂ ਵਤਨ ਪਰਤੇ ਸਨ ਅਤੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਪੂਰੀ ਸਰਗਰਮੀ ਨਾਲ ਮੁਹਿੰਮ ਛੇੜੀ ਸੀ। ਇਨ੍ਹਾਂ ਸਾਲਾਨਾ ਪਰਵਾਸੀ ਭਾਰਤੀ ਸਮਾਗਮਾਂ ਵਿੱਚ ਪਰਵਾਸੀ ਭਾਰਤੀਆਂ ਨਾਲ ਜੁੜੇ ਵੱਖੋ-ਵੱਖਰੇ ਵਿਸ਼ਿਆਂ ਨਾਲ ਸਬੰਧਤ ਮਸਲੇ ਵਿਚਾਰੇ ਜਾਂਦੇ ਰਹੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ, ਉਨ੍ਹਾਂ ਵੱਲੋਂ ਦੇਸ਼ ਵਿੱਚ ਆਪਣਾ ਸਰਮਾਇਆ ਲਗਾਉਣਾ ਅਤੇ ਵੱਖੋ-ਵੱਖਰੇ ਖੇਤਰਾਂ ਵਿੱਚ ਪ੍ਰਸਿੱਧੀ ਪ੍ਰਾਪਤ ਪਰਵਾਸੀ ਭਾਰਤੀਆਂ ਦੀਆਂ ਦੇਸ਼ ਲਈ ਸੇਵਾਵਾਂ ਲੈਣ ਵਰਗੇ ਮੁੱਦੇ ਸ਼ਾਮਲ ਸਨ। ਇਨ੍ਹਾਂ ਸਾਰੇ ਵਰ੍ਹਿਆਂ ਦੌਰਾਨ ਸਰਕਾਰੀ ਖ਼ਜ਼ਾਨੇ ਵਿਚੋਂ ਕਰੋੜਾਂ ਰੁਪਏ ਖ਼ਰਚ ਕਰਨ ਦੇ ਬਾਵਜੂਦ ਪਰਵਾਸੀ ਭਾਰਤੀਆਂ ਦਾ ਭਰੋਸਾ ਨਾ ਤਾਂ ਕੇਂਦਰ ਸਰਕਾਰ ਜਿੱਤ ਸਕੀ ਅਤੇ ਨਾ ਹੀ ਵੱਖੋ-ਵੱਖਰੀਆਂ ਗੁਜਰਾਤ ਜਾਂ ਪੰਜਾਬ ਜਿਹੀਆਂ ਰਾਜ ਸਰਕਾਰਾਂ, ਜਿੱਥੋਂ ਵੱਡੀ ਗਿਣਤੀ ਵਿੱਚ ਪਰਵਾਸ ਕਰਕੇ ਲੋਕ ਵਿਦੇਸ਼ਾਂ ਵਿੱਚ ਵਸੇ ਹੋਏ ਹਨ।

ਪਰਦੇਸ ਵਸਦਿਆਂ ਭਾਰਤੀ ਪਰਵਾਸੀਆਂ ਨੇ ਆਪਣੇ ਸੰਗਠਨ ਬਣਾਏ ਹੋਏ ਹਨ। ਉਨ੍ਹਾਂ ਵੱਲੋਂ ਸਮੇਂ ਸਮੇਂ 'ਤੇ ਸਭਿਆਚਾਰਕ ਗਤੀਵਿਧੀਆਂ ਵੀ ਚਲਾਈਆਂ ਜਾਂਦੀਆਂ ਹਨ। ਧਾਰਮਿਕ ਪੱਖੋਂ ਮੰਦਰ, ਗੁਰਦੁਆਰੇ, ਸਤਸੰਗ ਘਰ ਵੀ ਵੱਡੀ ਮਾਤਰਾ ਵਿਚ ਧਨ ਖ਼ਰਚ ਕਰਕੇ ਉਨ੍ਹਾਂ ਵੱਲੋਂ ਉਸਾਰੇ ਗਏ ਹਨ। ਇਨ੍ਹਾਂ ਸਭਿਆਚਾਰਕ, ਸਮਾਜਿਕ ਤੇ ਧਾਰਮਿਕ ਸੰਗਠਨਾਂ ਵੱਲੋਂ ਹਰ ਵਰ੍ਹੇ ਵੱਡੇ-ਵੱਡੇ ਸਮਾਗਮ ਵੀ ਰਚਾਏ ਜਾਂਦੇ ਹਨ। ਇਨ੍ਹਾਂ ਵਿੱਚ ਪ੍ਰਸਿੱਧੀ ਪ੍ਰਾਪਤ ਪਰਵਾਸੀ ਭਾਰਤੀਆਂ ਦਾ ਇਨ੍ਹਾਂ ਸੰਗਠਨਾਂ ਤੇ ਸੰਸਥਾਵਾਂ ਵੱਲੋਂ ਸਨਮਾਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਰਾਹਿਆ ਵੀ ਜਾਂਦਾ ਹੈ ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਸੰਸਾਰ ਵਿਚ ਪ੍ਰਸਿੱਧੀ ਪ੍ਰਾਪਤ ਲੋਕਾਂ ਵਿਚ ਆਪਣਾ ਨਾਮ ਸ਼ੁਮਾਰ ਕਰਨ ਵਿਚ ਸਫ਼ਲ ਹੋਏ ਹਨ। ਕਈ ਭਾਰਤੀ ਪਰਵਾਸੀ ਕਿਸਾਨ, ਡਾਕਟਰੀ, ਖੇਤੀਬਾੜੀ, ਕਾਰੋਬਾਰ, ਅਧਿਆਪਨ, ਖੋਜ ਤੇ ਇੰਜੀਨੀਅਰ ਵਰਗੇ ਖੇਤਰਾਂ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ।

ਕਈ ਪਰਵਾਸੀ ਭਾਰਤੀ ਕੈਨੇਡਾ, ਬਰਤਾਨੀਆ, ਨਿਊਜ਼ੀਲੈਂਡ, ਅਮਰੀਕਾ, ਆਸਟਰੇਲੀਆ ਦੇ ਰਾਜਨੀਤਕ ਖੇਤਰਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ ਅਤੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਵਿੱਚ ਮੰਤਰੀ, ਪਾਰਲੀਮੈਂਟ ਮੈਂਬਰ ਤੇ ਸ਼ਹਿਰਾਂ ਦੇ ਮੇਅਰ ਵਜੋਂ ਸੇਵਾ ਨਿਭਾਅ ਰਹੇ ਹਨ। ਕਾਫ਼ੀ ਪਰਵਾਸੀ ਭਾਰਤੀ ਸਰਕਾਰੀ ਉੱਚ-ਹਲਕਿਆਂ ਵਿਚ ਚੰਗੇ ਜਾਣੇ-ਪਛਾਣੇ ਜਾਂਦੇ ਹਨ। ਕੈਨੇਡਾ ਵਿੱਚ ਲਗਭਗ ਅੱਧੀ ਦਰਜਨ ਪੰਜਾਬੀ ਕੈਬਨਿਟ ਮੰਤਰੀ ਵਜੋਂ ਉੱਥੋਂ ਦੀ ਸਰਕਾਰ ਵਿੱਚ ਬਿਰਾਜਮਾਨ ਹਨ। ਪਰ ਅਫ਼ਸੋਸ ਕਿ ਇਨ੍ਹਾਂ ਪਰਵਾਸੀਆਂ ਭਾਰਤੀਆਂ ਵੱਲੋਂ ਪਾਏ ਜਾ ਰਹੇ ਵਿਸ਼ਵ-ਪੱਧਰੀ ਯੋਗਦਾਨ ਅਤੇ ਪ੍ਰਾਪਤੀਆਂ ਨੂੰ ਆਪਣੇ ਦੇਸ਼ ਵਿੱਚ ਘੱਟ ਹੀ ਪਰਵਾਨ ਕੀਤਾ ਜਾਂਦਾ ਹੈ। ਦਰਜਨਾਂ ਹੀ ਪਰਵਾਸੀ ਪੰਜਾਬੀ, ਪ੍ਰਸਿੱਧ ਕਾਰੋਬਾਰੀ ਹਨ। ਇਨ੍ਹਾਂ ਵਿੱਚ ਕਈ ਸੌਗੀ ਤੇ ਬਦਾਮਾਂ ਦੀ ਪੈਦਾਵਾਰ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਹਨ ਪਰ ਕਦੇ ਵੀ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਨਹੀਂ ਦਿੱਤਾ, ਭਾਰਤ ਸਰਕਾਰ ਨੇ ਤਾਂ ਨਿਵਾਜਣਾ ਹੀ ਕੀ ਸੀ। ਪੰਜਾਬ ਸਰਕਾਰ ਦੇ ਸੱਦੇ 'ਤੇ ਪੰਜਾਬ ਵਿਚ ਕਾਰੋਬਾਰ ਕਰਨ ਲਈ ਕੁਝ ਪਰਵਾਸੀ ਪੰਜਾਬੀਆਂ ਨੇ ਉਪਰਾਲਾ ਕੀਤਾ, ਪਰ ਕੁਝ ਵਰ੍ਹਿਆਂ ਵਿਚ ਹੀ ਉਹ ਇੱਥੇ ਹੁੰਦੀ ਇੰਸਪੈਕਟਰੀ ਰਾਜ ਦੀ ਲੁੱਟ-ਖਸੁੱਟ ਤੋਂ ਪ੍ਰੇਸ਼ਾਨ ਹੋ ਕਾਰੋਬਾਰ ਬੰਦ ਕਰ ਕੇ ਤੁਰ ਗਏ। ਹਾਲੇ ਵੀ ਪੰਜਾਬੀ ਪਰਵਾਸੀਆਂ ਵੱਲੋਂ ਪੰਜਾਬ ਦੇ ਵੱਖੋ-ਵੱਖਰੇ ਸ਼ਹਿਰਾਂ ਕਸਬਿਆਂ ਵਿੱਚ ਮਾਲਜ਼, ਮੈਰਿਜ ਪੈਲੇਸ, ਹੋਟਲ, ਪਬਲਿਕ ਸਕੂਲ ਅਤੇ ਕਈ ਥਾਵਾਂ ਉੱਤੇ ਚੈਰੀਟੇਬਲ ਹਸਪਤਾਲ, ਡਿਸਪੈਂਸਰੀਆਂ, ਗ਼ਰੀਬ ਤੇ ਲੋੜਵੰਦਾਂ ਦੀ ਸਹਾਇਤਾ ਲਈ ਸਿੱਖਿਆ ਸੰਸਥਾਵਾਂ ਅਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਚੈਰੀਟੇਬਲ ਟਰੱਸਟ ਖੋਲ੍ਹੇ ਗਏ ਹਨ। ਇਨ੍ਹਾਂ ਰਾਹੀਂ ਬੁਢਾਪਾ ਪੈਨਸ਼ਨਾਂ, ਗ਼ਰੀਬ ਲੜਕੀਆਂ ਦੇ ਵਿਆਹ, ਟੂਰਨਾਮੈਂਟਾਂ ਦਾ ਪ੍ਰਬੰਧ ਤੇ ਗ਼ਰੀਬਾਂ ਲਈ ਮੁਫ਼ਤ ਇਲਾਜ ਵਰਗੇ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਵਾਲੇ ਪਰਵਾਸੀ ਪੰਜਾਬੀ ਕੀ ਇੰਨੀ ਕੁ ਮਾਨਤਾ ਦੇ ਹੱਕਦਾਰ ਨਹੀਂ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਗਣਤੰਤਰ ਦਿਵਸ ਜਾਂ ਆਜ਼ਾਦੀ ਦਿਵਸ ਮੌਕੇ ਕਰਵਾਏ ਜਾਂਦੇ ਰਾਜ ਪੱਧਰੀ ਜਾਂ ਜ਼ਿਲ੍ਹਾ ਪੱਧਰੀ ਸਮਾਗਮਾਂ ਵਿੱਚ ਸਨਮਾਨਤ ਕੀਤਾ ਜਾਵੇ? ਹਾਲ ਦੀ ਘੜੀ ਤਾਂ ਪੰਜਾਬ ਵਿਚ ਹਾਲਤ ਇਹ ਹੈ ਕਿ ਐਨ.ਆਰ.ਆਈ. ਸਭਾ ਦੀ ਚੋਣ ਵੀ ਨਹੀਂ ਕਰਵਾਈ ਜਾ ਰਹੀ। ਪਰਵਾਸੀ ਸੰਮੇਲਨ ਬੰਦ ਹਨ। ਐਨ.ਆਰ.ਆਈ. ਥਾਣਿਆਂ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਲੱਗ ਰਹੇ ਹਨ। ਪੰਜਾਬ ਦਾ ਪਰਵਾਸੀ ਵਿਭਾਗ ਚੁੱਪ ਹੈ।

ਦੇਸ਼ ਦੇ ਕੁਝ ਸੂਬਿਆਂ ਖ਼ਾਸਕਰ ਗੁਜਰਾਤ ਅਤੇ ਕਰਨਾਟਕ ਵਿੱਚ ਪਰਵਾਸੀ ਭਾਰਤੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ ਸਹੂਲਤਾਂ ਹਨ। ਦੱਖਣੀ ਭਾਰਤ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਿੱਖਿਆ ਲਈ ਉਤਸ਼ਾਹਿਤ ਕਰਨ ਹਿੱਤ ਬਾਹਰਲੇ ਮੁਲਕਾਂ ਵਿਚ ਰਹਿੰਦੇ ਪ੍ਰਸਿੱਧ ਅਕੈਡਮਿਕ ਖੇਤਰ ਦੇ ਪ੍ਰੋਫੈਸਰਾਂ ਤੇ ਪ੍ਰੋਫੈਸ਼ਨਲਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ ਪਰ ਪੰਜਾਬ ਵਿਚ ਇਹ ਸਹੂਲਤ ਵੀ ਨਹੀਂ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਜਾਂ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਵਿਚ ਕਿੰਨੇ ਪਰਵਾਸੀ ਭਾਰਤੀ ਪ੍ਰੋਫੈਸ਼ਨਲਾਂ ਨੂੰ ਗੈਸਟ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ? ਪਿਛਲੇ ਲਗਭਗ 13 ਵਰ੍ਹਿਆਂ ਦੌਰਾਨ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀ ਸੰਮੇਲਨ ਉੱਤੇ ਕਰੋੜਾਂ ਰੁਪਏ ਖ਼ਰਚ ਕਰਨ ਦੇ ਬਾਵਜੂਦ ਕਿੰਨੇ ਕਾਰੋਬਾਰੀਆਂ ਵੱਲੋਂ ਪੰਜਾਬ ਵਿਚ ਆਪਣੇ ਕਾਰੋਬਾਰ ਖੋਲ੍ਹੇ ਗਏ? ਕਿੰਨੇ ਪ੍ਰੋਫੈਸ਼ਨਲਾਂ ਅਤੇ ਪ੍ਰਸਿੱਧੀ ਪੰਜਾਬੀ ਪਰਵਾਸੀਆਂ ਨੂੰ ਸਨਮਾਨ ਦਿੱਤੇ ਗਏ? ਕਿਹੜੀਆਂ ਵਿਸ਼ੇਸ਼ ਸਹੂਲਤਾਂ ਪਰਵਾਸੀਆਂ ਨੂੰ ਦਿੱਤੀਆਂ, ਜਿਨ੍ਹਾਂ ਸਦਕਾਂ ਪਰਵਾਸੀ ਆਪ ਅਤੇ ਉਨ੍ਹਾਂ ਦੀ ਅਗਲੀ ਸੰਤਾਨ ਪੰਜਾਬ ਲਈ 'ਕੁਝ ਕਰਨ' ਵਾਸਤੇ ਉਤਸ਼ਾਹਿਤ ਹੋਈ ਹੋਵੇ।

ਭਾਰਤ ਸਰਕਾਰ ਨੇ ਵੀ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ, ਪੰਜਾਬੀ ਬੋਲਦੇ ਪੰਜਾਬ ਦੇ ਇਲਾਕੇ ਪੰਜਾਬੋਂ ਬਾਹਰ ਰੱਖਣ ਅਤੇ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਵਿਤਕਰਿਆਂ ਦੇ ਨਾਲ ਨਾਲ ਪਰਵਾਸੀ ਪੰਜਾਬੀਆਂ ਨੂੰ ਮਾਣ-ਸਨਮਾਨ ਦੇਣ ਵਿਚ ਵੀ ਵਿਤਕਰਾ ਹੀ ਕੀਤਾ ਹੈ। ਪਰਵਾਸੀ ਭਾਰਤੀ ਸੰਮੇਲਨਾਂ ਜਾਂ ਕਨਵੈਨਸ਼ਨਾਂ ਕਰਕੇ ਪਰਵਾਸੀ ਭਾਰਤੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ ਪਰ ਪਰਵਾਸੀ ਪੰਜਾਬੀ ਇਨ੍ਹਾਂ ਲਿਸਟਾਂ ਵਿੱਚੋਂ ਲਗਭਗ ਮਨਫ਼ੀ ਹੀ ਹਨ। ਕੀ ਕੈਨੇਡਾ ਦੀ ਸਰਕਾਰ ਲਈ ਚੁਣੇ ਗਏ ਪੰਜਾਬੀ ਮੰਤਰੀ ਇਸ ਸਨਮਾਨ ਦੇ ਹੱਕਦਾਰ ਨਹੀਂ? ਅਮਰੀਕਾ ਦੇ ਸੂਬਿਆਂ ਵਿਚ ਗਵਰਨਰ ਵਜੋਂ ਸੇਵਾ ਨਿਭਾਉਣ ਵਾਲੇ ਪੰਜਾਬੀ ਪਰਵਾਸੀਆਂ ਨੂੰ ਇਨ੍ਹਾਂ ਸਮਾਗਮਾਂ ਵਿਚ ਸੱਦ ਕੇ ਉਨ੍ਹਾਂ ਦੇ ਤਜਰਬੇ ਦਾ ਲਾਹਾ ਭਾਰਤੀ ਲੋਕਤੰਤਰ ਲਈ ਕਿਉਂ ਨਹੀਂ ਲਿਆ ਜਾਂਦਾ? ਕੀ ਪੰਜਾਬ ਦੀ ਸਰਕਾਰ ਆਪਣੇ ਸਰਕਾਰੀ ਮਹਿਕਮਿਆਂ, ਸਰਕਾਰੀ ਯੂਨੀਵਰਸਿਟੀਆਂ, ਬੋਰਡਾਂ, ਕਾਰਪੋਰੇਸ਼ਨਾਂ ਵਿਚ ਪ੍ਰਸਿੱਧ ਪੰਜਾਬੀ ਸਕਾਲਰਾਂ, ਲੇਖਕਾਂ, ਪ੍ਰੋਫੈਸ਼ਨਲਾਂ ਤੇ ਵੱਖੋ-ਵੱਖਰੇ ਖੇਤਰਾਂ ਦੇ ਮਾਹਰਾਂ ਦੀਆਂ ਸੇਵਾਵਾਂ ਨਹੀਂ ਲੈ ਸਕਦੀ?

ਪੰਜਾਬੀ ਪਰਵਾਸੀਆਂ ਪ੍ਰਤੀ ਕੇਂਦਰ ਅਤੇ ਸੂਬਾ ਸਰਕਾਰ ਦੀ ਬੇਰੁਖ਼ੀ ਕਈ ਸਵਾਲ ਤੇ ਸ਼ੰਕੇ ਖੜ੍ਹੇ ਕਰਦੀ ਹੈ। ਪਰਵਾਸੀ ਪੰਜਾਬੀਆਂ ਦੇ ਦੇਸ਼ ਅਤੇ ਸੂਬੇ ਪ੍ਰਤੀ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਜੇ ਉਨ੍ਹਾਂ ਵੱਲੋਂ ਦੇਸ਼ ਅਤੇ ਸੂਬੇ ਦੇ ਪ੍ਰਸ਼ਾਸਨ, ਸੂਬੇ 'ਚ ਹੋ ਰਹੇ ਨਸ਼ਿਆਂ ਦੇ ਕਾਰੋਬਾਰ, ਆਮ ਲੋਕਾਂ ਨਾਲ ਹੋ ਰਹੀ ਧੱਕੇਸ਼ਾਹੀ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਪ੍ਰਤੀ ਸੁਆਲ ਉਠਾਏ ਜਾ ਰਹੇ ਹਨ ਤਾਂ ਉਹ ਸਰਕਾਰਾਂ ਨੂੰ ਚੁੱਭਦੇ ਕਿਉਂ ਹਨ? ਕੀ ਸਰਕਾਰਾਂ ਇਨ੍ਹਾਂ ਚੇਤੰਨ ਪੰਜਾਬੀਆਂ ਦੇ ਸਵਾਲਾਂ ਦੇ ਜਵਾਬ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਸ਼ੰਕਿਆਂ ਦੀ ਨਵਿਰਤੀ ਨਹੀਂ ਕਰ ਸਕਦੀਆਂ? ਸਰਕਾਰਾਂ ਪਰਵਾਸੀ ਪੰਜਾਬੀਆਂ ਨੂੰ ਦੇਸ਼ ਵਿਚ ਰਹਿ ਰਹੇ ਪੰਜਾਬੀਆਂ ਤੋਂ ਵੱਖਰੇ ਕਰਕੇ ਕਿਉਂ ਵੇਖ ਰਹੀਆਂ ਹਨ? ਉਹ ਤਾਂ ਹਰ ਘੜੀ ਹਰ ਪਲ ਆਪਣੇ ਦੇਸ਼ਵਾਸੀਆਂ ਦੇ ਚੰਗੇਰੇ ਰਹਿਣ-ਸਹਿਣ, ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਇਨਸਾਫ਼ ਭਰੀ ਜ਼ਿੰਦਗੀ ਦਾ ਸੁਪਨਾ ਲੈਂਦੇ ਹਨ ਅਤੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਵੀ ਹਨ।

# ਮਾਉ ਜ਼ੇ ਤੁੰਗ ਦੀ ਜੁਗਤਿ ਤੇ ਮੌਜੇ

**ਤਰਲੋਚਨ ਸਿੰਘ ਦੁਪਾਲਪੁਰ**
(ਸੰਪਰਕ : 001-408-915-1268)
ਈ ਮੇਲ : tsdupalpuri@yahoo.com



ਕਦੇ ਕਦੇ ਅਖਬਾਰਾਂ ਜਾਂ ਬਿਜਲਈ ਮੀਡੀਏ ਵਿਚ ਇਹ ਸ਼ਬਦ ਪੜਨ-ਸੁਣਨ ਨੂੰ ਮਿਲਦਾ ਹੈ ਕਿ ਫਲਾਣੀ ਸਿਆਸੀ ਪਾਰਟੀ ਜਾਂ ਫਲਾਣੇ ਆਗੂ ਨੂੰ ਕੰਧ 'ਤੇ ਲਿਖਿਆ ਪੜ ਲੈਣਾ ਚਾਹੀਦਾ ਹੈ, ਨਹੀਂ ਤਾਂ ਉਸ ਨੂੰ ਬਾਅਦ ਵਿਚ ਪਛਤਾਉਣਾ ਪਵੇਗਾ। ਸਮਾਂ ਰਹਿੰਦਿਆਂ ਸਾਵਧਾਨ ਕਰਨ ਵਜੋਂ, ਕਿਸੇ ਲਈ ਇਹ ਸ਼ਬਦ ਉਦੋਂ ਵਰਤੇ ਜਾਂਦੇ ਹਨ, ਜਦੋਂ ਕੋਈ ਧਿਰ ਜਾਂ ਆਗੂ ਲੋਕ ਭਾਵਨਾਵਾਂ ਨੂੰ ਮਿੱਧਦਾ ਹੋਇਆ ਮਨ ਮਰਜ਼ੀਆਂ ਕਰੀ ਜਾਵੇ ਅਤੇ ਕਿਸੇ ਦੀ ਸੁਣੇ ਹੀ ਨਾ। ਹਰੇਕ ਮੁਹਾਵਰੇ ਜਾਂ ਅਖਾਉਣ ਦੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ ਮਿਥਿਹਾਸਕ ਕਹਾਣੀ ਜ਼ਰੂਰ ਪਈ ਹੁੰਦੀ ਹੈ। ਜਿੱਥੋਂ ਇਨਾਂ ਮਿੱਥ ਮਨਾਉਣ ਦਾ ਮੁੱਢ ਬੱਝ ਜਾਂਦਾ ਹੈ ਤੇ ਇਹ ਸੀਨ-ਬ-ਸੀਨ ਕਿਸੇ ਭਾਸ਼ਾ, ਸਭਿਆਚਾਰ ਵਿਚ ਚਲਦੀਆਂ ਰਹਿੰਦੀਆਂ ਹਨ। ਬਹੁ ਗਿਣਤੀ ਲੋਕ ਇਨਾਂ ਮੁਹਾਵਰਿਆਂ ਅਖੌਤਾਂ ਦੀ ਵਰਤੋਂ ਤਾਂ ਬਾਖ਼ੂਬੀ ਕਰਦੇ ਹੀ ਰਹਿੰਦੇ ਹਨ ਪਰ ਕੁਝ ਅਜਿਹੇ ਖ਼ਬਤੀ ਵੀ ਹੁੰਦੇ ਹਨ, ਜੋ ਇਨਾਂ ਦਾ ਖੁਰਾ ਖੋਜ ਲੱਭਣ ਲਈ ਖੋਜਾ ਖਾਜੀ ਕਰਨੋ ਹਿਚਕਾਉਂਦੇ ਨਹੀਂ।

ਯਤਨ ਕਰਕੇ ਮੈਂ ਵੀ 'ਕੰਧ' 'ਤੇ ਲਿਖਿਆ ਪੜਨ ਦਾ ਆਦਿ-ਜੁਗਾਦਿ ਲੱਭਣ ਲਈ, ਕਈ ਅਖਬਾਰਾਂ ਨਾਲ ਜੁੜੇ ਰਹੇ ਉੱਘੇ ਪੱਤਰਕਾਰ ਸ੍ਰੀ ਜਸਵੀਰ 'ਦੀਪ' ਨਵਾਂ ਸ਼ਹਿਰ ਨਾਲ ਸੰਪਰਕ ਕੀਤਾ। ਕਿਉਂਕਿ ਮੈਨੂੰ ਯਾਦ ਆਇਆ ਕਿ ਕਿਸੇ ਮਹਿਫਲ ਵਿਚ ਬੈਠਿਆਂ ਉਸ ਦੇ ਮੂੰਹੋਂ ਕੁਝ ਬੋਲ ਨਿਕਲੇ ਸਨ, ਇਸ ਕਥਨ ਬਾਰੇ। ਪਰ ਮੈਨੂੰ ਵਿਸਥਾਰਤ ਵੇਰਵਾ ਪੂਰਾ ਯਾਦ ਨਹੀਂ ਸੀ। ਸੋ ਦੀਪ ਜੀ ਦੇ ਦੱਸਣ ਮੁਤਾਬਕ ਇਸ ਦੀ ਸ਼ੁਰੂਆਤ ਚੀਨ ਦੇਸ਼ ਵਿਚ ਹੋਈ ਸੀ। ਉਸ ਦੇਸ਼ ਦੇ ਪ੍ਰਸਿੱਧ ਆਗੂ ਮਾਉ ਜ਼ੇ ਤੁੰਗ (1893-1976) ਦੇ ਲੰਬੇ ਸਿਆਸੀ ਜੀਵਨ ਵਿਚ ਕਈ ਤਰਾਂ ਦੇ ਉਤਰਾ ਚੜਾਅ ਆਏ। ਕਹਿੰਦੇ ਇਕ ਵਾਰ ਅਜਿਹਾ ਸਮਾਂ ਆਇਆ ਕਿ ਉਸ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸਰਕਾਰ ਜਾਂ ਪ੍ਰਸ਼ਾਸਨ ਪ੍ਰਤੀ ਆਪਣੇ ਤੌਖਲੇ, ਬਿਨਾਂ ਕਿਸੇ ਡਰ ਭਉ ਤੋਂ ਕੰਧਾਂ ਉੱਤੇ ਲਿਖ ਦਿਆਂ ਕਰਨ। ਆਪਣੇ ਆਗੂ ਦੀ ਸਲਾਹ ਮੰਨਦਿਆਂ ਚੀਨੀ ਲੋਕਾਂ ਨੇ ਵੀ ਬੇਖੌਫ ਹੋ ਕੇ ਸੱਚੋ-ਸੱਚ ਲਿਖ ਲਿਖ ਕੰਧਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਇੰਝ ਰਾਜ ਭਾਗ ਚਲਾ ਰਹੇ ਸਿਆਸੀ ਆਗੂਆਂ ਨੂੰ ਇਸ ਗੱਲ ਦਾ ਇਲਮ ਹੋਣਾ ਸ਼ੁਰੂ ਹੋ ਗਿਆ ਕਿ ਉਨਾਂ ਦੇ ਪ੍ਰਸ਼ਾਸਨ ਬਾਰੇ ਜਨਤਾ ਦੇ ਕਿਹੋ ਜਿਹੇ ਵਿਚਾਰ ਹਨ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਜਿਹੜਾ ਕੋਈ ਸਾਧਨ ਬੀਤੇ ਕੱਲ ਵਰਤਿਆ ਜਾ ਰਿਹਾ ਹੋਵੇ, ਦੂਜੇ ਦਿਨ ਉਹ ਪੁਰਾਣਾ ਹੋ ਜਾਂਦਾ ਹੈ ਤੇ ਨਵਾਂ ਸਾਹਮਣੇ ਆ ਜਾਂਦਾ ਹੈ। ਉਸ ਸਮੇਂ ਕੰਧਾਂ 'ਤੇ ਲਿਖਿਆ ਪੜ ਕੇ ਮਾਉ ਜ਼ੇ ਤੁੰਗ ਵਰਗੇ ਆਗੂ ਸਮਾਂ ਰਹਿੰਦਿਆਂ 'ਸੁਧਰਦੇ' ਰਹੇ ਹੋਣਗੇ। ਭਾਵ ਕਿ ਤਤਕਾਲੀ ਚੀਨੀ ਲੋਕਾਂ ਅੱਗੇ ਇਹ ਨੌਬਤ ਹੀ ਨਹੀਂ ਆਈ ਹੋਣੀ ਕਿ ਉਨਾਂ ਨੂੰ 'ਕੰਧ' 'ਤੇ ਲਿਖਿਆ ਪੜ ਲੈਣ' ਦੀਆਂ ਦੁਹਾਈਆਂ ਦੇਣੀਆਂ ਪਈਆਂ ਹੋਣ। ਵਰੇ ਬੀਤਦੇ ਗਏ, ਕੋਠਿਆਂ, ਮਕਾਨਾਂ ਦੀਆਂ ਕੰਧਾਂ ਦੀ ਥਾਂ ਆ ਗਈਆਂ 'ਫੇਸ ਬੁੱਕ' ਵਰਗੀਆਂ ਸੋਸ਼ਲ ਸਾਈਟਾਂ ਦੀਆਂ ਕੰਧਾਂ (ਵਾਲ) ਜਿੱਥੇ ਲੋਕ ਆਜ਼ਾਦੀ ਨਾਲ ਆਪਣੇ ਖਿਆਲਾਤ ਲਿਖੀ ਜਾ ਰਹੇ ਹਨ। ਭਾਵੇਂ ਮਾਡਰਨ ਯੁੱਗ ਵਿਚ ਕਿਸੇ ਤਹਿਰੀਕ ਦੇ ਪ੍ਰਚਾਰ ਪ੍ਰਸਾਰ ਲਈ ਆਪੋ ਆਪਣੀ 'ਵਾਲ' (ਕੰਧ) 'ਤੇ ਲਿਖਣ ਦਾ ਤਰੀਕਾ ਬੇਹੱਦ ਕਾਰਗਰ ਸਿੱਧ ਹੋ ਰਿਹਾ ਹੈ ਪਰ ਸਾਡੇ ਦੇਸ਼ ਦੇ ਬਹੁਤੇ ਸਿਆਸਤਦਾਨਾਂ ਨੂੰ ਐਸੀ ਭੈੜੀ ਵਾਦੀ ਪਈ ਹੋਈ ਹੈ ਕਿ ਉਹ 'ਵਾਲ' 'ਤੇ ਲਿਖੇ ਹੋਏ ਨੂੰ ਅਣਡਿੱਠ ਕਰਕੇ, ਭਰੇ ਫਿੱਸੇ ਪਏ ਲੋਕਾਂ ਨੂੰ ਚੁਟਕਲੇ ਸੁਣਾਈ ਜਾਂਦੇ ਹਨ। ਕੁਰਸੀ ਦੇ ਲਾਲਚ ਵਿਚ ਅੰਨੇ ਹੋਇਆਂ ਨੂੰ ਕੰਧਾਂ 'ਤੇ ਸਾਫ਼ ਸਾਫ਼ ਲਿਖਿਆ ਹੋਇਆ ਨਜ਼ਰ ਹੀ ਨਹੀਂ ਆਉਂਦਾ। ਸ਼ਾਇਦ ਇਸੇ ਕਾਰਨ ਮਾਉ ਜ਼ੇ ਤੁੰਗ ਦੇ ਇਸ ਫਾਰਮੂਲੇ ਦੀ ਦੁਰਗਤੀ ਤੋਂ ਹਿਰਖੇ ਕਈ ਲੋਕਾਂ ਨੇ, ਸਿਆਸੀ ਆਗੂਆਂ ਦੇ ਕੰਨ ਜਾਂ ਅੱਖਾਂ ਖੋਲਣ ਲਈ 'ਮੌਜੇ' (ਜੁੱਤੀ) ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਬੇਸ਼ਕ ਇਹ ਗੁਸੈਲ ਢੰਗ ਸਭਿਅਕ ਨਹੀਂ ਮੰਨਿਆ ਜਾ ਸਕਦਾ। ਪਰ ਫਾਰਸੀ ਦੀ ਕਹਾਵਤ ਹੈ 'ਤੰਗ ਆਮਦ, ਬਜੰਗ ਆਮਦ।'

# ਹਜ਼ਾਰਾਂ ਪਰਵਾਸੀ ਪੰਜਾਬ 'ਚ ਕਿਉਂ ਕਰ ਰਹੇ ਹਨ 'ਆਪ' ਲਈ ਪ੍ਰਚਾਰ...

**ਆਸ਼ੂਤੋਸ਼**

ਮੈਂ ਕੈਨੇਡਾ ਦੇ ਕੈਲਗਰੀ 'ਚ ਸੀ। ਤਾਪਮਾਨ ਮਨਫੀ ਦੇ ਨਜ਼ਦੀਕ ਪੁੱਜ ਚੁੱਕਾ ਸੀ। ਮੀਂਹ ਵੀ ਪੈ ਰਿਹਾ ਸੀ ਅਤੇ ਗਰਮ ਜੈਕੇਟ ਤੇ ਮਫਲਰ ਲੈਣ ਦੇ ਬਾਵਜੂਦ ਮੈਨੂੰ ਠੰਢ ਲੱਗ ਰਹੀ ਸੀ। ਸੰਜੇ ਸਿੰਘ ਵੀ ਮੇਰੇ ਨਾਲ ਸਨ। ਜਦੋਂ ਅਸੀਂ ਸਥਾਨਕ ਕਮਿਊਨਿਟੀ ਸੈਂਟਰ ਵੱਲ ਜਾ ਰਹੇ ਸਾਂ, ਮੈਂ ਸੋਚ ਰਿਹਾ ਸੀ ਕਿ ਸਾਨੂੰ ਸੁਣਨ ਲਈ ਕੁੱਝ 100 ਲੋਕ ਵੀ ਆਉਣਗੇ ਜਾਂ ਨਹੀਂ। ਪਰ ਜਦੋਂ ਅਸੀ ਉਥੇ ਪੁੱਜੇ ਤਾਂ ਸਾਨੂੰ ਹੈਰਾਨੀਜਨਕ ਖ਼ੁਸ਼ੀ ਹੋਈ। ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਕੁੱਝ ਜ਼ਿਆਦਾ ਹੀ ਭਰਿਆ ਹੋਇਆ ਸੀ। ਕੋਨੇ-ਕੋਨੇ 'ਚ ਲੋਕ ਮੌਜੂਦ ਸਨ। ਭਾਰਤੀ ਭਾਈਚਾਰੇ ਤੋਂ 1000 ਤੋਂ ਵੱਧ ਲੋਕ, ਜਿਨ੍ਹਾਂ 'ਚ ਜ਼ਿਆਦਾਤਰ ਪੰਜਾਬ ਦੇ ਸਨ, ਸਾਨੂੰ ਸੁਣਨ ਲਈ ਆਏ ਹੋਏ ਸਨ।

ਸਿੱਖ ਭਾਈਚਾਰੇ ਲਈ ਕੈਨੇਡਾ ਬਹੁਤ ਖਾਸ ਥਾਂ ਹੈ। ਅੰਗਰੇਜ਼ੀ ਅਤੇ ਫਰੈਂਚ ਤੋਂ ਬਾਅਦ ਇੱਥੇ ਤੀਜੀ ਸਭ ਤੋਂ ਵੱਧ ਹਰਮਨ ਪਿਆਰੀ ਭਾਸ਼ਾ ਗੁਰਮੁਖੀ ਹੀ ਹੈ ਅਤੇ ਇੱਥੇ ਦਾ ਰੱਖਿਆ ਮੰਤਰੀ ਵੀ ਸਿੱਖ ਹੈ, ਜੋ ਕੈਨੇਡਾ ਦਾ ਤੀਜਾ ਸਭ ਤੋਂ ਸ਼ਕਤੀਸ਼ਾਲੀ ਦਫ਼ਤਰ ਹੈ। ਇਸੇ ਤਰ੍ਹਾਂ ਕੈਨੇਡਾ ਦੇ 6 ਹੋਰ ਸ਼ਹਿਰਾਂ 'ਚ ਵੀ ਬਿਲਕੁਲ ਅਜਿਹੇ ਹੀ ਨਜ਼ਾਰੇ ਨੇ ਸਾਡਾ ਸਵਾਗਤ ਕੀਤਾ ਅਤੇ ਲੋਕ ਸਾਨੂੰ ਸੁਣਨ ਲਈ ਉਤਸਾਹਤ ਵਿਖਾਈ ਦਿੱਤੇ। ਅਸਲੀਅਤ ਇਹ ਹੈ ਕਿ ਹਿਦੁਸਤਾਨ 'ਚ ਕਦੇ-ਕਦੇ ਸਾਨੂੰ ਸੁਣਨ ਲਈ ਇੰਨੇ ਲੋਕ ਨਹੀਂ ਮਿਲ ਪਾਉਂਦੇ ਹਨ। ਸਾਲ 2015 ਦੇ ਅਮਰੀਕਾ ਅਤੇ ਕੈਨੇਡਾ ਦੌਰੇ 'ਚ ਸਾਨੂੰ ਮਿਲੇ ਸ਼ਾਨਦਾਰ ਸਮਰਥਨ ਨੇ ਹੀ ਪਹਿਲੀ ਵਾਰ ਸਾਨੂੰ ਅਹਿਸਾਸ ਦਿਵਾਇਆ ਸੀ ਕਿ ਆਮ ਆਦਮੀ ਪਾਰਟੀ (ਆਪ) ਅਜਿਹੀ ਤਾਕਤ ਵਜੋਂ ਉਭਰ ਚੁਕੀ ਹੈ, ਜੋ ਪੰਜਾਬ 'ਚ ਸਰਕਾਰ ਬਣਾ ਸਕਦੀ ਹੈ।

ਜਿਸ ਸ਼ਹਿਰ 'ਚ ਅਸੀ ਗਏ, ਸੰਦੇਸ਼ ਸਪਸ਼ਟ ਸੀ - ਅਸੀ ਪੰਜਾਬੀ 'ਘਰ' ਵਿੱਚ ਚਲ ਰਹੇ ਅਕਾਲੀ ਕੁਸ਼ਾਸਨ ਤੋਂ ਅੱਕ ਚੁੱਕੇ ਹਾਂ ਅਤੇ ਹੁਣ ਅਸੀਂ 'ਆਪ' ਚਾਹੁੰਦੇ ਹਾਂ। ਇੰਟਰਨੈਟ ਅਤੇ ਸਮਾਰਟਫੋਨਾਂ ਕਾਰਨ ਉੱਥੇ ਰਹਿਣ ਵਾਲੇ ਸਾਰੇ ਲੋਕ ਪੰਜਾਬ 'ਚ ਜਾਰੀ ਤਾਜ਼ਾ ਰਾਜਨੀਤਕ ਗਤੀਵਿਧੀਆਂ ਅਤੇ ਹਰ ਛੋਟੀ-ਛੋਟੀ ਬਾਰੀਕੀ ਤੋਂ ਜਾਣੂ ਸਨ ਅਤੇ ਉਨ੍ਹਾਂ ਕੋਲ 'ਆਪ' ਲਈ ਬਹੁਤ ਸਾਰੇ ਸੁਝਾਅ ਸਨ। ਅਸੀਂ ਉੱਥੋਂ ਦੇ ਲੋਕਾਂ ਤੋਂ ਅਜਿਹੀਆਂ ਕਹਾਣੀਆਂ ਵੀ ਸੁਣੀਆਂ ਕਿ ਕਿਵੇਂ ਉਹ 'ਆਪ' ਲਈ ਕੰਮ ਕਰਦੇ ਹਨ ਅਤੇ ਕਿਵੇਂ ਉਨ੍ਹਾਂ ਨੇ ਸਾਲ 2013 ਤੇ 2015 ਵਿਚ ਦਿੱਲੀ 'ਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਸਨ ਜਾਂ ਤਿੰਨ ਮਹੀਨੇ ਦੀਆਂ ਛੁੱਟੀਆਂ ਲਈਆਂ ਸਨ, ਤਾਂ ਕਿ ਉਹ 'ਆਪ' ਲਈ ਕੰਮ ਕਰ ਸਕਣ।

ਉਸ ਸਮੇਂ ਅਜਿਹਾ ਅਹਿਸਾਸ ਹੋਇਆ ਕਿ ਸਾਨੂੰ ਮਿਲ ਰਹੇ ਸਮਰਥਨ ਨੂੰ ਰਸਮੀ ਬਣਾਉਣਾ ਹੋਵੇਗਾ ਅਤੇ ਸਾਡੇ ਓਵਰਸੀਜ਼ ਚੈਪਟਰ (ਵਿਦੇਸ਼ੀ ਖਾਤਿਆਂ) ਨੂੰ ਸਹੀ ਤਰੀਕੇ ਨਾਲ ਸੁਚਾਰੂ ਕਰਨਾ ਹੋਵੇਗਾ। ਅਗਲੇ ਕੁੱਝ ਮਹੀਨਿਆਂ 'ਚ ਵਿਦੇਸ਼ਾਂ ਵਿਚ ਮੌਜੂਦ ਸਾਡੇ ਵਾਲੰਟੀਅਰਾਂ ਦਾ ਢਾਂਚਾ ਸਹੀ ਆਕਾਰ 'ਚ ਵਿਖਾਈ ਦੇਣ ਲੱਗਾ। 9 ਵੱਖ-ਵੱਖ ਇਕਾਈਆਂ ਸਥਾਪਤ ਕਰ ਦਿੱਤੀਆਂ ਗਈਆਂ - ਅਮਰੀਕਾ (ਯੂ.ਐਸ.ਏ.), ਕੈਨੇਡਾ, ਯੂਨਾਈਟਿਡ ਕਿੰਗਡਮ (ਯੂ.ਕੇ.), ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂ.ਏ.ਈ., ਕਤਰ ਅਤੇ ਸਿੰਗਾਪੁਰ ਅਤੇ ਕੁੱਝ ਹੋਰ ਇਕਾਈਆਂ ਤਿਆਰ ਹੋ ਰਹੀਆਂ ਹਨ। ਜਿਸ ਸਮੇਂ ਵੈਟਿਕਨ 'ਚ ਮਦਰ ਟੈਰੇਸਾ ਨੂੰ ਸੰਤ ਦਾ ਦਰਜਾ ਦਿੱਤਾ ਗਿਆ ਸੀ, ਅਰਵਿੰਦ ਕੇਜਰੀਵਾਲ ਗੈਰ-ਪ੍ਰਵਾਸੀ ਭਾਰਤੀ ਵਾਲੰਟੀਅਰਾਂ ਦੇ ਉਸ ਬਹੁਤ ਵੱਡੇ ਸੰਗਠਨ ਨੂੰ ਵੇਖ ਕੇ ਹੈਰਾਨ ਰਹਿ ਗਏ ਸਨ, ਜੋ ਉਨ੍ਹਾਂ ਨੂੰ ਲੈਣ ਲਈ ਹਵਾਈ ਅੱਡੇ ਪੁੱਜੇ ਸਨ।

ਅੱਜ ਜਦੋਂ ਪੰਜਾਬ ਅਤੇ ਗੋਆ ਚੋਣ ਵੱਲ ਵੱਧ ਰਹੇ ਹਨ, ਸੈਂਕੜੇ ਗੈਰ-ਪ੍ਰਵਾਸੀ ਵਾਲੰਟੀਅਰਾਂ ਨੇ ਛੁੱਟੀਆਂ ਲੈ ਲਈਆਂ ਹਨ ਅਤੇ ਪਾਰਟੀ ਲਈ ਪ੍ਰਚਾਰ ਕਰਨ ਲਈ ਇਨ੍ਹਾਂ ਦੋਵੇਂ ਸੂਬਿਆਂ 'ਚ ਮੌਜੂਦ ਹਨ। ਜਾਂ ਤਾਂ ਉਨ੍ਹਾਂ ਲੋਕਾਂ ਨੇ ਆਪਣੀ ਪਸੰਦ ਦੇ ਚੋਣ ਖੇਤਰ ਚੁਣ ਲਏ ਹਨ ਜਾਂ ਉਨ੍ਹਾਂ ਨੇ ਸਾਨੂੰ ਕਿਸੇ ਇਕ ਚੋਣ ਖੇਤਰ ਦੀ ਜ਼ਿੰਮੇਵਾਰੀ ਦੇ ਦਿੱਤੀ ਹੈ। ਜਿਹੜੇ ਗੈਰ-ਪ੍ਰਵਾਸੀ ਭਾਰਤੀ ਸਾਡੇ ਨਾਲ ਕੰਮ ਕਰ ਰਹੇ ਹਨ, ਉਨ੍ਹਾਂ 'ਚ ਔਰਤਾਂ ਤੇ ਨੌਜਵਾਨ ਵੀ ਹਨ ਅਤੇ ਬਜ਼ੁਰਗ ਭਾਰਤੀ ਵੀ, ਜੋ ਹਿਦੁਸਤਾਨ ਦੇ ਹਾਲਾਤ ਤੋਂ ਪ੍ਰੇਸ਼ਾਨ ਹੋ ਚੁੱਕੇ ਹਨ। ਉਹ ਆਪਣੀ ਖ਼ੂਨ-ਪਸੀਨੇ ਦੀ ਕਮਾਈ ਖਰਚ ਕਰ ਰਹੇ ਹਨ ਅਤੇ ਬਦਲੇ 'ਚ ਸਾਫ-ਸੁਥਰੀ, ਚੰਗੀ ਰਾਜਨੀਤੀ ਅਤੇ ਸੁਸ਼ਾਸਨ ਤੋਂ ਇਲਾਵਾ ਸਾਡੀ ਪਾਰਟੀ ਤੋਂ ਕੁੱਝ ਨਹੀਂ ਚਾਹੁੰਦੇ। ਅਸਲੀਅਤ ਇਹ ਹੈ ਕਿ ਉਹ ਸਾਡੇ ਚੰਦੇ 'ਚ ਬਹੁਤ ਵੱਡਾ ਯੋਗਦਾਨ ਦੇ ਰਹੇ ਹਨ। ਪਾਰਟੀ ਦੇ ਕੁਲ ਫੰਡ 'ਚ 22 ਫੀਸਦੀ ਹਿੱਸਾ ਉਨ੍ਹਾਂ ਦੇ ਦਾਨ ਦਾ ਹੈ। ਇਹ ਕਾਨੂੰਨੀ ਅਤੇ ਸਾਫ-ਸੁਥਰਾ ਪੈਸਾ ਹੈ। ਇਹ ਲੋਕ ਜ਼ਿਆਦਾਤਰ ਚੰਦਾ ਆਨਲਾਈਨ ਦਿੰਦੇ ਹਨ। ਜੋ ਭਾਰਤ ਨਹੀਂ ਆ ਸਕਦੇ, ਉਹ ਖੁਦ ਨੂੰ 'ਕਾਲਿੰਗ ਕੈਂਪੇਨ' ਲਈ ਦੁਨੀਆ ਭਰ 'ਚ ਵਾਲੰਟੀਅਰਾਂ ਵਜੋਂ ਦਰਜ ਕਰਵਾ ਰਹੇ ਹਨ। ਲਗਭਗ 10 ਹਜ਼ਾਰ ਗੈਰ-ਪ੍ਰਵਾਸੀ ਭਾਰਤੀ ਜਾਂ ਓਵਰਸੀਜ ਵਾਲੰਟੀਅਰ ਇਸ ਨਾਲ ਜੁੜੇ ਹੋਏ ਹਨ। ਆਪਣਾ ਰੋਜ਼ਾਨਾ ਦਾ ਕੰਮਕਾਜ ਖਤਮ ਕਰਨ ਤੋਂ ਬਾਅਦ ਉਹ ਕਿਸੇ ਇਕ ਥਾਂ 'ਤੇ ਇਕੱਤਰ ਹੁੰਦੇ ਹਨ ਜਾਂ ਘਰ 'ਚ ਹੀ ਕੰਮ ਕਰਦੇ ਹਨ ਅਤੇ ਭਾਰਤ 'ਚ ਵਸੇ ਆਪਣੇ ਜਾਣਕਾਰਾਂ ਅਤੇ ਰਿਸ਼ਤੇਦਾਰਾਂ ਨੂੰ ਫੋਨ ਕਰ ਸਮਝਾਉਂਦੇ ਹਨ ਕਿ ਕਿਉਂ 'ਆਪ' ਨੂੰ ਵੋਟ ਦੇਣਾ ਚਾਹੀਦਾ ਹੈ ਅਤੇ ਕਿਉਂ ਦੇਸ਼ 'ਚ ਬਦਲਾਅ ਲਿਆਉਣ ਲਈ 'ਆਪ' ਦੀ ਲੋੜ ਹੈ। ਇਹ ਸਭ ਬਹੁਤ ਚੰਗੇ ਤਰੀਕੇ ਨਾਲ ਹੁੰਦਾ ਹੈ। ਹਰ ਕਿਸੇ ਨੂੰ ਰੋਜ਼ਾਨਾ ਲਗਭਗ 50 ਕਾਲ ਕਰਨੀ ਪੈਂਦੀ ਹੈ। ਸਾਲ 2015 'ਚ ਹੋਏ ਦਿੱਲੀ ਵਿਭਾਗ ਸਭਾ ਚੋਣ ਸਮੇਂ ਸਿਰਫ ਅਮਰੀਕਾ 'ਚ ਵਸੇ 2400 ਓਵਰਸੀਜ਼ ਵਾਲੰਟੀਅਰਾਂ ਨੇ ਲਗਭਗ 10.8 ਲੱਖ ਕਾਲਾਂ ਕੀਤੀਆਂ ਸਨ।

ਪੰਜਾਬ ਦੇ ਲਗਭਗ ਹਰ ਪਿੰਡ ਤੋਂ ਕਮਾਉਣ ਲਈ ਕੋਈ ਨਾ ਕੋਈ ਵਿਦੇਸ਼ 'ਚ ਜਾ ਕੇ ਰਹਿ ਰਿਹਾ ਹੈ ਅਤੇ ਵਿਦੇਸ਼ 'ਚ ਰਹਿੰਦੇ ਅਜਿਹੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਵੱਲੋਂ ਆਉਣ ਵਾਲੀ ਕਾਲ ਦਾ ਭਾਰਤ 'ਚ ਵਸੇ ਉਸ ਪਰਿਵਾਰ, ਪਿੰਡ ਦੇ ਹੋਰ ਸਾਥੀਆਂ ਅਤੇ ਸ਼ਹਿਰਾਂ 'ਚ ਵਸੇ ਲੋਕਾਂ ਨੂੰ ਵੋਟ ਪਾਉਣ ਦੇ ਫੈਸਲੇ 'ਤੇ ਬਹੁਤ ਅਸਰ ਪੈਂਦਾ ਹੈ। ਇਹ ਵਾਲੰਟੀਅਰ ਉਹ ਲੋਕ ਹਨ, ਜੋ ਉਨ੍ਹਾਂ ਦੇ ਪਿੰਡ ਅਤੇ ਆਸਪਾਸ ਦੇ ਲੋਕਾਂ ਵੱਲ ਕਾਮਯਾਬ ਵਿਅਕਤੀ ਵਜੋਂ ਸਨਮਾਨ ਨਾਲ ਵੇਖਦੇ ਹਨ। ਇਸ ਲਈ ਉਨ੍ਹਾਂ ਦੀ ਕਿਸੇ ਵੀ ਗੱਲ ਦਾ ਬਹੁਤ ਅਸਰ ਹੁੰਦਾ ਹੈ। ਗੋਆ 'ਚ ਵੀ ਬਿਲਕੁਲ ਅਜਿਹਾ ਹੀ ਹੈ, ਜੋ ਕੁਲ 16 ਲੱਖ ਦੀ ਆਬਾਦੀ ਵਾਲਾ ਬਹੁਤ ਛੋਟਾ ਜਿਹਾ ਸੂਬਾ ਹੈ ਅਤੇ ਜਿੱਥੇ 5000 ਨੌਜਵਾਨ ਹਰ ਸਾਲ ਨੌਕਰੀਆਂ ਦੀ ਭਾਲ ਵਿਚ ਜਾਂ ਪੜ੍ਹਨ ਲਈ ਆਪਣੇ ਘਰਾਂ ਨੂੰ ਛੱਡ ਕੇ ਨਿਕਲ ਜਾਂਦੇ ਹਨ। ਸੈਂਕੜੇ ਗੋਆਨੀ ਗੈਰ-ਪ੍ਰਵਾਸੀ ਭਾਰਤੀ ਵੀ ਬਹੁਤ ਜੋਸ਼ ਨਾਲ ਕੈਂਪੇਨ 'ਚ ਸ਼ਾਮਲ ਹਨ ਅਤੇ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਗੋਆ 'ਚ ਵਸੇ ਆਪਣੇ ਦੋਸਤਾਂ ਨੂੰ ਸਮਝਾਉਂਦੇ ਹਨ ਕਿ ਅੱਜ ਕਿਉਂ ਜ਼ਰੂਰੀ ਹੈ।

ਆਖਰ 'ਚ ਮੈਂ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ, ਜੋ ਕੈਨੇਡਾ ਦੇ ਵੈਨਕੂਵਰ 'ਚ ਰਹਿਣ ਵਾਲੀ ਬਹੁਤ ਜੋਸ਼ੀਲੀ ਵਾਲੰਟੀਅਰ ਅਤੇ ਮੇਰੀ ਪਿਆਰੀ ਦੋਸਤ ਜਸਕੀਰਤ ਮਾਨ ਕਹਿੰਦੀ ਆ ਰਹੀ ਹੈ। ਅੱਜਕਲ ਉਹ ਪੰਜਾਬ ਵਿਚ ਹੈ, ਜਿੱਥੇ ਉਹ ਰੋਜ਼ਾਨਾ ਦੋ ਤੋਂ ਤਿੰਨ ਰੈਲੀਆਂ ਨੂੰ ਸੰਬੋਧਨ ਕਰ ਰਹੀ ਹੈ। ਆਪਣੇ ਭਾਸ਼ਣਾਂ ਵਿਚ ਉਹ 'ਆਪ' ਦੇ ਅੰਦੋਲਨ ਨੂੰ 'ਆਜ਼ਾਦੀ ਦੀ ਦੂਜੀ ਲੜਾਈ' ਕਹਿੰਦੀ ਹੈ। ਇਹੀ ਆਦਰਸ਼ਵਾਦ, ਆਪਣੇ ਦੇਸ਼ ਪ੍ਰਤੀ ਉਨ੍ਹਾਂ ਦਾ ਪਿਆਰ ਗੈਰ-ਪ੍ਰਵਾਸੀ ਭਾਰਤੀਆਂ ਨੂੰ ਇਸ 'ਕੌਮੀ ਪੁਨਰ-ਜਾਗਰਣ' ਵਿੱਚ ਯੋਗਦਾਨ ਦੇਣ ਲਈ ਪ੍ਰੇਰਿਤ ਕਰਦਾ ਹੈ। ਇਹ ਉਨ੍ਹਾਂ ਦਾ 'ਕਰਜ਼ਾ ਚੁਕਾਉਣ ਦਾ ਸਮਾਂ' ਹੈ। ਇਹ ਲੋਕ ਸੱਚੇ ਭਾਰਤੀ ਹਨ। ਰਾਸ਼ਟਰਵਾਦ ਉਨ੍ਹਾਂ ਦੀ ਸੋਚ ਦੀਆਂ ਜੜ੍ਹਾਂ ਵਿੱਚ ਹੈ।




## 'ਆਪ' ਦੇ ਪ੍ਰਚਾਰ ਲਈ ਟਿਕਟਾਂ 'ਤੇ ਛੋਟ

ਇਟਲੀ ਐਨ.ਆਰ.ਆਈ. ਸੈੱਲ ਦੇ ਕਨਵੀਨਰ ਫਰਜਿੰਦਰ ਸਿੰਘ ਨੇ ਦੱਸਿਆ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ ਕਰਨ ਬਾਰੇ ਪਤਾ ਚੱਲਣ 'ਤੇ ਪੰਜਾਬੀ ਟਰੈਵਲ ਏਜੰਟਾਂ ਵਲੋਂ 10 ਫੀਸਦੀ ਤੱਕ ਟਿਕਟਾਂ 'ਤੇ ਛੋਟ ਦਿੱਤੀ ਗਈ ਹੈ। ਫਰਜਿੰਦਰ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਹੀ ਉਹ 50 ਮੈਂਬਰੀ ਕਾਫ਼ਲੇ ਨਾਲ ਇਟਲੀ ਤੋਂ ਪੰਜਾਬ ਪੁੱਜੇ ਸਨ ਤੇ ਜਦੋਂ ਟਰੈਵਲ ਏਜੰਟਾਂ ਨੂੰ ਉਨ੍ਹਾਂ ਦੇ ਪੰਜਾਬ ਜਾਣ ਦੇ ਮੰਤਵ ਬਾਰੇ ਦੱਸਿਆ ਤਾਂ ਖਰੀਦੀਆਂ ਟਿਕਟਾਂ 'ਤੇ ਉਨ੍ਹਾਂ ਨੂੰ 10 ਫੀਸਦੀ ਤਕ ਦੀ ਛੋਟ ਦਿੱਤੀ ਗਈ।



## ਪੰਜਾਬ 'ਚ ਟਿਕਟਾਂ ਦੀ ਵਿਕਰੀ ਨੂੰ ਲੈ ਕੇ ਚਰਚਾ

ਕੈਨੇਡਾ 'ਚ ਜਿੱਥੇ ਪੰਜਾਬ ਵਿਧਾਨ ਸਭਾ ਚੋਣਾਂ ਦੀ ਚਰਚਾ ਜ਼ੋਰਾਂ 'ਤੇ ਹੈ, ਉੱਥੇ ਆਮ ਆਦਮੀ ਪਾਰਟੀ ਦੀਆਂ ਟਿਕਟਾਂ ਦੇ ਵਿਕਣ ਦਾ ਮਾਮਲਾ ਵੀ ਉਠ ਰਿਹਾ ਹੈ। 'ਆਪ' ਇਨ੍ਹੀਂ ਦਿਨੀਂ ਕੈਨੇਡਾ 'ਚ 'ਚਲੋ ਪੰਜਾਬ' ਮੁਹਿੰਮ ਨੂੰ ਚਲਾ ਰਿਹਾ ਹੈ ਅਤੇ ਇਸ ਦੌਰਾਨ ਇਹ ਮਾਮਲਾ ਵੀ ਉਠ ਰਿਹਾ ਹੈ।

ਬੀਤੇ ਦਿਨ ਕੈਲਗਰੀ 'ਚ ਕੀਤੀ ਗਈ ਇਕ ਕਨਵੈਨਸ਼ਨ 'ਚ ਆਮ ਆਦਮੀ ਪਾਰਟੀ ਦੇ ਐਨ.ਆਰ. ਆਈ. ਵਿੰਗ ਦੇ ਕਨਵੀਨਰ ਜਗਤਾਰ ਸਿੰਘ ਸੰਘੇੜਾ ਤੋਂ ਵੀ ਲੋਕਾਂ ਨੇ ਸਿੱਧੇ ਸਵਾਲ ਪੁੱਛ ਲਏ ਕਿ 'ਆਪ' ਨੇ ਆਖਰ ਪੈਸੇ ਲੈ ਕੇ ਟਿਕਟਾਂ ਕਿਉਂ ਵੇਚੀਆਂ ਹਨ। ਅਜਿਹੇ 'ਚ ਸੰਘੇੜਾ ਨੂੰ ਕਹਿਣਾ ਪਿਆ ਕਿ ਉਸ ਤੋਂ ਤਾਂ 'ਆਪ' 'ਚ ਕਿਸੇ ਨੇ ਕੋਈ ਪੈਸਾ ਨਹੀਂ ਮੰਗਿਆ। ਇਸ ਤਰ੍ਹਾਂ ਦੇ ਦੋਸ਼ਾਂ 'ਚ ਕੋਈ ਸਚਾਈ ਨਹੀਂ ਹੈ। ਲੋਕ ਇਨ੍ਹਾਂ ਅਫਵਾਹਾਂ 'ਤੇ ਧਿਆਨ ਨਾ ਦੇਣ। ਇਸ ਤੋਂ ਇਲਾਵਾ ਇਸ ਮੁੱਦੇ 'ਤੇ 'ਆਪ' ਤੋਂ ਬਾਗੀ ਹੋ ਕੇ 'ਆਪਣਾ ਪੰਜਾਬ ਪਾਰਟੀ' ਬਣਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਦਾ ਨਾਂ ਵੀ ਕਾਫੀ ਚੁੱਕਿਆ ਹੈ ਅਤੇ ਉਦੋਂ ਤੋਂ ਹੀ ਇਹ ਮਾਮਲਾ ਉਠ ਰਿਹਾ ਹੈ ਕਿ ਆਮ ਆਦਮੀ ਪਾਰਟੀ ਨੇ ਕਰੋੜਾਂ ਰੁਪਏ ਲੈ ਕੇ ਟਿਕਟਾਂ ਵੰਡੀਆਂ ਹਨ। ਉੱਥੇ ਪੰਜਾਬ ਦੇ ਰਾਜਨੀਤਕ ਹਾਲਾਤ ਦਾ ਜਾਇਜ਼ਾ ਲੈ ਕੇ ਕੈਨੇਡਾ ਵਾਪਸ ਗਏ ਡਾ. ਅਨਮੋਲ ਕਪੂਰ ਨੇ ਦੱਸਿਆ ਕਿ ਪੰਜਾਬ 'ਚ ਇਸ ਸਮੇਂ ਰਾਜਨੀਤਕ ਮਾਹੌਲ ਗਰਮਾ ਗਿਆ ਹੈ ਅਤੇ ਰਾਜਨੀਤਕ ਗਤਵਿਧੀਆਂ ਤੇਜ਼ ਹੋ ਰਹੀਆਂ ਹਨ। ਉੱਥੇ ਹੀ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੋਂ ਵੀ ਐਨ.ਆਰ.ਆਈ. ਪੰਜਾਬੀ ਚੋਣ ਲਈ ਪੰਜਾਬ ਜਾਣ ਦੀ ਤਿਆਰੀ ਕਰ ਰਹੇ ਹਨ। ਉਥੋਂ 20 ਜਨਵਰੀ ਦੇ ਆਸਪਾਸ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮਰਥਕ ਪੰਜਾਬ ਜਾਣਾ ਸ਼ੁਰੂ ਕਰਨਗੇ। ਆਸਟ੍ਰੇਲੀਆ 'ਚ ਨੌਜਵਾਨ ਪ੍ਰਵਾਸੀ ਬਹੁ-ਗਿਣਤੀ 'ਚ ਹਨ, ਜਿਨ੍ਹਾਂ 'ਚ ਕਾਫੀ 'ਆਪ' ਸਮਰਥਕ ਹਨ ਅਤੇ ਪੰਜਾਬ ਤੋਂ ਵੀ 'ਆਪ' ਪਾਰਟੀ ਵੱਲੋਂ ਉਨ੍ਹਾਂ ਨੂੰ ਪ੍ਰਚਾਰ ਲਈ ਲਗਾਤਾਰ ਬੁਲਾਇਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ 'ਚ ਪੰਜਾਬ ਤੋਂ ਐਨ.ਆਰ. ਆਈਜ਼. ਦੀ ਗਿਣਤੀ ਵਧਣ ਨਾਲ ਪੰਜਾਬ 'ਚ ਚੋਣ ਪ੍ਰਚਾਰ ਹੋਰ ਰੰਗ-ਬਿਰੰਗਾ ਹੋ ਜਾਵੇਗਾ।

## ਪੰਜਾਬ ਵਿਚ ਜਾਣ ਲਈ ਟਿਕਟਾਂ ਦੀ ਮੰਗ ਵਧੀ

ਪੰਜਾਬ ਚੋਣਾਂ ਵਿਚ 20 ਤੋਂ ਵੀ ਘੱਟ ਦਿਨ ਰਹਿਣ ਕਾਰਨ ਹੁਣ ਕੈਨੇਡਾ ਤੇ ਅਮਰੀਕਾ ਵਿਚ ਭਾਰਤ ਜਾਣ ਵਾਲੀਆਂ ਉਡਾਣਾਂ ਦੀ ਸੰਖਿਆ ਵਧਣ ਲੱਗੀ ਹੈ ਤੇ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਵਿਚੋਂ ਜ਼ਿਆਦਾਤਰ 'ਆਮ ਆਦਮੀ ਪਾਰਟੀ' ਦੇ ਸਮਰਥਕ ਹਨ। ਇਕ ਅੰਦਾਜ਼ੇ ਅਨੁਸਾਰ ਇਕ ਵਾਰ ਇਕੱਲੀ 'ਆਪ' ਲਈ 35 ਹਜ਼ਾਰ ਤੋਂ ਵੱਧ ਪਰਵਾਸੀ ਭਾਰਤੀ ਸਮਰਥਕ ਪੰਜਾਬ ਪਹੁੰਚਣਗੇ। ਟੋਰਾਂਟੋ ਵਿਚ ਇਨ੍ਹੀਂ ਦਿਨੀਂ 24 ਜਨਵਰੀ ਨੂੰ ਮਜੀਠਾ ਵਿਚ ਹੋਣ ਵਾਲੀ ਰੈਲੀ ਲਈ ਪ੍ਰਚਾਰ ਕਾਫ਼ੀ ਤੇਜ਼ ਹੋ ਗਿਆ ਹੈ। 'ਚੱਲੋ ਪੰਜਾਬ' ਮੁਹਿੰਮ ਤਹਿਤ ਇਸ ਰੈਲੀ ਵਿਚ ਘੱਟੋ ਘੱਟ 5 ਹਜ਼ਾਰ ਐਨ.ਆਰ.ਆਈਜ਼ ਦੇ ਸ਼ਾਮਲ ਹੋਣ ਦੀ ਉਮੀਦ ਹੈ। ਜੋ ਕਿ 'ਆਪ' ਦਾ ਇਕ ਤਰ੍ਹਾਂ ਨਾਲ ਪਰਵਾਸੀ ਪੰਜਾਬੀਆਂ ਦੇ ਸਮਰਥਨ ਦਾ ਸ਼ਕਤੀ ਪ੍ਰਦਰਸ਼ਨ ਹੋਵੇਗਾ। 'ਆਪ' ਸਮਰਥਕ 2000 ਤੋਂ ਵੱਧ ਪਰਵਾਸੀ ਪੰਜਾਬੀ ਪਹਿਲਾਂ ਹੀ ਪੰਜਾਬ ਪੁੱਜ ਚੁੱਕੇ ਹਨ ਤੇ 'ਆਪ' ਸਮਰਥਕਾਂ ਦੀਆਂ ਦੋ ਹੋਰ ਉਡਾਣਾਂ ਜਲਦੀ ਹੀ ਪੰਜਾਬ ਪਹੁੰਚਣਗੀਆਂ। ਐਨ.ਆਰ.ਆਈਜ਼ ਪੰਜਾਬੀਆਂ ਦਾ ਵਿਸ਼ੇਸ਼ ਪੰਜਾਬ ਦੌਰਾ 20 ਜਨਵਰੀ ਤੋਂ ਇਕ ਫਰਵਰੀ ਤਕ ਪੂਰੇ ਪੰਜਾਬ ਵਿਚ 'ਆਪ' ਉਮੀਦਵਾਰਾਂ ਦੇ ਪੱਖ ਵਿਚ ਚੋਣ ਪ੍ਰਚਾਰ ਕਰੇਗਾ। ਪੰਜਾਬ ਵਿਚ ਕਾਂਗਰਸ ਦੀ ਹਾਲਤ ਕੁਝ ਬਿਹਤਰ ਹੁੰਦਿਆਂ ਦੇਖ ਕੇ ਅਮਰੀਕਾ ਵਿਚ ਇੰਡੀਅਨ ਓਵਰਸੀਜ਼ ਕਾਂਗਰਸ ਵੀ ਤੇਜ਼ੀ ਨਾਲ ਸਰਗਰਮ ਹੋ ਗਈ ਹੈ ਤੇ ਆਉਣ ਵਾਲੇ ਦਿਨਾਂ ਵਿਚ ਅਮਰੀਕਾ ਤੋਂ ਓਵਰਸੀਜ਼ ਕਾਂਗਰਸ ਦੇ ਮੈਂਬਰ ਐਨ.ਆਰ.ਈਜ਼ ਕਾਂਗਰਸ ਦੇ ਪੱਖ ਵਿਚ ਪ੍ਰਚਾਰ ਲਈ ਪੰਜਾਬ ਪਹੁੰਚਣੇ ਸ਼ੁਰੂ ਹੋ ਜਾਣਗੇ। ਅਮਰੀਕਾ ਵਿਚ ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੁਖੀ ਗੁਰਮੀਤ ਗਿੱਲ ਕਾਰੋਬਾਰ ਤੋਂ ਛੁੱਟੀ ਲੈ ਕੇ ਕਾਂਗਰਸ ਲਈ ਸਮਰਥਨ ਹਾਸਲ ਕਰਨ ਵਿਚ ਜੁਟ ਗਏ ਹਨ। ਕਾਂਗਰਸ ਦੇ ਅਮਰੀਕਾ ਵਿਚ 27 ਯੂਨਿਟ ਹਨ ਤੇ ਸਾਰਿਆਂ ਨੂੰ ਆਪਣੇ ਮੈਂਬਰਾਂ ਨੂੰ ਪੰਜਾਬ ਭੇਜਣ ਲਈ ਕਿਹਾ ਗਿਆ ਹੈ।

# ਉਸਤਾਦ ਸ਼ਾਇਰ ਦਾਮਨ ਨੂੰ ਚੇਤੇ ਕਰਦਿਆਂ

## ਇਨ੍ਹਾਂ ਹਾਕਮਾਂ ਦਾ ਚਾਰਾ ਕੀ ਕਰੀਏ, ਜਿਹੜੀ ਥਾਂ ਬੈਠੇ, ਉਹੀ ਥਾਂ ਖਾ ਗਏ।

**ਗੁਰਦੀਪ ਕੌਰ, ਸੈਕਰਾਮੈਂਟੋ**
ਮੋਬਾਈਲ : 916-695-0035

ਇਹ ਕੀ ਕਰੀਂ ਜਾਨੈਂ
ਇਹ ਕੀ ਕਰੀਂ ਜਾਨੈਂ
ਕਦੇ ਸ਼ਿਮਲੇ ਤੇ ਕਦੀ ਮਰ੍ਹੀ ਜਾਨੈਂ
ਅਰਾਈ ਕੌਮ ਦਾ ਤੂੰ ਫਾਨੂਸ ਜਾਨੈਂ
ਲਾਹੀ ਖੇਸ ਜਾਨੈਂ, ਖਿੱਚੀ ਦਰੀ ਜਾਨੈਂ
ਇਕ ਹਜ਼ਾਰ ਸਾਲ ਲੜਾਈ ਦਾ ਐਲਾਨ ਕਰਕੇ
ਇਹ ਕੀ ਕਰੀਂ ਜਾਨੈਂ
ਇਹ ਕੀ ਕਰੀਂ ਜਾਨੈਂ।

ਦਾਮਨ ਦੀ ਇਹ ਨਜ਼ਮ ਇੰਨੀ ਮਸ਼ਹੂਰ ਹੋਈ ਸੀ ਕਿ ਲੋਕਾਂ ਲਾਹੌਰ ਦੀਆਂ ਕੰਧਾਂ ਉੱਤੇ ਲਿਖ ਦਿੱਤੀ। ਭੁੱਟੋ ਦੇ ਇਸ਼ਾਰੇ 'ਤੇ ਉਸ ਨੂੰ ਫੜ ਲਿਆ ਗਿਆ। ਦੋਸ਼ ਲੱਗਾ ਕਿ ਉਹਦੇ ਹੁਜਰੇ (ਛੋਟੀ ਕੋਠੜੀ) ਵਿਚੋਂ ਇਕ ਬੰਬ ਤੇ ਦੋ ਪਿਸਤੌਲ ਫੜੇ ਗਏ ਹਨ। ਕੇਸ ਚੱਲਿਆ, ਮੈਜਿਸਟਰੇਟ ਨੂੰ ਹਦਾਇਤ ਸੀ ਕਿ ਜ਼ਮਾਨਤ ਨਹੀਂ ਲੈਣੀ। ਸਾਰੀ ਬਾਰ ਅਦਾਲਤ ਵਿਚ ਆ ਜੁੜੀ, ਮੈਜਿਸਟਰੇਟ ਘਬਰਾ ਗਿਆ।

ਝੂਠੇ ਚਾਲਾਨ ਵਿਰੁੱਧ ਵਕੀਲ ਨੇ ਦਲੀਲ ਦਿੱਤੀ–
'ਅਜੀ ਜਨਾਬੇ ਆਲਾ, ਹੁਜਰੇ ਵਾਲੀ ਕੋਠੜੀ ਹੀ ਛੋਟੀ ਸੀ, ਨਹੀਂ ਤਾਂ ਉਸ ਵਿਚੋਂ ਟੈਂਕ ਵੀ ਨਿਕਲ ਆਉਣਾ ਸੀ। ਮਜਬੂਰੀ ਮੂੰਹ ਮੈਜਿਸਟਰੇਟ ਨੂੰ ਜ਼ਮਾਨਤ ਲੈਣੀ ਪਈ। ਦਾਮਨ ਦੇ ਮੂੰਹੋਂ ਨਿਕਲਿਆ–
ਸਾਨੂੰ ਕੋਈ ਸਿਕਸ਼ਤ ਨਹੀਂ ਦੇ ਸਕਦਾ,
ਭਾਵੇਂ ਕੋਈ ਕਿੱਡਾ ਦਮਖ਼ਮ ਨਿਕਲੇ।
ਉਸਤਾਦ ਦਾਮਨ ਦੇ ਘਰ ਦੇਖਿਆ ਜੇ
ਦੋ ਰਿਵਾਲਵਰ, ਤਿੰਨ ਦੇਸੀ ਬੰਬ ਨਿਕਲੇ।
ਵਕੀਲ ਆਪਣੇ ਅਵਾਮੀ ਸ਼ਾਇਰ ਨੂੰ ਬਾਰ ਵਿਚ ਲੈ ਗਏ ਅਤੇ ਇੱਜ਼ਤ ਬਖ਼ਸ਼ੀ। ਇਸ ਹਾਦਸੇ ਤੋਂ ਬਾਅਦ ਭੁੱਟੋ ਸਾਹਿਬ ਗੱਦੀ ਤੋਂ ਤਾਂ ਲਿੱਥੇ ਹੀ, ਨਾਲ ਹੀ ਉਨ੍ਹਾਂ ਨੂੰ ਫਾਂਸੀ ਵੀ ਹੋ ਗਈ। ਦਾਮਨ ਇਸ ਸੋਗ ਦੀ ਘੜੀ ਵਿਚ ਬਰਾਬਰ ਦਾ ਸ਼ਰੀਕ ਹੋਇਆ। ਉਸ ਦੀ ਰੂਹ ਵਿਚੋਂ ਹੂਕ ਨਿਕਲੀ–
ਆਖ਼ਰਕਾਰ ਉਹ ਗਲੇ ਦਾ ਹਾਰ ਹੋਈਆਂ,
ਲੀਰਾਂ ਜਦੋਂ ਹੋਈਆਂ, ਮੇਰੀ ਪੱਗ ਦੀਆਂ ਏ।
ਦਾਮਨ ਫੁੱਲਾਂ ਦੇ ਸੂਲਾਂ ਨੇ ਚਾਕ ਕੀਤੇ,
ਵਾਵਰੋਲੀਆ ਨੇਰ੍ਹੀਆਂ ਵਗਦੀਆਂ ਏ।
ਇਹੋ ਜਿਹੀਆਂ ਬੇ ਬਾਕ, ਤਿੱਖੀਆਂ, ਸੱਚੀਆਂ ਤੇ ਹਿਰਦੇ ਵੇਧਕ ਪੀੜਾਂ ਦੀਆਂ ਸਤਰਾਂ ਦਾ ਮਾਲਕ ਉਸਤਾਦ ਦਾਮਨ, 'ਮੁਹੰਮਦ ਰਮਜ਼ਾਨ ਹਮਦਮ ਦਾ ਸ਼ਾਗਿਰਦ 'ਚਰਾਗਦੀਨ ਦਾਮਨ, ਪੰਜਾਬੀ ਦਾ ਅਜਿਹਾ ਉੱਚ ਕੋਟੀ ਦਾ ਕਵੀ ਸੀ, ਜਿਸ ਨੇ ਦੇਸ਼ ਵੰਡ ਤੋਂ ਪਹਿਲਾਂ ਤੇ ਬਾਅਦ ਵਿਚ ਕਵੀ ਦਰਬਾਰਾਂ ਵਿਚ ਆਪਣੀ ਧਾਕ ਜਮਾ ਰੱਖੀ ਸੀ। ਨੈਸ਼ਲਿਸਟ ਵਿਚਾਰਾਂ, ਭ੍ਰਾਤਰੀ ਪਿਆਰ, ਤੇ ਕੌਮੀ ਏਕਤਾ ਦਾ ਪ੍ਰਤੀਕ ਸ਼ਾਇਰ ਸੀ, ਦਾਮਨ।
ਉਸਤਾਦ ਸ਼ਾਇਰ 'ਚਰਾਗਦੀਨ ਦਾਮਨ' ਦੀ ਜਨਮ ਮਿਤੀ ਬਾਰੇ ਵੀ ਵਿਦਵਾਨਾਂ ਦੇ ਵਿਚਾਰਾਂ ਵਿਚ ਮਤਭੇਦ ਹਨ। ਕੁਝ ਵਿਦਵਾਨ ਉਸ ਦੀ ਜਨਮ ਮਿਤੀ 19 ਜਨਵਰੀ 1906 ਲਿਖਦੇ ਹਨ, ਤੇ ਕਿਤੇ ਉਸ ਦੀ ਜਨਮ ਮਿਤੀ 9 ਫਰਵਰੀ 1911 ਲਿਖੀ ਗਈ ਹੈ, ਇਸ ਬਾਰੇ ਕੋਈ ਪੁਖਤਾ ਸਬੂਤ ਨਹੀਂ ਹਨ।
ਦਾਮਨ ਦਾ ਜਨਮ ਪਿਤਾ ਮੀਆਂ ਮੀਰ ਬਖ਼ਸ਼ ਜੀ ਦੇ ਘਰ ਲਾਹੌਰ ਵਿਚ ਹੋਇਆ। ਦਾਮਨ ਉਸ ਦਾ ਤਖ਼ਲਸ ਸੀ। ਉਸ ਨੇ ਮੁਢਲੀ ਵਿਦਿਆ ਲਾਹੌਰ ਵਿਚ ਹੀ ਪੂਰੀ ਕੀਤੀ। ਜੁੱਸੇ ਤੋਂ ਦਾਮਨ ਪੂਰਾ ਕਸਰਤੀ ਪਹਿਲਵਾਨ, ਪੇਂਡੂ ਪੰਜਾਬੀ ਨਜ਼ਰ ਆਉਂਦਾ ਸੀ। ਦਾਮਨ ਬਾਗਬਾਨਪੁਰੇ (ਲਾਹੌਰ) ਵਿਚ ਟੇਲਰਿੰਗ ਦੀ ਦੁਕਾਨ ਵੀ ਕਰਦਾ ਰਿਹਾ ਹੈ। ਪਹਿਲਾਂ ਦਾਮਨ ਬੜੇ ਖੜਕ ਦੜਕ ਢੰਗ ਨਾਲ ਹਾਸਰਸ ਕਵਿਤਾ ਪੜ੍ਹਦਾ ਸੀ। ਸਮੇਂ ਦੇ ਨਾਲ ਨਾਲ ਉਸ ਉਪਰ ਸਾਈਂ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ ਵਰਗੇ ਸੂਫੀ ਕਵੀਆਂ ਦਾ ਰੰਗ ਚੜ੍ਹਿਆ ਤੇ ਇਹ ਹਾਸ ਰਸ ਕਵੀ ਗੰਭੀਰ ਹੁੰਦਾ ਚਲਾ ਗਿਆ। ਫਿਰ ਉਸ ਦਾ ਆਪਣੇ ਕੰਮ ਵਿਚ ਦਿਲ ਨਹੀਂ ਸੀ ਲੱਗਦਾ। ਅਚਾਨਕ ਹੀ ਉਸ ਦੇ ਵੱਡੇ ਭਰਾ ਫੀਰੋਜ਼ਦੀਨ ਦੀ ਮੌਤ ਹੋ ਗਈ। ਦਾਮਨ ਦਾ ਆਪਣੇ ਭਰਾ ਨਾਲ ਬਹੁਤ ਪਿਆਰ ਸੀ। ਉਸ ਨੂੰ ਇੰਨਾ ਸਦਮਾ ਹੋਇਆ ਕਿ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ–
ਹੁਣ ਦੱਸ ਓ ਰੱਬਾ ਮੇਰਿਆ, ਮੈਂ ਢੁੱਭਦਾ ਢੁੱਭਦਾ ਜਾਂ।
ਮੈਂ ਢੂੰਡਾਂ ਪਿਆਰ ਨੂੰ, ਜਿੱਥੇ ਪੁੱਤਰਾਂ ਖਾਣੀ ਮਾਂ।
ਆਪਣੇ ਭਰਾ ਦੀ ਮੌਤ ਤੋਂ ਬਾਅਦ ਉਸ ਆਪਣਾ ਦਰਜ਼ੀ ਦਾ ਕਿੱਤਾ ਛੱਡ ਦਿੱਤਾ ਤੇ ਆਪਣੇ ਉਸਤਾਦ ਦੇ ਮੁੜ ਲੜ ਲੱਗ ਗਿਆ ਤੇ ਆਪਣੀ ਸ਼ਾਇਰੀ ਦਾ ਕਿੱਤਾ ਆਰੰਭ ਕੀਤਾ।



ਦਰਮਿਆਨਾ ਕੱਦ, ਸੋਹਣਾ ਗਠਿਆ ਸਰੀਰ, ਖੱਦਰ ਦਾ ਕੁੜਤਾ ਪਜਾਮਾ ਪਹਿਨੀ, ਮੋਢਿਆਂ 'ਤੇ ਦੁਪੱਟਾ ਧਾਰੀ, 'ਦਾਮਨ' ਬੜੀ ਉੱਚੀ ਆਵਾਜ਼ ਵਿਚ ਸ਼ੇਅਰ ਬੋਲਦਾ ਸੀ। ਉਸ ਦੇ ਬੋਲਾਂ ਵਿਚੋਂ ਅੰਤਾਂ ਦਾ ਦੇਸ਼ ਪਿਆਰ ਝਲਕਦਾ ਸੀ। ਰਾਜਸੀ ਜਲਸਿਆਂ ਵਿਚ ਉਹ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਬੋਲਦਾ।
"ਯਾਰੋ, ਟੈਕਸਾਂ ਦੇ ਲੱਗਣ ਦੀ ਹੱਦ ਹੋ ਗਈ,
ਹਰ ਦੁਕਾਨ 'ਤੇ ਟੈਕਸ, ਹਰ ਮਕਾਨ 'ਤੇ ਟੈਕਸ।
ਏਸੇ ਵਾਸਤੇ ਘਟ ਮੈਂ ਬੋਲਦਾ ਹਾਂ,
ਲੱਗ ਜਾਏ ਨਾ ਕਿਤੇ ਜ਼ੁਬਾਨ 'ਤੇ ਟੈਕਸ।"
ਦਾਮਨ ਨੇ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ। ਪਰ ਉਹ ਕਾਨੂੰਨ ਤੇ ਸਾਮਰਾਜੀ ਯਤਨਾਂ ਦਾ ਮਾਖੌਲ ਵੀ ਕਵਿਤਾ ਵਿਚ ਉਡਾਉਂਦਾ–
ਭਾਵੇਂ ਅੱਜ ਕਾਨੂੰਨ ਦੀ ਪਕੜ ਕੈਂਚੀ,
ਥਾਂ ਥਾਂ ਤੋਂ ਕੀਤਾ ਏ, ਚਾਕ ਦਾਮਨ,
ਭਾਵੇਂ ਲੱਖ ਪਾਬੰਦੀ ਹੈ, ਜੀਭ ਉੱਤੇ,
ਫਿਰ ਵੀ ਬੋਲਦਾ ਬੜਾ ਬੇ ਬਾਕ ਦਾਮਨ।
ਅਗਸਤ 1947 ਵਿਚ ਜਦ ਸਾਰਾ ਪਾਕਿਸਤਾਨ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ, ਉਸ ਸਮੇਂ ਆਜ਼ਾਦੀ ਦਾ ਇਹ ਮਹਾਨ ਘੁਲਾਟੀਆਂ ਸ਼ਾਇਰ ਆਪਣੇ ਹੀ ਦੇਸ਼ ਵਿਚ ਮੁਹਾਜ਼ਰ (ਸ਼ਰਨਾਰਥੀ) ਬਣ ਕੇ ਰਹਿ ਗਿਆ ਸੀ। ਵੰਡ ਸਮੇਂ ਦਾਮਨ ਦੀ ਬੀਵੀ ਤੇ ਬੱਚਾ ਤੇ ਉਸ ਦੀ ਦੁਕਾਨ, ਗੁੰਡਿਆ ਨੇ ਸਾੜ, ਮਾਰ ਦਿੱਤੇ। ਆਪਣੇ ਦਿਲ ਦੇ ਦੁੱਖ ਨੂੰ ਉਸ ਨੇ ਇਸ ਸ਼ੇਅਰ ਰਾਹੀਂ ਜ਼ਾਹਰ ਕੀਤਾ–
"ਹੁਣ ਆ ਗਿਆ ਚੈਨ ਹਨੇਰੀਆਂ ਨੂੰ"
ਮੇਰੇ ਆਲਣੇ ਦਾ ਜਦੋਂ ਰਿਹਾ ਕੱਖ ਨਾਂਹ ਵੰਡ ਵਿਚ ਹੋਈ ਬਰਬਾਦੀ, ਧਾੜਵੀਆਂ ਦੇ ਹਮਲੇ, ਜਵਾਨ ਕੁੜੀਆਂ ਦੀਆਂ ਇੱਜ਼ਤਾਂ ਨੂੰ ਰੋਲਣ ਵਾਲੇ ਗੁੰਡਿਆਂ ਤੇ ਮੌਕੇ ਦੀ ਸਰਕਾਰ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ–
ਇਕ ਵਹੁਟੀ ਹਾਲੇ ਛੂੰਨੀ ਸੀ,
ਉਹਦੇ ਸਿਰ 'ਤੇ ਕੇਸਰੀ ਚੁੰਨੀ ਸੀ,
ਉਹ ਚੀਕਾਂ ਮਾਰ ਕੇ ਰੁੰਨੀ ਸੀ,
ਉਹਦੇ ਮਹਿੰਦੀ ਰੰਗੇ ਹੱਥਾਂ ਵਿਚੋਂ
ਲਾਲਾਂ ਦੀ ਪੈਂਦੀ ਭਾਹ ਰੱਬਾ।
ਇਸ ਰੁੜ੍ਹਦੀ ਜਾਂਦੀ ਦੁਨੀਆ ਦਾ ਕਿਤੇ ਬੇੜਾ ਬੰਨੇ ਲਾ ਰੱਬਾ।
ਆਪਣੇ ਦੁੱਖ ਸੁੱਖ ਵਿਚ ਵੀ ਉਹ ਹਰ ਵੇਲੇ ਪੰਜਾਬੀਅਤ ਲਈ ਲੜਦਾ ਰਿਹਾ, ਅਫਸਰਸ਼ਾਹੀ ਦੇ ਕਿਰਦਾਰ ਨੂੰ ਤਾਂ ਉਹ ਨੰਗਾ ਕਰਦਾ ਹੀ, ਉਹ ਉਨ੍ਹਾਂ ਦੇ ਪੰਜਾਬੀ ਵਿਰੋਧ ਨੂੰ ਵੀ ਸੱਟ ਮਾਰ ਜਾਂਦਾ।
ਇਨ੍ਹਾਂ ਹਾਕਮਾਂ ਦਾ ਚਾਰਾ ਕੀ ਕਰੀਏ,
ਜਿਹੜੀ ਥਾਂ ਬੈਠੇ, ਉਹੀ ਥਾਂ ਖਾ ਗਏ।
ਇਨ੍ਹਾਂ ਕੋਲੋਂ ਬਚਾ ਲਓ ਬੱਚਿਆਂ ਨੂੰ,
ਕੁੱਕੜ ਖਾਣ ਲੱਗੇ ਸਾਰੇ ਕਾਂ ਖਾ ਗਏ,
ਕੱਲ੍ਹ ਨੂੰ ਇਹ ਨਾ ਕਹਿਣ ਜਹਾਨ ਵਾਲੇ,
ਪੁੱਤਰ ਇਹ ਕਾਹਦੇ, ਆਪਣੀ ਮਾਂ ਖਾ ਗਏ।
ਆਪਣੇ ਹੀ ਦੇਸ਼ ਵਿਚ ਰਫਿਊਜੀ ਹੋਇਆ ਦਾਮਨ ਆਖਰ ਆਪਣੇ ਹੀ ਦੇਸ਼ ਵਿਚ ਬੇਯਾਰੋ ਮਦਦਗਾਰ ਫਿਰਨ ਲੱਗਾ। ਰੁਜ਼ਗਾਰ ਦਾ ਕੋਈ ਵਸੀਲਾ ਨਾ ਹੋਣ ਕਾਰਨ ਉਸ ਨੇ ਜਾਮਾ ਮਸਜਿਦ ਦੇ ਅੱਗੇ ਬੈਠ ਕੇ ਹੀ ਦਸਵੀਂ ਦੇ ਮੁੰਡਿਆਂ ਨੂੰ ਹਿਸਾਬ ਤੇ ਅੰਗਰੇਜ਼ੀ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਤੇ ਜਾਮਾ ਮਸਜਿਦ ਦੇ ਦੱਖਣ ਵਿਚ ਬਣੀ ਇਕ ਮਸੀਤ ਦੇ ਹੁਜਰੇ ਵਿਚ ਰਹਿਣ ਲੱਗ ਪਿਆ। ਇਹ ਹੁਜਰਾ ਹੀ ਉਸ ਦਾ ਪੂਰਾ ਘਰ ਸੀ। ਜਿਸ ਵਿਚ ਰਸੋਈ, ਲਾਇਬ੍ਰੇਰੀ, ਸੌਣ ਕਮਰਾ ਤੇ ਡਰਾਇੰਗ ਰੂਮ, ਇਕ ਦੂਜੇ ਦੇ ਕੂਹਣੀਆਂ ਮਾਰ ਕੇ ਥਾਂ ਬਣਾਈ ਬੈਠੇ ਸਨ। ਇਹ ਹੁਜਰਾ ਦਸ ਫੁੱਟ ਲੰਮਾ ਤੇ ਇੰਨਾ ਕੁ ਹੀ ਚੌੜਾ ਸੀ। ਦਾਮਨ ਦਾ ਇਹ ਹੁਜਰਾ ਪੰਜਾਬੀ, ਉਰਦੂ, ਫਾਰਸੀ, ਅਰਬੀ ਤੇ ਕਈ ਹੋਰ ਭਸ਼ਾਵਾਂ ਦੀਆਂ ਪੁਸਤਕਾਂ ਨਾਲ ਭਰਿਆ ਪਿਆ ਸੀ। ਦਾਮਨ ਖੁਦ ਆਪ ਸੰਸਕ੍ਰਿਤ, ਫਾਰਸੀ, ਅੰਗਰੇਜ਼ੀ ਤੇ ਰੂਸੀ ਭਾਸ਼ਾ ਦਾ ਚੰਗਾ ਗਿਆਤਾ ਸੀ। 'ਫੈਜ਼ ਅਹਿਮਦ ਫੈਜ਼' ਤੇ 'ਹਬੀਬ ਜਲਾਲੀ' ਵਰਗੇ ਉੱਚ ਪਾਏ ਦੇ ਉਰਦੂ ਕਵੀ ਦਾਮਨ ਦੀ ਕਵਿਤਾ ਦਾ ਲੋਹਾ ਮੰਨਦੇ ਸਨ। ਦਾਮਨ ਵੀ ਰੱਬ ਦਾ ਸ਼ੁਕਰਾਨਾ ਇੰਝ ਕਰਦਾ–
"ਇਹ ਮੈਂ ਮੰਨਿਆ, ਮੁੜ ਗਰੀਬ ਉੱਤੇ,
ਅਣਗਿਣਤ ਮੌਲਾ, ਹੈਣ ਕਰਮ ਤੇਰੇ,
ਤੇਰੇ ਕਾਅਬੇ ਦੀ ਸਰਦਲ 'ਤੇ ਪਈ ਘਾਸੀ,
ਮੇਰੇ ਮੱਥੇ ਤੋਂ ਪੱਥਰ ਨੇ ਨਰਮ ਤੇਰੇ।
ਦਾਮਨ ਦੀ ਕਵਿਤਾ ਵਿਚ ਸੂਫੀਆਨਾ ਰੰਗ ਵੀ ਬੜੀ ਖ਼ੂਬਸੂਰਤੀ ਨਾਲ ਪਰੋਇਆ ਮਿਲਦਾ ਹੈ।
ਤੇਰਾ ਦਿਲ ਇਕ ਏ ਜਾਂ ਦੋ
ਆਪ ਕਹੇਂ, ਤੂੰ ਮੈਨੂੰ ਮੰਨੇਂ।
ਇਹ ਪੱਥਰ ਨੇ ਪੱਥਰ ਭੰਨੇਂ।
ਆਪੇ ਤੂੰ ਬੁੱਤ ਖਾਨੇ ਜਾ ਕੇ
ਬੁੱਤਾਂ ਦੇ ਵਿਚ ਕਰਨੈਂ ਲੋਆਂ,
ਤੇਰਾ ਦਿਲ ਇਕ ਏ ਜਾਂ ਦੋ।
ਦੇਸ਼ ਦੀ ਵੰਡ ਤੋਂ ਕੋਈ ਅੱਠ ਸਾਲ ਮਗਰੋਂ ਭਾਰਤ ਦੇ ਸ਼ਾਇਰਾਂ ਨੇ ਦਾਮਨ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ। ਦਾਮਨ ਭਾਰਤ ਆਇਆ, ਉਹ ਇੱਥੇ ਕਈ ਦਿਨ ਰਿਹਾ। ਉਸ ਦੇ ਮਿੱਤਰ ਪਿਆਰਿਆਂ ਨੇ ਉਸ ਨੂੰ ਜੱਫੀਆਂ ਵਿਚ ਘੁੱਟ ਘੁੱਟ ਕੇ ਉਸ ਦਾ ਹਾਲ ਪੁੱਛਿਆ। ਉਹ ਦੇਸ਼ ਵਿਛੋੜੇ ਦੇ ਦੁੱਖ ਵਿਚ ਪਰੁੰਨਿਆ ਪਿਆ ਸੀ। ਉਸ ਦੇ ਆਉਣ 'ਤੇ ਨਵੀਂ ਦਿੱਲੀ ਵਿਚ ਇੰਡੋ-ਪਾਕਿ ਕਵੀ ਦਰਬਾਰ ਹੋਇਆ। ਇੱਥੇ ਫੀਰੋਜ਼ਦੀਨ ਸ਼ਰਫ਼ ਤੇ ਡਾਕਟਰ ਫਕੀਰ ਮੁਹੰਮਦ ਵੀ ਆਏ। ਰਾਜ ਗਜ਼ਨਫ਼ੀਰ ਅਲੀ (ਪਾਕਿਸਤਾਨ ਦਾ ਉਸ ਵੇਲੇ ਦਾ ਹਾਈ ਕਮਿਸ਼ਨਰ) ਜੋ ਉਸ ਵੇਲੇ ਦਿੱਲੀ ਵਿਚ ਨਿਯੁਕਤ ਸਨ, ਉਹ ਵੀ ਆਏ। ਪੰਡਤ ਜਵਾਹਰ ਲਾਲ ਨਹਿਰੂ ਨੇ ਸੰਮੇਲਨ ਨੂੰ ਸੰਬੋਧਨ ਕੀਤਾ। ਦਾਮਨ ਤੋਂ ਪੁੱਛਿਆ ਗਿਆ, "ਪਿਆਰਿਓ ਓਧਰ ਤੁਹਾਡਾ ਕੀ ਹਾਲ ਹੈ ? ਪੰਡਤ ਨਹਿਰੂ ਨੇ ਦਾਮਨ ਨੂੰ ਘੁੱਟ ਕੇ ਗਲਵਕੜੀ ਪਾ ਲਈ। ਦੋਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਦਾਮਨ ਤੋਂ ਰਿਹਾ ਨਾ ਗਿਆ, ਉਸ ਨੇ ਰੋਂਦਿਆਂ ਰੋਂਦਿਆਂ ਹੀ ਇਹ ਸ਼ੇਅਰ ਪੜ੍ਹ ਸਾਰੀ ਮਜਲਸ ਰੁਆ ਦਿੱਤੀ। ਕੋਈ ਅਜਿਹੀ ਅੱਖ ਨਹੀਂ ਜੋ ਗਿੱਲੀ ਨਾ ਹੋਈ ਹੋਵੇ।
ਦਾਮਨ ਦਾ ਸ਼ੇਅਰ ਸੀ –
"ਭਾਵੇਂ ਮੂੰਹੋਂ ਕਹੀਏ ਨਾ ਕਹੀਏ, ਪਰ ਵਿਚੋਂ ਵਿੱਚੀ
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਇਸ ਆਜ਼ਾਦੀ ਦੇ ਹੱਥੋਂ, ਬਰਬਾਦ ਯਾਰੋ,
ਹੋਏ ਤੁਸੀਂ ਵੀ ਹੋ, ਹੋਏ ਅਸੀਂ ਵੀ ਹਾਂ।
ਜਾਗਣ ਵਾਲਿਆਂ, ਰੱਜ ਕੇ ਲੁਟਿਆ ਹੈ,
ਸੋਏ ਤੁਸੀਂ ਵੀ ਹੋ, ਸੋਏ ਅਸੀਂ ਵੀ ਹਾਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।
ਉਮਰ ਭਰ ਉਸ ਮਜ਼੍ਹਬੀ ਜਨੂੰਨੀਆਂ ਦੇ ਵਿਰੁੱਧ ਬੇਬਾਕ ਆਪਣੀ ਕਲਮ ਨਾਲ ਲਿਖਣਾ ਜਾਰੀ ਰੱਖਿਆ।
"ਬੰਦਾ ਉੱਠਦਾ ਡਿੱਗਦਾ, ਫੇਰ ਢਹਿੰਦਾ,
ਡਿਗਦੇ ਢਹਿੰਦਿਆਂ ਤੁਰਨ ਦਾ ਢੰਗ ਆਉਂਦਾ।
ਜ਼ਾ ਉਦੋਂ ਹੀ ਆਉਂਦਾ ਹੈ, ਜ਼ਿੰਦਗੀ ਦਾ,
ਫਾਕਾ ਮਸਤੀਆਂ ਤੇ ਜਦੋਂ ਰੰਗ ਆਉਂਦਾ।"
1957 ਵਿਚ ਇਕ ਵਾਰ ਫਿਰ ਦਾਮਨ ਵਿਸਾਖੀ ਮੌਕੇ ਭਾਰਤ ਆਇਆ। ਉਸ ਵੇਲੇ ਉਹ ਬੰਬਈ ਵਿਖੇ ਹੀ ਪੰਜਾਬੀ ਭਰਾਵਾਂ ਕੋਲ ਰਿਹਾ। ਉੱਥੇ ਵੀ ਉਸ ਆਪਣੇ ਸ਼ੇਅਰਾਂ ਰਾਹੀਂ ਰੰਗ ਬੰਨ੍ਹਿਆ–
ਮੇਰਾ ਦਿਲ ਓਧਰ, ਮੇਰਾ ਦਿਲ ਏਧਰ,
ਮੈਂ ਇਕ ਸਿਰ 'ਤੇ ਅਜ਼ਾਬ ਨੂੰ ਵੇਖਦਾ ਆਂ।
ਬਿਖਰੇ ਵਰਕਿਆਂ ਦੀ ਹੋ ਗਈ ਜਿਲਦਬੰਦੀ,
ਮੈਂ ਇਕ ਖੁੱਲ੍ਹੀ ਕਿਤਾਬ ਨੂੰ ਵੇਖਦਾ ਆਂ।
ਇਕ ਵਿਸਾਖੀ ਦੀਆਂ ਮੇਹਰਬਾਨੀਆਂ ਏ,
ਬੰਬੇ ਵਿਚ ਪੰਜਾਬ ਨੂੰ ਵੇਖਦਾ ਆਂ,
ਕੁੜੀਆਂ ਰੰਗ ਬਿਰੰਗੀਆਂ ਦਿਸਦੀਆਂ ਏ,
ਮੈਂ ਇਕ ਚਲਦੀ ਸ਼ਰਾਬ ਨੂੰ ਵੇਖਦਾ ਆਂ।
ਪੰਜਾਬੀ ਮਾਂ ਬੋਲੀ ਦੀ ਤੜਪ ਲਈ ਵੀ ਉਹ ਸ਼ਿੱਦਤ ਨਾਲ ਆਖਦਾ ਹੈ–
ਮੇਰੇ ਹੰਝੂਆਂ ਦਾ ਪਾਣੀ ਪੀ ਪੀ ਕੇ
ਹਰੀ ਭਰੀ ਇਹ ਬੰਜਰ ਜ਼ਮੀਨ ਹੋ ਜਾਏ।
ਇਹਦੇ ਚਿਹਰੇ 'ਤੇ ਸੁਰਖੀ ਚਾਹੀਦੀ ਏ,
ਮੇਰੇ ਖ਼ੂਨ ਨਾਲ ਭਾਵੇਂ ਰੰਗੀਨ ਹੋ ਜਾਏ।
ਮੇਰੇ ਖ਼ੂਨ ਨਾਲ ਭਾਵੇਂ ਰੰਗੀਨ ਹੋ ਜਾਏ।
ਮਾਨਵਤਾ ਨੂੰ ਆਪਣਾ ਇਸ਼ਟ ਮੰਨਣ ਵਾਲੇ, ਕਥਨੀ ਤੇ ਕਰਨੀ ਦੇ ਸੂਰੇ, ਇਹ ਮਾਹਨ ਸ਼ਾਇਰ ਚਿਰਾਗਦੀਨ ਦਾਮਨ ਨਵੰਬਰ 1984 ਵਿਚ ਇਕ ਲੰਮੀ ਬਿਮਾਰੀ ਤੋਂ ਬਾਅਦ ਅੱਲਾ ਨੂੰ ਪਿਆਰੇ ਹੋ ਗਏ। ਉਸ ਨੂੰ ਆਪਣੀ ਕਲਮ ਦੀ ਅਜ਼ਮਤ ਬਰਕਰਾਰ ਰੱਖਣ ਲਈ ਆਪਣੇ ਪੁੱਤਰਾਂ ਦੀ ਕੁਰਬਾਨੀ ਦੇਣੀ ਪਈ। ਇਹ ਗੱਲ ਪਹਿਲਾਂ ਵਾਂਗ ਸੱਚ ਹੋ ਗਈ ਕਿ ਸੱਚ ਤੇ ਪਹਿਰਾ ਦੇਵ ਵਾਲਿਆਂ ਨੂੰ ਸੁਕਰਾਤ ਵਾਂਗ ਜ਼ਹਿਰ ਦਾ ਪਿਆਲਾ ਪੀਣਾ ਹੀ ਪੈਂਦਾ ਹੈ। ਤੇ ਸ਼ਾਇਦ ਇਸੇ ਪ੍ਰਭਾਵ ਥੱਲੇ ਉਸ ਨੇ ਚੌਂ ਬਰਗਾ ਕਲਮ ਬੰਦ ਕੀਤਾ, ਜਿਸ ਵਿਚੋਂ ਉਸ ਦੇ ਮਨ ਦੀ ਪੀੜਾ ਸਾਫ਼ ਨਜ਼ਰ ਆਉਂਦੀ ਹੈ।
ਪਿੰਜਰੇ ਵਿਚ ਮੈਂ ਚਮਨ ਨੂੰ ਸਹਿਕਾਦਾ ਸਾਂ,
ਵਿਚ ਚਮਨ ਦੇ ਪਿੰਜਰਾ ਯਾਦ ਆਉਂਦੇ।
ਝੋਕਾ ਹਵਾ ਦਾ ਜਿਹੜਾ ਵੀ ਆਂਵਦਾ ਏ,
ਕਰਨ ਆਲਣਾ ਮੇਰਾ ਬਰਬਾਦ ਆਉਂਦੈਂ,
ਜਾਂ ਕੁਰਬਾਨ ਤੇਰੀ ਇਸ ਅਦਾ ਉੱਤੋਂ,
ਮੇਰੇ ਤੜਪਿਆਂ, ਤੈਨੂੰ ਸੁਆਦ ਆਉਂਦੈਂ।
ਜਾਂਦੇ ਜਾਂਦੇ ਮੇਰੀ ਸਭ ਤੋਂ ਵੱਧ ਮਨਪਸੰਦ ਦਾਮਨ ਦੀ ਕਵਿਤਾ, ਆਪਣੇ ਪਾਠਕਾਂ ਨਾਲ ਸਾਂਝੀ ਕਰ ਦੇਵਾਂ
ਜਿੱਥੇ ਗੂਹੜ ਬਹੁਤੀ ਉਥੇ ਫਿੱਕ ਪੈਂਦੀ,
ਮਿੱਠੇ ਗੰਨੇ ਤੋਂ ਕੌੜੀ ਸ਼ਰਾਬ ਬਣਦੀ।
ਅਲਫ਼ ਬੇ ਮੈਂ ਵੇਖੀ ਯਾਰਾਨਿਆਂ ਦੀ,
ਜਿੱਥੋਂ ਤਾਅਨਿਆਂ ਵਾਲੀ ਕਿਤਾਬ ਬਣਦੀ।
ਜਿਹੜੀ ਗਲ ਸੀ ਘਰ ਆਬਾਦ ਕਰਦੀ,
ਓਹੀ ਵੇਖੀ ਏ ਖ਼ਾਨਾ ਖ਼ਰਾਬ ਕਰਦੀ।
ਓਦੋਂ ਦਿਲ ਦੀਆਂ ਬੋਟੀਆਂ ਹੁੰਦੀਆਂ ਨੇ,
ਖੁੱਸੇ ਬੱਕਰੀ ਸੀਖ ਕਬਾਬ ਬਣਦੀ।

# ਸੁਪਰੀਮ ਕੋਰਟ ਨੇ ਸਿੱਖ ਕਤਲੇਆਮ ਬਾਰੇ ਕੇਂਦਰ ਸਰਕਾਰ ਤੋਂ ਜਾਂਚ ਰਿਪੋਰਟ ਮੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਵਿਸਤ੍ਰਿਤ ਸਥਿਤੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਜਲਦਬਾਜ਼ੀ ਵਿਚ ਬੰਦ ਕੀਤੇ ਗਏ ਕੇਸਾਂ ਨੂੰ ਮੁੜ ਤੋਂ ਖੋਲ੍ਹਣ ਲਈ ਉਚੇਚੇ ਤੌਰ 'ਤੇ ਸਿੱਟ ਦਾ ਗਠਨ ਕੀਤਾ ਗਿਆ ਹੈ। ਜਸਟਿਸ ਦੀਪਕ ਮਿਸ਼ਰਾ ਅਤੇ ਆਰ ਭਾਨੂਮਤੀ 'ਤੇ ਆਧਾਰਤ ਬੈਂਚ ਵੱਲੋਂ ਹੁਣ ਇਸ ਕੇਸ ਦੀ ਸੁਣਵਾਈ 20 ਫਰਵਰੀ ਨੂੰ ਕੀਤੀ ਜਾਏਗੀ ਕਿਉਂਕਿ ਵਧੀਕ ਸੌਲੀਸਿਟਰ ਜਨਰਲ ਪਿੰਕੀ ਆਨੰਦ ਨੇ ਰਿਪੋਰਟ ਦਾਖ਼ਲ ਕਰਨ ਲਈ ਚਾਰ ਹਫ਼ਤਿਆਂ ਦਾ ਸਮਾਂ ਮੰਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਲਾਡ ਸਿੰਘ ਕਾਹਲੋਂ ਵੱਲੋਂ ਦਾਖ਼ਲ ਜਨ ਹਿੱਤ ਪਟੀਸ਼ਨ ਦੌਰਾਨ ਉਨ੍ਹਾਂ ਦੇ ਵਕੀਲ ਅਰਵਿੰਦ ਦਾਤਾਰ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਦੀ ਫੌਰੀ ਸੁਣਵਾਈ ਕੀਤੀ ਜਾਵੇ ਕਿਉਂਕਿ ਸਿੱਟ ਦੀ ਮਿਆਦ ਅਗਲੇ ਮਹੀਨੇ 11 ਫਰਵਰੀ ਨੂੰ ਖ਼ਤਮ ਹੋ ਜਾਣੀ ਹੈ। ਉਨ੍ਹਾਂ ਕਿਹਾ ਕਿ 220 ਵਿਚੋਂ 22 ਕੇਸਾਂ ਨੂੰ ਦੁਬਾਰਾ ਖੋਲ੍ਹੇ ਜਾਣ ਲਈ ਸਿੱਟ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਵਧੀਕ ਸੌਲੀਸਿਟਰ ਜਨਰਲ ਨੇ ਸਫ਼ਾਈ ਦਿੱਤੀ ਕਿ ਅਜੇ ਸਿੱਟ ਦੀ ਪੜਤਾਲ ਚੱਲ ਰਹੀ ਹੈ ਅਤੇ ਕੇਂਦਰ ਵੱਲੋਂ ਜਵਾਬ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਿਆ। ਇਸ ਤੋਂ ਪਹਿਲਾਂ ਦਾਖ਼ਲ ਕੀਤੀ ਗਈ ਸਥਿਤੀ ਰਿਪੋਰਟ ਵਿਚ ਕੇਂਦਰ ਨੇ ਕਿਹਾ ਸੀ ਕਿ ਸਿੱਟ ਨੇ 216 ਕੇਸਾਂ ਦੀ ਪੜਤਾਲ ਕਰ ਕੇ 22 ਨੂੰ ਮੁੜ ਖੋਲ੍ਹਣ 'ਤੇ ਵਿਚਾਰ ਕੀਤਾ ਹੈ। ਸ੍ਰੀ ਕਾਹਲੋਂ ਨੇ ਸਿੱਟ ਨੂੰ ਹੋਰ ਸਮਾਂ ਦੇਣ 'ਤੇ ਇਤਰਾਜ਼ ਪ੍ਰਗਟ ਕਰਦਿਆਂ ਜਾਂਚ ਟੀਮ ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕੰਮ ਕਰਨ ਦੀ ਮੰਗ ਕੀਤੀ ਸੀ ਤਾਂ ਜੋ ਕਤਲੇਆਮ ਨਾਲ ਸਬੰਧਤ ਕੇਸਾਂ ਦੇ ਨਿਪਟਾਰੇ ਵਿਚ ਹੋਰ ਦੇਰੀ ਨਾ ਹੋਵੇ। ਉਨ੍ਹਾਂ ਮੰਗ ਕੀਤੀ ਕਿ 2002 ਦੇ ਗੁਜਰਾਤ ਦੰਗਿਆਂ ਦੇ ਕੇਸਾਂ ਦੀ ਤੇਜ਼ੀ ਨਾਲ ਨਿਪਟਾਰੇ ਵਾਂਗ ਹੀ ਇਸ ਮਾਮਲੇ ਵਿਚ ਤੇਜ਼ੀ ਦਿਖਾਈ ਜਾਵੇ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 12 ਫਰਵਰੀ 2015 ਵਿਚ ਵਿਸ਼ੇਸ਼ ਜਾਂਚ ਟੀਮ ਬਣਾ ਕੇ ਛੇ ਮਹੀਨਿਆਂ ਅੰਦਰ ਕੰਮ ਮੁਕੰਮਲ ਕਰਨ ਲਈ ਕਿਹਾ ਸੀ ਪਰ ਸਿੱਟ ਦੀ ਮਿਆਦ ਵਿਚ ਪਹਿਲਾਂ ਹੀ ਵਾਧਾ ਕੀਤਾ ਜਾ ਚੁੱਕਿਆ ਹੈ। ਸਿੱਟ ਵਿਚ 1986 ਬੈਚ ਦੇ ਆਈਪੀਐਸ ਅਫ਼ਸਰ ਪ੍ਰਮੋਦ ਅਸਥਾਨਾ, ਸਾਬਕਾ ਸੈਸ਼ਨ ਜੱਜ ਰਾਕੇਸ਼ ਕਪੂਰ ਅਤੇ ਦਿੱਲੀ ਦੇ ਵਧੀਕ ਪੁਲੀਸ ਕਮਿਸ਼ਨਰ ਕੁਮਾਰ ਗਿਆਨੇਸ਼ ਸ਼ਾਮਲ ਹਨ।

# ਓਬਾਮਾ ਦਾ ਆਖ਼ਰੀ ਭਾਸ਼ਣ-ਜਮਹੂਰੀਅਤ ਨੂੰ ਬਚਾਉਣ ਦਾ ਸੱਦਾ

**ਸ਼ਿਕਾਗੋ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਥੇ ਭਾਵੁਕ ਤਕਰੀਰ ਵਿੱਚ ਅਮਰੀਕੀ ਨਾਗਰਿਕਾਂ ਤੋਂ ਵਿਦਾਈ ਲਈ। ਉਨ੍ਹਾਂ ਨੇ ਡੋਨਲਡ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਬਾਅਦ ਦੇਸ਼ ਵਿੱਚ 'ਖੋਰਾ ਲਾਊ' ਰਾਜਸੀ ਮਾਹੌਲ ਦੌਰਾਨ ਜਮਹੂਰੀਅਤ ਨੂੰ ਵਧ ਰਹੇ ਨਸਲਵਾਦ, ਨਾਬਰਾਬਰੀ ਅਤੇ ਭੇਦਭਾਵ ਤੋਂ ਹੋਣ ਵਾਲੇ ਖ਼ਤਰਿਆਂ ਬਾਰੇ ਚਿਤਾਵਨੀ ਦਿੱਤੀ। ਸ੍ਰੀ ਓਬਾਮਾ ਆਪਣੇ ਗ੍ਰਹਿ ਨਗਰ ਵਿੱਚ ਤਕਰੀਬਨ 20 ਹਜ਼ਾਰ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ। 55 ਸਾਲਾ ਓਬਾਮਾ ਨੇ ਕਿਹਾ, 'ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਬਦਲਾਅ ਲਿਆਉਣ ਲਈ ਮੇਰੀ ਯੋਗਤਾ ਉਤੇ ਭਰੋਸਾ ਨਾ ਕਰੋ ਪਰ ਆਪਣੇ ਆਪ ਉਤੇ ਯਕੀਨ ਰੱਖੋ। ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਤੁਸੀਂ ਉਸ ਭਰੋਸੇ ਨੂੰ ਬਣਾਈ ਰੱਖੋ ਜੋ ਸਾਡੇ ਸਥਾਪਨਾ ਦੇ ਦਸਤਾਵੇਜ਼ਾਂ ਵਿੱਚ ਲਿਖਿਆ ਹੈ... ਹਾਂ, ਮੈਂ ਕਰ ਸਕਦਾ ਹਾਂ। ਹਾਂ, ਅਸੀਂ ਕੀਤਾ ਹੈ। ਹਾਂ, ਅਸੀਂ ਕਰ ਸਕਦੇ ਹਾਂ।' ਉਨ੍ਹਾਂ ਅਮਰੀਕੀ ਨਾਗਰਿਕਾਂ ਨੂੰ ਜਮਹੂਰੀਅਤ ਨੂੰ ਖ਼ਤਰਿਆਂ ਬਾਰੇ ਸਾਵਧਾਨ ਕਰਦਿਆਂ ਕਿਹਾ, 'ਜਦੋਂ ਅਸੀਂ ਡਰ ਸਾਹਮਣੇ ਝੁਕ ਜਾਂਦੇ ਹਾਂ ਤਾਂ ਲੋਕਤੰਤਰ ਪ੍ਰਭਾਵਤ ਹੋ ਸਕਦਾ ਹੈ। ਇਸ ਲਈ ਸਾਨੂੰ ਨਾਗਰਿਕਾਂ ਦੇ ਰੂਪ ਵਿੱਚ ਬਾਹਰੀ ਹਮਲੇ ਬਾਰੇ ਚੌਕਸ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀਆਂ ਉਨ੍ਹਾਂ ਕਦਰਾਂ ਕੀਮਤਾਂ ਨੂੰ ਕਮਜ਼ੋਰ ਹੋਣ ਤੋਂ ਬਚਾਉਣਾ ਚਾਹੀਦਾ, ਜਿਸ ਕਾਰਨ ਅਸੀਂ ਮੌਜੂਦਾ ਦੌਰ ਵਿੱਚ ਪਹੁੰਚੇ ਹਾਂ।' ਉਨ੍ਹਾਂ ਨੇ ਅਫਸੋਸ ਜ਼ਾਹਰ ਕੀਤਾ ਕਿ ਸਾਲ 2008 ਵਿੱਚ ਦੇਸ਼ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਇਤਿਹਾਸਕ ਚੋਣ ਦੇ ਬਾਅਦ ਵੀ 'ਨਸਲਵਾਦ ਸਾਡੇ ਸਮਾਜ ਵਿੱਚ ਤਾਕਤਵਰ ਤੇ ਵੰਡ ਪਾਊ ਤਾਕਤ ਦੇ ਰੂਪ ਵਿੱਚ ਬਰਕਰਾਰ ਹੈ।'



ਰਾਸ਼ਟਰਪਤੀ ਬਰਾਕ ਓਬਾਮਾ ਵਿਦਾਇਗੀ ਤਕਰੀਰ ਮਗਰੋਂ ਆਪਣੀ ਪਤਨੀ ਮਿਸ਼ੇਲ ਓਬਾਮਾ ਤੇ ਧੀ ਮਾਲੀਆ ਨੂੰ ਗਲਵੱਕੜੀ ਵਿਚ ਲੈਂਦੇ ਹੋਏ।

ਰਾਸ਼ਟਰਪਤੀ ਵਜੋਂ ਓਬਾਮਾ ਦਾ ਕਾਰਜਕਾਲ 20 ਜਨਵਰੀ ਨੂੰ ਸਮਾਪਤ ਹੋਵੇਗਾ ਅਤੇ ਰਿਪਬਲਿਕਨ ਪਾਰਟੀ ਦੇ ਡੋਨਲਡ ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਕਾਰਜਭਾਰ ਸੰਭਾਲਣਗੇ। ਸ੍ਰੀ ਓਬਾਮਾ ਨੇ ਆਉਣ ਵਾਲੇ ਹਫ਼ਤਿਆਂ ਵਿੱਚ ਟਰੰਪ ਨਾਲ ਸ਼ਾਂਤੀਪੂਰਨ ਸੱਤਾ ਤਬਦੀਲੀ ਦਾ ਵਾਅਦਾ ਕੀਤਾ। ਟਰੰਪ ਦਾ ਨਾਂ ਲਏ ਬਗ਼ੈਰ ਉਨ੍ਹਾਂ ਨੇ ਆਪਣੀ ਤਕਰੀਰ ਵਿੱਚ 2016 ਦੀ ਰਾਸ਼ਟਰਪਤੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਖਾਸ ਮੁੱਦੇ ਰਹੇ ਕਈ ਵਿਵਾਦਤ ਵਿਸ਼ਿਆਂ ਦਾ ਅਸਿੱਧਾ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਮੁਸਲਿਮ ਪਰਵਾਸੀਆਂ ਉਤੇ ਆਰਜ਼ੀ ਰੋਕ ਵੀ ਸ਼ਾਮਲ ਸੀ।

## ਐਚ-1ਬੀ ਵੀਜ਼ਿਆਂ 'ਤੇ ਰੋਕ ਲਾਏਗਾ ਅਮਰੀਕਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਵਿਦੇਸ਼ੀ ਕਾਮਿਆਂ ਵੱਲੋਂ ਐਚ-1ਬੀ ਅਤੇ ਐਲ1 ਵੀਜ਼ਿਆਂ ਦੀ 'ਦੁਰਵਰਤੋਂ' ਰੋਕਣ ਲਈ ਟਰੰਪ ਪ੍ਰਸ਼ਾਸਨ ਕਾਨੂੰਨੀ ਚਾਰਾਜੋਈ ਸਣੇ ਹੋਰ ਕਦਮ ਚੁੱਕੇਗਾ। ਇਹ ਭਰੋਸਾ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਟਾਰਨੀ ਜਨਰਲ ਦੇ ਅਹੁਦੇ ਲਈ ਨਾਮਜ਼ਦ ਸੈਨੇਟਰ ਜੈਫ ਸੈਸ਼ਨਜ਼ ਨੇ ਅਮਰੀਕੀ ਕਾਨੂੰਨਸਾਜ਼ਾਂ ਨੂੰ ਦਿੱਤਾ। ਇਸ ਕਦਮ ਨਾਲ ਭਾਰਤੀ ਆਈਟੀ ਕੰਪਨੀਆਂ ਤੇ ਪੇਸ਼ੇਵਰਾਂ ਨੂੰ ਤਕੜੀ ਸੱਟ ਵੱਜ ਸਕਦੀ ਹੈ। ਅਟਾਰਨੀ ਜਨਰਲ ਦੇ ਅਹੁਦੇ ਦੀ ਪੁਸ਼ਟੀ ਲਈ ਆਪਣੀ ਸੁਣਵਾਈ ਦੌਰਾਨ ਸੈਸ਼ਨਜ਼ ਨੇ ਸੈਨੇਟ ਦੀ ਜੁਡੀਸ਼ਰੀ ਕਮੇਟੀ ਨੂੰ ਦੱਸਿਆ ਕਿ ਇਹ ਆਮ ਧਾਰਨਾ ਬਿਲਕੁਲ ਗਲਤ ਹੈ ਕਿ ਅਸੀਂ ਪੂਰੀ ਤਰ੍ਹਾਂ ਖੁੱਲ੍ਹੇ ਵਿਸ਼ਵ ਵਿੱਚ ਰਹਿ ਰਹੇ ਹਾਂ ਅਤੇ ਕਿਸੇ ਵੀ ਅਮਰੀਕੀ ਦੀ ਥਾਂ ਵਿਸ਼ਵ ਵਿੱਚੋਂ ਕਿਸੇ ਨੂੰ ਵੀ ਘੱਟ ਤਨਖ਼ਾਹ ਦੇ ਕੇ ਨੌਕਰੀ ਉਤੇ ਰੱਖਿਆ ਜਾ ਸਕਦਾ ਹੈ। ਸੈਨੇਟ ਦੀ ਜੁਡੀਸ਼ਰੀ ਕਮੇਟੀ ਦੇ ਚੇਅਰਮੈਨ ਸੈਨੇਟਰ ਚਾਰਲਸ ਗ੍ਰੈਸਲੇ ਦੇ ਸਵਾਲ ਦੇ ਜਵਾਬ ਵਿੱਚ ਸੈਸ਼ਨਜ਼ ਨੇ ਕਿਹਾ ਕਿ ਸਾਡੀ ਆਪਣੇ ਨਾਗਰਿਕਾਂ ਪ੍ਰਤੀ ਵਚਨਬੱਧਤਾ ਹੈ ਅਤੇ ਤੁਸੀਂ ਇਸ ਵਚਨਬੱਧਤਾ ਦੇ ਪਹਿਰੇਦਾਰ ਹੋਣੇ ਚਾਹੀਦੇ ਹੋ।




## ਓਬਾਮਾ ਨੇ ਕਿਊਬਿਆਈ ਪਰਵਾਸੀਆਂ ਬਾਰੇ ਪਰਵਾਸ ਨੀਤੀ ਖ਼ਤਮ ਕੀਤੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਗੈਰ ਕਾਨੂੰਨੀ ਤਰੀਕਿਆਂ ਰਾਹੀਂ ਅਮਰੀਕਾ ਆਏ ਕਿਊਬਿਆਈ ਪਰਵਾਸੀਆਂ ਨੂੰ ਇੱਥੇ ਰਹਿਣ ਅਤੇ ਕਾਨੂੰਨੀ ਵਾਸੀ ਬਣਨ ਦਾ ਹੱਕ ਦੇਣ ਵਾਲੀ ਦੋ ਦਹਾਕੇ ਪੁਰਾਣੀ ਪਰਵਾਸ ਨੀਤੀ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਖ਼ਤਮ ਕਰ ਦਿੱਤਾ। ਸੀਤ ਯੁੱਧ ਦੇ ਆਪਣੇ ਪੁਰਾਣੇ ਦੁਸ਼ਮਣ ਨਾਲ ਰਿਸ਼ਤੇ ਸੁਧਾਰਨ ਦੀ ਦਿਸ਼ਾ ਵਿੱਚ ਅਮਰੀਕਾ ਦਾ ਇਹ ਅਹਿਮ ਕਦਮ ਹੈ। ਓਬਾਮਾ ਪ੍ਰਸ਼ਾਸਨ ਦੇ ਆਖ਼ਰੀ ਦਿਨਾਂ ਵਿੱਚ ਸਾਹਮਣੇ ਆਇਆ ਇਹ ਫੈਸਲਾ ਫੌਰੀ ਲਾਗੂ ਹੋ ਗਿਆ। ਓਬਾਮਾ ਨੇ ਇਕ ਬਿਆਨ ਵਿੱਚ ਕਿਹਾ ਕਿ ਹੋਮਲੈਂਡ ਸਿਕਿਉਰਿਟੀ ਵਿਭਾਗ 20 ਸਾਲ ਪਹਿਲਾਂ ਲਾਗੂ ਹੋਈ ਇਸ ਨੀਤੀ ਨੂੰ ਖ਼ਤਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇਸ ਸਮਾਜਵਾਦੀ ਮੁਲਕ ਨਾਲ ਰਿਸ਼ਤੇ ਆਮ ਵਾਂਗ ਕਰਨ ਅਤੇ ਆਪਣੀ ਪਰਵਾਸ ਨੀਤੀ ਵਿੱਚ ਵਡੇਰੀ ਇਕਸੁਰਤਾ ਲਈ ਅਹਿਮ ਕਦਮ ਚੁੱਕੇ ਹਨ।

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਾਰ ਸੇਵਾ ਦਿਵਸ 22 ਜਨਵਰੀ ਐਤਵਾਰ ਨੂੰ

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਾਰ ਸੇਵਾ ਦਿਵਸ 22 ਜਨਵਰੀ ਐੱਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਹ ਉੱਦਮ ਕਾਰ ਸੇਵਾ (ਆਪਣੇ ਹੱਥੀਂ ਸੇਵਾ ਕਰਨ) ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤਾ ਜਾ ਰਿਹਾ ਹੈ । ਇਸ ਮੌਕੇ "ਕਾਰ ਸੇਵਾ ਦਾ ਗੁਰਮਤਿ ਵਿਚ ਕੀ ਮਹੱਤਵ ਹੈ" ਵਿਸ਼ੇ ਉਤੇ ਹਫ਼ਤਾਵਾਰੀ ਦੀਵਾਨ ਵਿਚ ਸਵੇਰੇ 10.30 ਵਜੇ ਤੋਂ ਲੈ ਕੇ ਦੁਪਹਿਰ 12.00 ਵਜੇ ਤੱਕ ਵਿਚਾਰਾਂ ਹੋਣਗੀਆਂ। ਇਸ ਤੋਂ ਇਲਾਵਾ ਜਿੰਨ੍ਹਾਂ ਨੌਜਵਾਨਾਂ ਨੇ ਵੱਖ ਵੱਖ ਸਮੇਂ ਅੰਦਰ ਗੁਰੂ ਘਰ ਵਿਚ ਚਲ ਰਹੀ ਕਾਰ ਸੇਵਾ ਵਿਚ ਹਿੱਸਾ ਪਾਇਆ ਸੀ, ਉਨ੍ਹਾਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।
ਵਰਨਣਯੋਗ ਹੈ ਕਿ ਇਸ ਕਾਰ ਸੇਵਾ ਰਾਹੀਂ ਸੰਗਤਾਂ ਨੇ ਗੁਰੂ ਘਰ ਦੇ ਕਈ ਮਹਿੰਗੇ ਮਹਿੰਗੇ ਕਾਰਜ ਕੀਤੇ ਹਨ। ਜਿਨ੍ਹਾਂ ਕਰਕੇ ਪ੍ਰਬੰਧਕ ਕਮੇਟੀ ਨੂੰ ਕਾਫ਼ੀ ਬਚਤ ਹੋਈ ਹੈ। ਗੁਰੂ ਘਰ ਦੇ ਸੇਵਾਦਾਰਾਂ ਵਲੋਂ ਸਭਨਾਂ ਨੂੰ ਕਾਰ ਸੇਵਾ ਵਿਚ ਹਿੱਸਾ ਲੈਣ ਦੀ ਬੇਨਤੀ ਕੀਤੀ ਗਈ ਹੈ। ਘੁਰਮਤ ਅਨੁਸਾਰ ਵੀ ਸਿੱਖਾਂ ਨੂੰ ਅਜਿਹੇ ਸ਼ੁਭ ਕਾਰਜਾਂ ਵਿੱਚ ਤਨ, ਮਨ ਤੇ ਧਨ ਨਾਲ ਯੋਗਦਾਨ ਪਾਉਣਾ ਚਾਹੀਆ ਹੈ।

## ਅਦਾਲਤ ਨੇ ਗੁਰਦੁਆਰਾ ਚੋਣਾਂ ਸਬੰਧੀ ਮੰਗਿਆ ਪ੍ਰੋਗਰਾਮ ਦਾ ਵੇਰਵਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**ਦਿੱਲੀ ਗੁਰਦੁਆਰਾ ਚੋਣਾਂ ਸਬੰਧੀ ਅਦਾਲਤ ਵਿਚ ਚੱਲ ਰਹੇ ਮਾਮਲੇ ਦੀ ਸੁਣਵਾਈ ਦੌਰਾਨ ਦਿੱਲੀ ਹਾਈ ਕੋਰਟ ਦੀ ਜੱਜ ਜਸਟਿਸ ਹੀਮਾ ਕੋਹਲੀ ਨੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੂੰ 23 ਜਨਵਰੀ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਗੁਰਦੁਆਰਾ ਚੋਣਾਂ ਕਰਵਾਉਣ ਸਬੰਧੀ ਤਾਰੀਖਾਂ ਦਾ ਵੇਰਵਾ ਪੇਸ਼ ਕਰਨ ਦੀ ਹਦਾਇਤ ਦਿੱਤੀ ਹੈ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਗੁਰਦੁਆਰਾ ਚੋਣ ਵਿਭਾਗ ਨੇ ਅਦਾਲਤ ਨੂੰ ਦੱਸਿਆ ਕਿ ਮੂਲ ਵੋਟਰ ਸੂਚੀਆਂ ਜਨਵਰੀ ਵਿਚ ਛਪ ਕੇ ਪ੍ਰਾਪਤ ਹੋ ਗਈਆਂ ਹਨ ਅਤੇ ਹੁਣ ਇਹ ਸੂਚੀਆਂ ਦਿੱਲੀ ਦੇ ਸਾਰੇ 46 ਗੁਰਦੁਆਰਾ ਵਾਰਡਾਂ ਦੇ ਚੋਣ ਰਜਿਸਟ੍ਰੇਸ਼ਨ ਅਫਸਰਾਂ ਪਾਸ ਜਾਂਚ ਲਈ ਭੇਜ ਦਿੱਤੀਆਂ ਗਈਆਂ ਹਨ। ਇਨ੍ਹਾਂ ਵੋਟਰ ਸੂਚੀਆਂ ਵਿਚ ਛਪਾਈ ਦੌਰਾਨ ਹੋਈਆਂ ਗਲਤੀਆਂ ਦੀ ਸੋਧ ਦਾ ਕੰਮ 17 ਜਨਵਰੀ ਤੱਕ ਪੂਰਾ ਕਰਕੇ ਇਨ੍ਹਾਂ ਦੀ ਅੰਤਿਮ ਪ੍ਰਕਾਸ਼ਨਾ 20 ਜਨਵਰੀ ਤੱਕ ਕਰ ਦਿੱਤੀ ਜਾਵੇਗੀ। ਅਦਾਲਤ ਨੇ ਗੁਰਦੁਆਰਾ ਚੋਣ ਵਿਭਾਗ ਦੀ ਉਕਤ ਜਾਣਕਾਰੀ ਤੋਂ ਬਾਅਦ ਹੀ ਚੋਣ ਵਿਭਾਗ ਨੂੰ 23 ਜਨਵਰੀ ਨੂੰ ਸੁਣਵਾਈ ਦੌਰਾਨ ਗੁਰਦੁਆਰਾ ਚੋਣਾਂ ਕਰਵਾਉਣ ਸਬੰਧੀ ਤਾਰੀਖਾਂ ਦਾ ਵੇਰਵਾ ਦੇਣ ਦੀ ਹਦਾਇਤ ਕੀਤੀ। ਇਸੇ ਸਬੰਧੀ ਦਿੱਲੀ ਗੁਰਦੁਆਰਾ ਚੋਣਾਂ ਮਾਮਲੇ ਦੇ ਜਾਣਕਾਰ ਇੰਦਰਮੋਹਨ ਸਿੰਘ ਨੇ ਦੱਸਿਆ ਕਿ ਮੌਜੂਦਾ ਹਾਲਾਤ ਵਿਚ ਦਿੱਲੀ ਗੁਰਦੁਆਰਾ ਚੋਣਾਂ ਫਰਵਰੀ ਮਹੀਨੇ ਦੇ ਮੱਧ ਵਿਚ ਕਿਸੇ ਸਮੇਂ ਵੀ ਹੋਣ ਦੀ ਪੂਰੀ ਸੰਭਾਵਨਾ ਹੈ, ਜਿਸ ਵਿਚ ਤਕਰੀਬਨ 4 ਲੱਖ ਸਿੱਖ ਵੋਟਰ ਆਪਣੀ ਵੋਟ ਦੀ ਵਰਤੋਂ ਕਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਅਦਾਲਤ ਵੱਲੋਂ ਗੁਰਦੁਆਰਾ ਚੋਣ ਵਿਭਾਗ ਦੀ ਹਰ ਪ੍ਰਕਿਰਿਆ 'ਤੇ ਨਜ਼ਰ ਰੱਖੇ ਜਾਣ ਸਬੰਧੀ ਜਸਟਿਸ ਹੀਮਾ ਕੋਹਲੀ ਵੱਲੋਂ ਸੁਣਵਾਈ ਦੌਰਾਨ ਕੀਤੀ ਗਈ ਟਿੱਪਣੀ ਤੋਂ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਚੋਣਾਂ ਲਮਕਣ ਦੇ ਆਸਾਰ ਲਗਭਗ ਨਾ ਦੇ ਬਰਾਬਰ ਹੋ ਗਏ ਹਨ।

## ਸ਼ਰਾਬ ਮਾਮਲੇ ਨੂੰ ਲੈ ਕੇ ਕਾਂਗਰਸੀ ਸਰਪੰਚ ਦੇ ਸਾਥੀਆਂ ਦਾ ਹੁੜਦੰਗ, ਪੁਲੀਸ ਕਰਮੀ ਦੀ ਵਰਦੀ ਪਾੜੀ, ਚੌਕੀ ਦੀ ਕੀਤੀ ਭੰਨ-ਤੋੜ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਆਲ ਇੰਡੀਆ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਤੇ ਹਲਕਾ ਗਿੱਦੜਬਾਹਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਜ਼ਦੀਕੀ ਸਾਥੀ ਤੇ ਪਿੰਡ ਦੋਦਾ ਦੇ ਸਰਪੰਚ ਛਿੰਦਰ ਸਿੰਘ ਉਰਫ ਛਿੰਦਾ ਭੱਟੀ ਅਤੇ ਉਸ ਦੇ ਕਰੀਬ ਦੋ ਸੌ ਸਾਥੀਆਂ ਨੇ ਦੋਦਾ ਦੀ ਪੁਲੀਸ ਚੌਕੀ ਉਪਰ ਕਥਿਤ ਤੌਰ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਚੌਕੀ ਵਿੱਚ ਮੌਜੂਦ ਇਕ ਪੁਲੀਸ ਮੁਲਾਜ਼ਮ ਦੀ ਵਰਦੀ ਪਾੜ ਦਿੱਤੀ, ਕੁੱਟਮਾਰ ਕੀਤੀ ਅਤੇ ਸਾਮਾਨ ਦੀ ਭੰਨ ਤੋੜ ਕੀਤੀ। ਸੀਨੀਅਰ ਪੁਲੀਸ ਕਪਤਾਨ ਧਰੁਮਣ ਨਿੰਬਲੇ ਨੇ ਦੱਸਿਆ ਕਿ ਸਰਪੰਚ ਛਿੰਦਰ ਸਿੰਘ ਨੇ ਚੌਕੀ ਵਿੱਚ ਜਾ ਕੇ ਉੱਥੇ ਮੌਜੂਦ ਸਿਪਾਹੀ ਗੁਰਸ਼ਰਨ ਸਿੰਘ ਦੀ ਵਰਦੀ ਪਾੜ ਦਿੱਤੀ ਅਤੇ ਮੁਨਸ਼ੀ ਹਰਭਗਵਾਨ ਸਿੰਘ ਨਾਲ ਖਿੱਚ ਧੂਹ ਕੀਤੀ। ਉਨ੍ਹਾਂ ਦੱਸਿਆ ਕਿ ਸਰਪੰਚ ਇਸ ਗੱਲ ਤੋਂ ਖਫ਼ਾ ਸੀ ਕਿ ਪੁਲੀਸ ਪਿੰਡ ਵਿੱਚ ਨਾਜਾਇਜ਼ ਸ਼ਰਾਬ ਫੜਨ ਲਈ ਛਾਪੇ ਕਿਉਂ ਮਾਰਦੀ ਹੈ ਅਤੇ ਸ਼ਰਾਬ ਫੜਨ ਵੇਲੇ ਉਸ ਨੂੰ ਨਾਲ ਕਿਉਂ ਨਹੀਂ ਰੱਖਦੀ। ਪੁਲੀਸ ਮੁਖੀ ਨੇ ਦੱਸਿਆ ਕਿ ਪੁਲੀਸ ਨੂੰ ਸੂਤਰਾਂ ਜਾਂ ਚੋਣ ਕਮਿਸ਼ਨ ਰਾਹੀਂ ਜਦੋਂ ਕਿਤੇ ਨਾਜਾਇਜ਼ ਸ਼ਰਾਬ ਹੋਣ ਦਾ ਪਤਾ ਲਗਦਾ ਹੈ ਤਾਂ ਉਹ ਤੁਰੰਤ ਛਾਪਾ ਮਾਰਦੇ ਹਨ। ਇਸ ਲਈ ਸਰਪੰਚ ਨੂੰ ਨਾਲ ਲੈ ਕੇ ਜਾਣਾ ਸੰਭਵ ਨਹੀਂ ਹੁੰਦਾ ਪਰ ਸਰਪੰਚ ਪੁਲੀਸ ਉਪਰ ਧੱਕੇ ਨਾਲ ਦਬਾਅ ਬਣਾਉਣਾ ਚਾਹੁੰਦਾ ਸੀ ਅਤੇ ਇਸੇ ਕਰਕੇ ਸਰਪੰਚ ਨੇ ਇਹ ਗੈਰਕਾਨੂੰਨੀ ਹਰਕਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਿਪਾਹੀ ਗੁਰਸ਼ਰਨ ਸਿੰਘ ਦੀ ਕੁੱਟ-ਮਾਰ ਵੀ ਕੀਤੀ ਗਈ ਤੇ ਉਹ ਇਸ ਵੇਲੇ ਸਿਵਲ ਹਸਪਤਾਲ ਦੋਦਾ ਵਿੱਚ ਦਾਖਲ ਹੈ। ਪੁਲੀਸ ਨੇ ਇਸ ਸਬੰਧੀ ਸਰਪੰਚ ਛਿੰਦਰ ਸਿੰਘ ਭੱਟੀ, ਜਾਨੀ, ਅਮਰੀਕ, ਮਨੀ, ਰਾਜਨ, ਖੀਰਾ ਸਮੇਤ 200 ਅਣਪਛਾਤੇ ਵਿਅਕਤੀਆਂ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਧਰ ਹਲਕਾ ਗਿੱਦੜਬਾਹਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੱਸਿਆ ਕਿ ਸਰਪੰਚ ਛਿੰਦਰ ਸਿੰਘ ਪਿੰਡ ਵਾਸੀਆਂ ਨਾਲ ਚੌਕੀ ਦੋਦਾ ਵਿੱਚ ਪਿੰਡ ਦੇ ਕਿਸੇ ਮਾਮਲੇ ਸਬੰਧੀ ਗੱਲਬਾਤ ਕਰਨ ਗਿਆ ਸੀ। ਅੱਗੋਂ ਪੁਲੀਸ ਮੁਲਾਜ਼ਮਾਂ ਨੇ ਉਸ ਨੂੰ ਜਾਤੀਸੂਚਕ ਸ਼ਬਦ ਬੋਲ ਕੇ ਜ਼ਲੀਲ ਕੀਤਾ ਅਤੇ ਬਾਅਦ ਵਿੱਚ ਝੂਠਾ ਕੇਸ ਦਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਤਿੰਨ ਦਿਨਾਂ ਵਿਚ ਪੁਲੀਸ ਨੇ ਇਨਸਾਫ ਨਾ ਦਿੱਤਾ ਤਾਂ ਉਹ ਪੁਲੀਸ ਦੇ ਖਿਲਾਫ ਸੰਘਰਸ਼ ਵਿੱਢ ਦੇਣਗੇ।



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਦਲ ਖ਼ਾਲਸਾ ਵਲੋਂ ਭਾਰਤੀ ਸੰਵਿਧਾਨ, ਵੋਟ-ਪ੍ਰਣਾਲੀ ਅਤੇ ਸਵੈ-ਨਿਰਣੇ ਦੇ ਅਧਿਕਾਰ ਬਾਰੇ ਕਨਵੈਨਸ਼ਨ 24 ਜਨਵਰੀ ਨੂੰ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਪੰਜਾਬ ਵਿਚ ਜਦੋਂ ਸਾਰੀਆਂ ਭਾਰਤੀ ਮੁੱਖਧਾਰਾ ਵਾਲੀਆਂ ਰਾਜਨੀਤਿਕ ਪਾਰਟੀਆਂ ਚੋਣਾਂ ਦੀ ਤਿਆਰੀ ਵਿਚ ਰੁਝੀਆਂ ਹੋਈਆਂ ਹਨ, ਵੱਖਵਾਦੀ ਸਿੱਖ ਰਾਜਨੀਤਿਕ ਪਾਰਟੀ ਦਲ ਖ਼ਾਲਸਾ ਵਲੋਂ 24 ਜਨਵਰੀ ਨੂੰ ਅੰਮ੍ਰਿਤਸਰ ਵਿਖੇ ਭਾਰਤੀ ਸੰਵਿਧਾਨ, ਵੋਟ-ਪ੍ਰਣਾਲੀ ਅਤੇ ਸਵੈ-ਨਿਰਣੇ ਦੇ ਅਧਿਕਾਰ ਬਾਰੇ ਇਕ ਕਨਵੈਨਸ਼ਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਪਾਰਟੀ ਦੇ ਮੁੱਖ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਮੌਜੂਦਾ ਸੰਵਿਧਾਨ ਤਹਿਤ ਪਿਛਲੇ 67 ਵਰ੍ਹਿਆਂ ਅੰਦਰ ਭਾਰਤੀ ਨਿਜ਼ਾਮ ਨੇ ਸਿੱਖ ਕੌਮ ਦੀਆਂ ਰਾਜਸੀ ਇੱਛਾਵਾਂ ਨੂੰ ਕੁਚਲਿਆ, ਸੁਰੱਖਿਆ ਫੋਰਸਾਂ ਨੂੰ ਲੋਕਾਂ 'ਤੇ ਜ਼ੁਲਮ ਕਰਨ ਲਈ ਕਾਲੇ ਕਾਨੂੰਨਾਂ ਰਾਹੀਂ ਅੰਨ੍ਹੀਆਂ ਤਾਕਤਾਂ ਦਿੱਤੀਆਂ, ਭਾਰਤੀ ਸਭਿਆਚਾਰ ਨੂੰ ਘੱਟ-ਗਿਣਤੀ ਕੌਮਾਂ ਉਤੇ ਜਬਰੀ ਥੋਪਿਆ, ਪੰਜਾਬ ਦੇ ਪਾਣੀਆਂ ਨੂੰ ਲੁੱਟਿਆ ਅਤੇ ਸਿੱਖ ਧਰਮ ਦੇ



ਦਲ ਖ਼ਾਲਸਾ ਦੇ ਆਗੂ ਅਤੇ ਕਾਰਜਕਰਤਾ ਮੀਡੀਆ ਨਾਲ ਗੱਲ ਕਰਦੇ ਹੋਏ

ਸਿਧਾਂਤਾਂ ਦਾ ਲਗਾਤਾਰ ਅਪਮਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਕਨਵੈਨਸ਼ਨ ਵਿਚ ਮੌਜੂਦਾ ਸੰਵਿਧਾਨ ਤਹਿਤ ਹੁਕਮਰਾਨਾਂ ਵਲੋਂ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਤੋਂ ਇਨਕਾਰ ਕਰਨਾ, ਭਾਰਤੀ ਪ੍ਰਬੰਧ ਹੇਠ ਹੁੰਦੀਆਂ ਚੋਣਾਂ ਦੇ ਢੁਕਵੇਂ ਨਤੀਜਿਆਂ ਦਾ ਨਾ ਨਿਕਲਣਾ, ਪਾਣੀਆਂ ਦੀ ਲਗਾਤਾਰ ਲੁੱਟ ਅਤੇ ਪੰਜਾਬ ਦੇ ਮੂਲ ਮਸਲਿਆਂ ਨੂੰ ਹੱਲ ਕਰਨ ਤੋਂ ਇਨਕਾਰੀ ਹੋਣ ਬਾਰੇ ਜਾਗਰੂਕ ਕੀਤਾ ਜਾਵੇਗਾ। ਦਲ ਖਾਲਸਾ ਆਗੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਪਰੀਮ ਕੋਰਟ ਵਲੋਂ ਹਾਲ ਹੀ ਵਿਚ ਸੁਣਾਏ ਗਏ ਫੈਂਸਲੇ ਜਿਵੇਂ "ਅਖੌਤੀ ਰਾਸ਼ਟਰੀ ਗੀਤ" ਨੂੰ ਲੋਕਾਂ 'ਤੇ ਥੋਪਣਾ ਅਤੇ ਰਾਜਨੀਤੀ ਨੂੰ ਧਰਮ ਨਾਲੋਂ ਅੱਡ ਕਰਨਾ ਉਤੇ ਵੀ ਇਸ ਕਨਵੈਨਸ਼ਨ ਵਿਚ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਕਿਹਾ, ਬਾਰ-ਬਾਰ ਚੋਣਾਂ ਲੜ੍ਹਨ ਦੇ ਬਾਵਜੂਦ ਉਹ ਮਸਲੇ ਅੱਜ ਵੀ ਉਵੇਂ ਹੀ ਅਣਸੁਲਝੇ ਖੜ੍ਹੇ ਹਨ ਜਿਨ੍ਹਾਂ ਕਰਕੇ ਬੀਤੇ ਸਮੇਂ ਦੌਰਾਨ ਪੰਜਾਬ ਵਿਚ ਬੇਅੰਤ ਲਹੂ ਡੁਲਿਆ, ਸਿੱਖਾਂ ਦੀ ਵੱਖਰੀ ਪਛਾਣ 'ਤੇ ਅੱਜ ਵੀ ਅਦਾਲਤਾਂ ਅਤੇ ਰਾਜਨੀਤਿਕ ਆਗੂਆਂ ਵਲੋਂ ਸਵਾਲੀਆ ਚਿੰਨ੍ਹ ਲਾਇਆ ਜਾਂਦਾ ਹੈ ਅਤੇ ਅਜਿਹੇ ਫੈਸਲੇ ਸੁਣਾਏ ਜਾਂਦੇ ਹਨ ਜੋ ਸਿੱਖ ਸਿਧਾਂਤਾਂ ਦੇ ਵਿਰੋਧ ਵਿੱਚ ਹੁੰਦੇ ਹਨ ਉਨ੍ਹਾਂ ਦਾ ਵਿਚਾਰ ਸੀ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਚੰਗੀ ਗਿਣਤੀ ਵਿਚ ਸਿੱਖ ਅਤੇ ਪੰਜਾਬੀ ਚੋਣਾਂ 'ਚ ਹਿੱਸਾ ਲੈਂਦੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਆਉਣ ਵਾਲੀਆਂ ਚੋਣਾਂ ਨੂੰ ਨਵੀਂ ਰਾਜਨੀਤਿਕ ਪਾਰਟੀਆਂ ਅਤੇ ਸ਼ਖਸੀਅਤਾਂ ਦੇ ਉਭਾਰ ਵਜੋਂ ਦੇਖਿਆ ਜਾ ਰਿਹਾ ਹੈ। ਇਸ ਵਿਚ ਵੀ ਸ਼ੱਕ ਨਹੀਂ ਕਿ ਬਹੁਗਿਣਤੀ ਲੋਕ ਨਵੀਂ ਪਾਰਟੀ ਤੋਂ ਪ੍ਰਭਾਵਿਤ ਹਨ ਅਤੇ ਇਸ ਦੇ ਨਾਲ-ਨਾਲ ਇਹ ਵੀ ਸੱਚ ਹੈ ਕਿ ਲੋਕਾਂ ਦੀ ਯਾਦਸ਼ਕਤੀ ਬਹੁਤ ਛੋਟੀ ਹੁੰਦੀ ਹੈ, ਤੇ ਉਹ ਦੂਰਅੰਦੇਸ਼ੀ ਪ੍ਰਭਾਵਾਂ ਬਾਰੇ ਨਹੀਂ ਸੋਚ ਸਕਦੇ।

ਉਹਨਾਂ ਦਲ ਖਾਲਸਾ ਦੇ ਰੋਲ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਉਹਨਾਂ ਦੀ ਪਾਰਟੀ ਕੌਮੀ-ਚੇਤਨਤਾ ਦੀ ਪਹਿਰੇਦਾਰ ਹੈ, ਭਾਵੇਂ ਕਿ ਅੱਜ ਗਿਣਤੀ ਪੱਖੋਂ ਘੱਟ ਹੈਂ, ਪਰ ਪੰਥ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਨੂੰ ਇਹ ਗੱਲ ਪੂਰੀ ਤਰ੍ਹਾਂ ਸਾਫ ਹੈ ਕਿ ਹਰ ਚੋਣ ਤੋਂ ਬਾਅਦ ਆਗੂ ਅਤੇ ਚਿਹਰੇ ਹੀ ਬਦਲਦੇ ਹਨ, ਪੰਥ ਅਤੇ ਪੰਜਾਬ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਮਸਲੇ ਉਵੇਂ ਹੀ ਅਣਸੁਲਝੇ ਖੜ੍ਹੇ ਰਹਿੰਦੇ ਹਨ। ਇਸ ਮੌਕੇ ਦਲ ਖਾਲਸਾ ਦੇ ਸੀਨੀਅਰ ਆਗੂ ਬਲਦੇਵ ਸਿੰਘ ਸਿਰਸਾ, ਕੁਲਵੰਤ ਸਿੰਘ ਫੇਰੂਮਾਨ, ਕੁਲਦੀਪ ਸਿੰਘ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਟਾਂਡਾ ਅਤੇ ਬੁਲਾਰੇ ਪਰਮਜੀਤ ਸਿੰਘ ਮੰਡ ਵੀ ਹਾਜ਼ਿਰ ਸਨ.

# ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀ ਪੰਥਕ ਕਨਵੈਨਸ਼ਨ 'ਚ ਗੁਰਦੁਆਰਾ ਚੋਣਾਂ ਬਾਰੇ ਵਿਚਾਰਾਂ

## ਗੋਲਕਾਂ ਲੁੱਟਣ ਵਾਲੇ ਬਾਦਲ ਦਲ ਨੂੰ ਚੋਣਾਂ 'ਚ ਸਬਕ ਸਿਖਾਵਾਂਗੇ : ਸਰਨਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਗੁਰਦੁਆਰਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਪੱਛਮੀ ਦਿੱਲੀ ਦੇ ਚੌਖੰਡੀ ਇਲਾਕੇ 'ਚ ਪੰਥਕ ਕਨਵੈਨਸ਼ਨ ਕੀਤੀ ਗਈ, ਜਿਸ ਵਿਚ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਦਿੱਲੀ ਦੇ ਸਮੂਹ ਸਿੱਖਾਂ ਨੂੰ ਗੁਰਦੁਆਰਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹੱਕ ਵਿਚ ਭੁਗਤਨ ਦਾ ਸੱਦਾ ਦਿੱਤਾ ਗਿਆ ਅਤੇ ਬਾਦਲ ਦਲ ਦੇ ਝੂਠ ਦਾ ਪਰਦਾਫਾਸ਼ ਕੀਤਾ ਗਿਆ। ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ ਅਤੇ ਤਰਸੇਮ ਸਿੰਘ ਖਾਲਸਾ ਨੇ ਪੰਥਕ ਵਿਚਾਰਾਂ ਸਾਂਝੀਆਂ ਕਰਦਿਆਂ ਬਾਦਲ ਦਲ ਦੇ ਸਿੱਖੀ ਵਿਰੋਧੀ ਏਜੰਡੇ ਤੋਂ ਸੰਗਤਾਂ ਨੂੰ ਸੁਚੇਤ ਕੀਤਾ। ਪੱਛਮੀ ਦਿੱਲੀ ਦੇ ਚੋਣ ਹਲਕਿਆਂ ਨਾਲ ਸਬੰਧਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸੰਭਾਵੀ ਉਮੀਦਵਾਰ, ਯੂਥ ਵਿੰਗ ਅਤੇ ਸੀਨੀਅਰ ਆਗੂਆਂ ਸਮੇਤ ਵੱਡੀ ਗਿਣਤੀ 'ਚ ਸਿੱਖ ਸੰਗਤ ਇਸ ਮੌਕੇ ਹਾਜ਼ਰ ਸੀ।

ਸ. ਸਰਨਾ ਨੇ ਮੌਜੂਦਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਸਮੇਤ ਬਾਦਲ ਦਲੀਆਂ 'ਤੇ ਵਰ੍ਹਦਿਆਂ ਕਿਹਾ ਕਿ ਦੁਨੀਆ ਭਰ ਦੇ ਸਿੱਖਾਂ ਨੂੰ ਹੁਣ ਚੰਗੀ ਤਰ੍ਹਾਂ ਪਤਾ ਚਲ ਚੁੱਕਾ ਹੈ ਕਿ ਬਾਦਲ ਦਲ ਨੇ ਪਿਛਲੀਆਂ ਗੁਰਦੁਆਰਾ ਚੋਣਾਂ ਦੌਰਾਨ ਸਾਡੇ ਖ਼ਿਲਾਫ਼ ਕਿੰਨਾ ਝੂਠ ਬੋਲਿਆ ਸੀ, ਇਹੀ ਨਹੀਂ ਸਗੋਂ ਦਿੱਲੀ ਕਮੇਟੀ ਦੇ ਪਿਛਲੇ 4 ਸਾਲ ਦੇ ਕਾਰਜਕਾਲ ਦੌਰਾਨ ਗੋਲਕ ਦੀ ਲੁੱਟ-ਖਸੁੱਟ ਕਰਨ ਤੋਂ ਇਲਾਵਾ ਬਾਦਲ ਦਲ ਨੇ ਹਰ ਚੀਜ਼ ਨੂੰ ਮਿੱਟੀ ਬਣਾ ਕੇ ਰੱਖ ਦਿੱਤਾ ਹੈ। ਸ. ਸਰਨਾ ਨੇ ਕਿਹਾ ਕਿ ਗੋਲਕ ਲੁੱਟ ਕੇ ਜਹਾਜ਼ਾਂ ਦੀਆਂ ਸੈਰਾਂ ਕਰਨ ਵਾਲੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਕਸੂਰਵਾਰ ਬਾਦਲ ਦਲ ਨੂੰ ਸਬਕ ਸਿਖਾਉਣ ਲਈ ਬਹੁਤ ਹੀ ਜ਼ਰੂਰੀ ਹੈ ਕਿ ਸਾਰੇ 46 ਹਲਕਿਆਂ 'ਚ ਬਾਦਲ ਦਲ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾਈਆਂ ਜਾਣ। ਸ. ਸਰਨਾ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਸੀ ਕਿ ਤੈਅ ਸਮੇਂ ਮੁਤਾਬਕ 29 ਜਨਵਰੀ 2017 ਨੂੰ ਗੁਰਦੁਆਰਾ



ਬਾਕੀ ਸਫ਼ਾ 33 'ਤੇ








# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200 **IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

| 40757, Grimmer Blvd. | 3810 Eau Claire Ave, Ceres, | 220 Bush St/Montgomery St, #445 |
|---|---|---|
| FREMONT | MODESTO/CERES | SAN FRANCISCO |
| CA-94538 | CA-95307 | (OPPOSITE INDIA VISA CENTER) |




# LISTEN & SUPPORT
# ਨਿਰਪੱਖ

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ **ਧਾਰਮਿਕ, ਰਾਜਨੀਤਿਕ, ਸਮਾਜਿਕ**

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

**001-510-541-7344**

galpunjabdi1@gmail.com

www.radiogalpunjabdiusa.com

Download App From

**STAFF/PARTNERS**
NEEDED AROUND THE WORLD

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| O/B | SFO - DEL | MON/TUE/WED/FRI/SAT |
|---|---|---|
| I/B | DEL - SFO | MON/WED/THU/FRI/SUN |

**Serving the Bay Area Since 1996**
39156-State Street,Fremont CA-94538
Email: info@travelforlessinc.com
www.letsflyhome.com

**(510) 791-3300**
**(408) 791-2600**

# ਸ੍ਰੀ ਗੁਰੂ ਸਿੱਖ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165

## ਜਨਵਰੀ ਅਤੇ ਫਰਵਰੀ 2017 ਲਈ ਕੀਰਤਨ ਦਰਬਾਰ ਅਤੇ ਖ਼ਾਸ ਪ੍ਰੋਗਰਾਮ

### 22 ਜਨਵਰੀ, 2017, ਦਿਨ ਐਤਵਾਰ, ਕੀਰਤਨ

ਭਾਈ ਦਵਿੰਦਰ ਸਿੰਘ ਜੀ ਸੋਢੀ, ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ

ਭਾਈ ਰਘਬੀਰ ਸਿੰਘ ਜੀ ਦਾ ਜਥਾ ਅਤੇ ਭਾਈ ਸੁਖਦੇਵ ਸਿੰਘ ਜੀ ਦਾ ਜਥਾ

ਦੁਪਹਿਰ 12:00 ਵਜੇ ਤੋਂ 1:00 ਵਜੇ ਤਕ

ਲੰਗਰ ਦੀ ਸੇਵਾ : ਭਾਈ ਰਘਬੀਰ ਸਿੰਘ ਦੇ ਪਰਿਵਾਰ ਵਲੋਂ

### 29 ਜਨਵਰੀ, 2017, ਦਿਨ ਐਤਵਾਰ

*ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਪ੍ਰੋਗਰਾਮ*

ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ

ਕੀਰਤਨ: ਭਾਈ ਰਘਬੀਰ ਸਿੰਘ ਜੀ ਦਾ ਜਥਾ ਅਤੇ ਭਾਈ ਸੁਖਦੇਵ ਸਿੰਘ ਜੀ ਦਾ ਜਥਾ

ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ

ਕੀਰਤਨ : ਭਾਈ ਹਰਮਿੰਦਰ ਸਿੰਘ ਜੀ ਹਜੂਰੀ ਰਾਗੀ ਜਥਾ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ

ਆਖੰਡ ਪਾਠ ਤੇ ਗੁਰੂ ਕੇ ਲੰਗਰ ਦੀ ਸੇਵਾ : ਸੁਰਿੰਦਰ ਸਿੰਘ ਪਟਿਆਲਾ ਤੇ ਪਰਿਵਾਰ ਵਲੋਂ

### 31 ਜਨਵਰੀ, 2017, ਦਿਨ ਮੰਗਲਵਾਰ

*ਸ੍ਰੀ ਗੁਰੂ ਹਰ ਰਾਏ ਸਾਹਿਬ ਜੀ ਦਾ ਪ੍ਰਕਾਸ਼ ਪੁਰਬ*

ਭਾਈ ਰਘਬੀਰ ਸਿੰਘ ਜੀ ਅਤੇ ਭਾਈ ਸੁਖਦੇਵ ਸਿੰਘ ਜੀ ਦੇ

ਜਥਿਆਂ ਵਲੋਂ ਕੀਰਤਨ : ਸ਼ਾਮ 6:00 ਵਜੇ ਤੋਂ ਰਾਤ 8:15 ਵਜੇ ਤਕ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

### 1 ਫਰਵਰੀ, 2017, ਦਿਨ ਬੁੱਧਵਾਰ

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦ ਕਾਰਜ ਸਮਾਰੋਹ*

ਭਾਈ ਰਘਬੀਰ ਸਿੰਘ ਜੀ ਅਤੇ ਭਾਈ ਸੁਖਦੇਵ ਸਿੰਘ ਜੀ ਦੇ ਜਥਿਆਂ ਵਲੋਂ

ਕੀਰਤਨ: ਸ਼ਾਮ 6:00 ਤੋਂ ਰਾਤ 8:15 ਵਜੇ ਤੱਕ

ਮਠਿਆਈਆਂ, ਸਨੈਕਸ ਤੇ ਗੁਰੂ ਕੇ ਲੰਗਰ ਦੀ ਸੇਵਾ

### 4 ਫਰਵਰੀ, 2017, ਦਿਨ ਸ਼ਨਿੱਚਰਵਾਰ :

ਸੁਖਮਨੀ ਸਾਹਿਬ ਦਾ ਪਾਠ ਸਵੇਰੇ 11:00 ਵਜੇ

ਗੁਰਦੁਆਰਾ ਵਾਲਨਟ ਦੇ ਸੇਵਾਦਾਰ : ਸਤਪਾਲ ਸਿੰਘ ਘੋਤਰਾ (909)-569-9545

ਸੁਰਿੰਦਰ ਸਿੰਘ ਭੋਗਲ (909) 861-5767, ਗੁਰਬਚਨ ਸਿੰਘ ਜੁਨੇਜਾ (909)228-1556

ਕੁਲਬੀਰ ਸਿੰਘ ਭੁੱਲਰ (626) 675-2233, ਜਗਜੀਤ ਸਿੰਘ ਇਰਾਨੀ (626)239-5621

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਨੰਬਰਾਂ 'ਤੇ ਕਾਲ ਕਰ ਸਕਦੇ ਹੋ :

ਹਨਵੰਤ ਬੀਰ ਸਿੰਘ ਸਾਹਨੀ (626)369-3305 ਅਤੇ ਭਾਈ ਰਘਬੀਰ ਸਿੰਘ (626)833-8240



ਭਾਈ ਹਰਮਿੰਦਰ ਸਿੰਘ ਜੀ



ਭਾਈ ਦਵਿੰਦਰ ਸਿੰਘ ਜੀ ਸੋਢੀ



CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*

FULL SERVICE CATERING FOR YOUR SPECIAL EVENT

from 50 to upto 10,000 guests.

*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਨਵਜੋਤ ਸਿੱਧੂ ਦਾ ਕਾਂਗਰਸੀ ਟੀਮ ਦੇ ਖਿਡਾਰੀ ਵਜੋਂ ਅੰਮ੍ਰਿਤਸਰ ਦੇ ਚੋਣ ਮੈਦਾਨ 'ਚ ਉਤਾਰਾ



ਅੰਮ੍ਰਿਤਸਰ/ਬਿਊਰੋ ਨਿਊਜ਼: ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਇਸ ਵਾਰ ਕਾਂਗਰਸੀ ਟੀਮ ਦੇ ਖਿਡਾਰੀ ਵਜੋਂ ਪੰਜਾਬ ਦੀ ਰਾਜਸੀ ਪਿੱਚ ਤੋਂ ਸਿਆਸਤ ਦੀ ਨਵੀਂ ਪਾਰੀ ਸ਼ੁਰੂ ਕਰਨ ਲਈ ਮੈਦਾਨ ਵਿੱਚ ਨਿੱਤਰ ਆਇਆ ਹੈ। ਮੰਗਲਵਾਰ ਨੂੰ ਉਸਦਾ ਅੰਮ੍ਰਿਤਸਰ ਆਮਦ 'ਤੇ ਕਾਂਗਰਸੀਆਂ ਨੇ ਭਰਵਾਂ ਸਵਾਗਤ ਕੀਤਾ। ਸ੍ਰੀ ਸਿੱਧੂ ਨੇ ਸ਼ੁਕਰਾਨੇ ਵਜੋਂ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਮਗਰੋਂ ਉਨ੍ਹਾਂ ਆਖਿਆ ਕਿ ਅੱਜ ਪ੍ਰਣ ਕੀਤਾ ਹੈ ਕਿ ਬੇਹਾਲ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਲੜਾਈ ਲੜਣਗੇ। ਇਹ ਲੜਾਈ ਇਕੱਲੇ ਉਨ੍ਹਾਂ ਦੀ ਨਹੀਂ ਸਗੋਂ ਸਮੁੱਚੇ ਪੰਜਾਬੀਆਂ ਦੀ ਲੜਾਈ ਹੈ। ਨਵਜੋਤ ਸਿੰਘ ਸਿੱਧੂ ਦਾ ਕਾਂਗਰਸੀਆਂ ਨੇ ਭਰਵਾਂ ਸਵਾਗਤ ਕੀਤਾ। ਹਵਾਈ ਅੱਡੇ ਦੇ ਅੰਦਰ ਅਤੇ ਬਾਹਰ ਸ੍ਰੀ ਸਿੱਧੂ ਦੇ ਹੱਕ ਵਿੱਚ ਨਾਅਰੇ ਗੂੰਜ ਰਹੇ ਸਨ। ਫਿਜ਼ਾ ਵਿੱਚ ਸਿੱਧੂ ਆ ਗਿਆ, ਸਿੱਧੂ ਛਾ ਗਿਆ' ਦੇ ਨਾਅਰੇ ਮਾਰੇ ਜਾ ਰਹੇ ਸਨ। ਹਵਾਈ ਅੱਡੇ ਤੋਂ ਲੈ ਕੇ ਹਰਿਮੰਦਰ ਸਾਹਿਬ ਦੇ ਰਸਤੇ ਤਕ ਸ੍ਰੀ ਸਿੱਧੂ ਦਾ ਥਾਂ ਥਾਂ 'ਤੇ ਕਾਂਗਰਸੀਆਂ ਨੇ ਭਰਵਾਂ ਸਵਾਗਤ ਕੀਤਾ। ਕਾਂਗਰਸੀ ਵੀ ਸਾਰੇ ਮਤਭੇਦ ਛੱਡ ਕੇ ਸਿੱਧੂ ਨਾਲ ਇਕਜੁਟ ਹੋ ਕੇ ਖੜੇ ਸਨ। ਸ੍ਰੀ ਸਿੱਧੂ ਖੁੱਲੀ ਗੱਡੀ ਵਿੱਚ ਸਵਾਰ ਸੀ ਅਤੇ ਵਾਹਨਾਂ ਦੇ ਕਾਫਲੇ ਨਾਲ ਹਰਿਮੰਦਰ ਸਾਹਿਬ ਪੁੱਜੇ। ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਸਿੱਧੂ ਨੇ ਆਖਿਆ, ਜਦੋਂ ਪਾਪ ਦਾ ਘੜਾ ਭਰਦਾ, ਜਦੋਂ ਲੋਕਾਂ ਨੂੰ ਰੱਬ ਭੁੱਲਦਾ ਤਾਂ ਪ੍ਰਮਾਤਮਾ ਫਿਰ ਅਜਿਹਾ ਕੁਝ ਕਰਦਾ ਕਿ ਹੋਂਦ ਨਹੀਂ ਲੱਭਦੀ'। ਸ੍ਰੀ ਸਿੱਧੂ ਨੇ ਬਿਨਾਂ ਕਿਸੇ ਦਾ ਨਾਂ ਲਏ ਇਹ ਗੱਲ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਲ ਸੰਕੇਤ ਕੀਤਾ ਹੈ। ਉਸਨੇ ਆਖਿਆ ਕਿ ਕਈ ਵਾਰ ਇੱਥੋਂ ਲੋਕ ਸਭਾ ਚੋਣ ਜਿੱਤੇ ਵਿਅਕਤੀ ਨੂੰ ਭਜਾਉਣ ਦਾ ਯਤਨ ਕੀਤਾ ਗਿਆ ਹੈ। ਇਸ ਪਿੱਛੇ ਕੌਣ ਸਨ ਅਤੇ ਕੌਣ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਸਨ, ਸਭ ਨੂੰ ਪਤਾ ਹੈ। ਉਹ ਗੁਰੂ ਘਰ ਲਈ ਸੇਵਾ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਇਕ ਇੱਟ ਨਹੀਂ ਲਾਉਣ ਦਿੱਤੀ ਗਈ। ਉਸ ਦੇ ਅੱਠ ਪ੍ਰੋਜੈਕਟ ਰੋਕ ਦਿੱਤੇ ਗਏ। ਉਨ੍ਹਾਂ ਆਖਿਆ ਕਿ ਲੋਕ ਹੁਣ ਇਨ੍ਹਾਂ ਤੋਂ ਤੰਗ ਆ ਚੁੱਕੇ ਹਨ। ਸ੍ਰੀ ਸਿੱਧੂ ਨੇ ਆਖਿਆ ਕਿ ਉਨ੍ਹਾਂ ਪ੍ਰਣ ਕੀਤਾ ਹੈ ਕਿ ਬੇਹਾਲ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਲੜਾਈ ਲੜਣਗੇ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਣ। ਉਨ੍ਹਾਂ ਆਖਿਆ ਕਿ ਇਕ ਦੋ ਦਿਨਾਂ ਵਿੱਚ ਹੀ ਚੋਣਾਂ ਸਬੰਧੀ ਆਪਣਾ ਏਜੰਡਾ ਲੋਕਾਂ ਦੇ ਸਾਹਮਣੇ ਰੱਖਣਗੇ। ਇਸ ਦੌਰਾਨ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਮੌਕੇ 'ਤੇ ਨਵਜੋਤ ਕੌਰ ਸਿੱਧੂ, ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਮਮਤਾ ਦੱਤਾ, ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ, ਜ਼ਿਲ੍ਹਾ ਪ੍ਰਧਾਨ ਜੁਗਲ ਕਿਸ਼ੋਰ ਸ਼ਰਮਾ, ਅਨੁਸੂਚਿਤ ਜਾਤੀ ਕਮਿਸ਼ਨ ਦੇ ਮੀਤ ਚੇਅਰਮੈਨ ਰਾਜ ਕੁਮਾਰ ਵੇਰਕਾ ਸਮੇਤ ਵਰਕਰ ਹਾਜ਼ਰ ਸਨ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 'ਚ ਪੰਜਾਬੀ ਗੀਤ ਸੰਗੀਤ ਤੇ ਸਭਿਆਚਾਰ ਦੀ ਸ਼ਾਨਦਾਰ ਪੇਸ਼ਕਾਰੀ

ਸਬੰਧਤ ਪੂਰੀ ਰਿਪੋਰਟ ਸਫ਼ਾ 4 'ਤੇ ਪੜ੍ਹੋ




























Presented By Mr. S. Ashok Bhaura

# .ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੀਫੋਰਨੀਆ ਵਲੋਂ .ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ

## ਦਵਿੰਦਰ ਦਮਨ ਦੇ ਨਾਟਕ 'ਬਾਬਾ ਬੰਦਾ ਸਿੰਘ ਬਹਾਦਰ' ਦਾ ਸਫਲ ਮੰਚਨ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ,** ਕੈਲੀਫੋਰਨੀਆ ਦੀਆਂ ਤਿੰਨ ਜਥੇਬੰਦੀਆਂ ਨੇ ਇਕ ਰਾਏ ਬਣਾਉਂਦਿਆਂ ਵੱਖ ਵੱਖ ਸ਼ਹਿਰਾਂ ਵਿਚ .ਗਦਰੀ ਬਾਬਿਆਂ ਦਾ ਮੇਲਾ ਕਰਵਾਇਆ। 'ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਆਫ਼ ਬੇ-ਏਰੀਆ' ਨੇ ਸੈਨਹੋਜ਼ੇ ਵਿਚ, '.ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੀਫੋਰਨੀਆ' ਨੇ ਸੈਕਰਾਮੈਂਟੋ ਵਿਚ ਅਤੇ 'ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜੇਸ਼ਨ ਆਫ਼ ਯੂਬਾ ਸਿਟੀ' ਨੇ ਯੂਬਾ ਸਿਟੀ ਵਿਚ ਨਾਟਕ ਮੇਲਾ ਕਰਵਾਇਆ। ਲੇਖਕ ਤੇ ਫਿਲਮਸਾਜ਼ ਦਵਿੰਦਰ ਦਮਨ ਵਲੋਂ 'ਬਾਬਾ ਬੰਦਾ ਸਿੰਘ ਬਹਾਦਰ' ਦੀ ਜੀਵਨੀ 'ਤੇ ਆਧਾਰਤ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਆਫ਼ ਅਲਬਰਟਾ' ਦੀ ਟੀਮ ਵਲੋਂ ਖੇਡਿਆ ਗਿਆ।

'.ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੀਫੋਰਨੀਆ ਨੇ 'ਪਰਫਾਰਮਿੰਗ ਆਰਟ ਸੈਂਟਰ ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ' ਵਿਚ .ਗਦਰੀ ਬਾਬਿਆਂ ਦੀ ਯਾਦ ਵਿਚ ਜੋ ਮੇਲਾ ਕਰਵਾਇਆ ਗਿਆ, ਉਸ ਵਿਚ ਵਿਸ਼ੇਸ਼ ਤੌਰ 'ਤੇ ਸਰੀ (ਕੈਨੇਡਾ) ਤੋਂ ਸ. ਨਿਰਮਲ ਸ਼ਰਮਾ ਮੁੱਖ ਬੁਲਾਰੇ ਸਨ। ਇਨ੍ਹਾਂ ਤੋਂ ਇਲਾਵਾ ਯੂ.ਕੇ. ਤੋਂ ਰੂਪ ਦਵਿੰਦਰ ਕੌਰ ਅਤੇ ਅਸ਼ੋਕ ਭਰਾ ਨੂੰ ਵਾਰੋ-ਵਾਰੀ ਬੁਲਾਉਣ ਤੋਂ ਪਹਿਲਾਂ ਸਟੇਜ ਦੀ ਸੇਵਾ ਨਿਭਾਅ ਰਹੀ ਬੀਬੀ ਆਸ਼ਾ ਸ਼ਰਮਾ ਨੇ ਸਭ ਨੂੰ ਮੇਲੇ ਅਤੇ ਨਵੇਂ ਸਾਲ ਦੀ ਹਾਰਦਿਕ ਵਧਾਈ ਦਿੱਤੀ। ਇਸ ਮਗਰੋਂ ਸੰਸਥਾ ਦੇ ਜਨਰਲ ਸਕੱਤਰ ਸ. ਜਗਜੀਤ ਸਿੰਘ ਕੰਧੋਲਾ ਨੇ ਪ੍ਰਧਾਨਗੀ ਮੰਡਲ ਦੇ ਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਗੀਤ ਗਾਇਆ ਅਤੇ ਇਸ ਮਗਰੋਂ ਗਾਇਕ ਅਨੂਪ ਸਿੰਘ ਚੀਮਾ ਅਤੇ ਕੁਲਦੀਪ ਸਿੰਘ ਬੋਹਰਾ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਿਚ ਗੀਤ ਗਾਏ। ਡਾ. ਗੁਰੂਮੇਲ ਸਿੱਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਸ. ਕਰਤਾਰ ਸਿੰਘ ਸਰਾਭਾ ਤੋਂ ਇਲਾਵਾ ਹੋਰਨਾਂ ਸ਼ਹੀਦਾਂ ਨੂੰ ਵੀ ਓਨਾ ਹੀ ਯਾਦ ਰੱਖਣਾ ਚਾਹੀਦਾ ਹੈ, ਜੋ ਉਨ੍ਹਾਂ ਦੇ ਨਾਲ ਹੀ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਬਾਰੇ ਵੀ ਓਨਾ ਹੀ ਲਿਖਣ ਦੀ ਜ਼ਰੂਰਤ ਹੈ। ਸ੍ਰੀ ਮੁਲਖ ਰਾਜ ਸ਼ਰਮਾ ਨੇ .ਗਦਰੀ ਬਾਬਿਆਂ ਨੂੰ ਯਾਦ ਕਰਦਿਆਂ, ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਜੋ ਵੀ ਅਸੀਂ ਇੱਥੇ ਇਕੱਤਰ ਹੋਏ ਹਾਂ, ਇਹ ਸਭ ਉਨ੍ਹਾਂ .ਗਦਰੀ ਬਾਬਿਆਂ ਦੀ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਦੀਆਂ ਲਾਸਾਨੀ ਕੁਰਬਾਨੀਆਂ ਦਾ ਸਿੱਟਾ ਹੈ।

ਉਚੇਚੇ ਤੌਰ 'ਤੇ ਪੁੱਜੇ ਸਮਾਜ ਸੇਵੀ ਡਾ. ਐਸ. ਪੀ. ਸਿੰਘ ਓਬਰਾਏ ਨੇ ਸਰੋਤਿਆਂ ਨਾਲ ਆਪਣੀ ਸਾਂਝ ਪਾਉਂਦਿਆਂ ਹਾਰਦਿਕ ਵਧਾਈ ਦਿੱਤੀ। ਡਾ. ਜਸਬੀਰ ਸਿੰਘ ਗਿੱਲ ਨੇ ਵੀ ਪ੍ਰਬੰਧਕਾਂ ਦੇ ਉਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਸੁਰਜੀਤ ਸਿੰਘ ਅਟਵਾਲ, ਜੈਸੀ ਅਟਵਾਲ, ਰਣਵੀਰ ਸਿੰਘ ਸੰਧੂ ਮੰਡੇਰਾ, ਮਲਕੀਤ ਸਿੰਘ ਸੰਧੂ, ਅਵਤਾਰ ਸਿੰਘ ਤਾਰੀ, 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਹਰਭਜਨ ਸਿੰਘ ਸਹੋਤਾ, ਬਹਾਦਰ ਸਿੰਘ ਚੀਮਾ, ਅਮਰੀਕ ਸਿੰਘ ਖੁੰਡਲੀਆਂ, ਅਜੀਤ ਸਿੰਘ ਸਰਪੰਚ (ਸਿੰਬਲ ਮਜਾਰਾ), ਮਹਿੰਦਰ ਸਿੰਘ ਢਾਅ, ਮੱਖਣ ਸਿੰਘ ਬਾਸੀ, ਨਛੱਤਰ ਸਿੰਘ ਸਰਾਂ, ਮਹਿੰਦਰ ਸਿੰਘ ਸਰਾਂ, ਸੁਰਿੰਦਰ ਸਿੰਘ ਮੰਡਾਲੀ, ਚੀਨਾ ਜਿਊਲਰਜ਼, ਜੈਸੀ ਅਟਵਾਲ (ਅਟਾਰਨੀ ਐਟ ਲਾਅ) ਅਤੇ ਸ਼ਿੰਗਾਰਾ ਰਾਮ ਵੀ ਸ਼ਾਮਲ ਸਨ।

## ਰੂਪਨਗਰ ਤੋਂ ਢਿੱਲੋਂ ਹੋਣਗੇ ਕਾਂਗਰਸ ਦੇ ਉਮੀਦਵਾਰ, ਚੰਨੀ ਹੋਏ ਨਾਰਾਜ਼

**ਰੂਪਨਗਰ/ਬਿਊਰੋ ਨਿਊਜ਼ :**

ਕਾਂਗਰਸ ਵੱਲੋਂ ਰੂਪਨਗਰ ਹਲਕੇ ਤੋਂ ਬਰਿੰਦਰ ਢਿੱਲੋਂ ਨੂੰ ਉਮੀਦਵਾਰ ਐਲਾਨਣ ਤੋਂ ਬਾਅਦ ਪਾਰਟੀ ਵਿੱਚ ਵੱਡੀ ਬਗਾਵਤ ਹੋ ਗਈ ਹੈ। ਇਸ ਕਾਰਨ ਜਿੱਥੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸਮੇਤ ਅਨੇਕਾਂ ਅਹੁਦੇਦਾਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ, ਉੱਥੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਚਰਨਜੀਤ ਸਿੰਘ ਚੰਨੀ ਨੇ ਵੀ ਉਮੀਦਵਾਰ ਨਾ ਬਦਲਣ ਉਤੇ ਅਸਤੀਫਾ ਦੇ ਕੇ ਸ੍ਰੀ ਚਮਕੌਰ ਸਾਹਿਬ ਹਲਕੇ ਤੋਂ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੈ। ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਇੱਥੇ ਕਾਂਗਰਸ ਭਵਨ ਵਿੱਚ ਮੀਟਿੰਗ ਕੀਤੀ, ਜਿਸ ਵਿੱਚ ਚਰਨਜੀਤ ਸਿੰਘ ਚੰਨੀ ਸ਼ਾਮਲ ਹੋਏ। ਬੁਲਾਰਿਆਂ ਨੇ ਕਿਹਾ ਕਿ ਸ੍ਰੀ ਚੰਨੀ ਨੇ ਟਿਕਟ ਦੇ 16 ਦਾਅਵੇਦਾਰਾਂ ਨੂੰ ਨੂਰਪੁਰ ਬੇਦੀ ਦੇ ਪੀਰ ਬਾਬਾ ਜ਼ਿੰਦਾ ਸ਼ਹੀਦ ਦੇ ਅਸਥਾਨ 'ਤੇ ਸਹੁੰ ਚੁਕਾਈ ਸੀ ਕਿ ਜੇ ਕਿਸੇ ਸਥਾਨਕ ਉਮੀਦਵਾਰ ਨੂੰ ਟਿਕਟ ਮਿਲਦੀ ਹੈ ਤਾਂ ਉਸ ਦੀ ਹਮਾਇਤ ਕੀਤੀ ਜਾਵੇਗੀ ਅਤੇ ਬਾਹਰਲੇ ਉਮੀਦਵਾਰ ਦਾ ਵਿਰੋਧ ਕੀਤਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਹੁਣ ਪਾਰਟੀ ਨੇ ਬਾਹਰਲੇ ਵਿਅਕਤੀ ਨੂੰ ਟਿਕਟ ਦਿੱਤੀ ਹੈ। ਮੀਟਿੰਗ ਦੌਰਾਨ ਜ਼ਿਲ੍ਹਾ ਕਾਂਗਰਸ ਪ੍ਰਧਾਨ ਵਿਜੈ ਸ਼ਰਮਾ ਟਿੰਕੂ, ਸਾਬਕਾ ਮੰਤਰੀ ਤੇ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਡਾ. ਰਮੇਸ਼ ਦੱਤ ਸ਼ਰਮਾ, ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਵਿਸਕੀ ਅਤੇ ਹਰਭਾਗ ਸਿੰਘ ਸੈਣੀ, ਸਕੱਤਰ ਅਮਰਜੀਤ ਸਿੰਘ ਭੁੱਲਰ, ਅਸ਼ੋਕ ਵਾਹੀ, ਜ਼ੈਲਦਾਰ ਸਤਵਿੰਦਰ ਸਿੰਘ ਚੈੜੀਆਂ ਤੇ ਪੰਮੀ ਸੋਨੀ, ਜ਼ਿਲ੍ਹਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਸੈਣੀ, ਕਾਂਗਰਸੀ ਆਗੂ ਅਸ਼ਵਨੀ ਸ਼ਰਮਾ, ਹਰਵਿੰਦਰ ਕੌਰ ਸੰਧੂ ਤੇ ਰਾਜੇਸ਼ਵਰ ਲਾਲੀ ਨੇ ਆਪਣੇ ਅਸਤੀਫੇ ਸ੍ਰੀ ਚੰਨੀ ਨੂੰ ਸੌਂਪ ਦਿੱਤੇ।




# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮਾਘੀ ਦੇ ਦਿਹਾੜੇ ਸਬੰਧੀ ਵਿਸ਼ੇਸ਼ ਸਮਾਰੋਹ

***ਪ੍ਰਬੰਧਕਾਂ ਦੇ ਸੱਦੇ ਤੇ ਭਾਈ ਹਰਨਾਮ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ਼ੀਸ਼ ਗੰਜ ਸਾਹਿਬ ਦਿੱਲੀ ਵਾਲੇ ਪਹੁੰਚੇ***







**ਸ਼ਿਕਾਗੋ/ਮੱਖਣ ਸਿੰਘ ਕਲੇਰ:** ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਟੁੱਟੀ ਗੰਢੀ ਮਾਘੀ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਗਿਆ। ਪ੍ਰਬੰਧਕਾਂ ਵੱਲੋਂ ਵਿਸੇਤੌਰ ਉੱਤੇ ਪੰਥਕ ਸੋਚ ਦੇ ਧਾਰਨੀ ਭਾਈ ਹਰਨਾਮ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ਼ੀਸ਼ ਗੰਜ ਸਾਹਿਬ ਨੂੰ ਸੰਗਤਾਂ ਨਾਲ ਇਸ ਇਤਿਹਾਸਕ ਦਿਹਾੜੇ ਤੇ ਗੁਰੂ ਇਤਿਹਾਸ ਦੀ ਸਾਂਝ ਪਾਉਣ ਵਾਸਤੇ ਬੁਲਾਇਆ ਗਿਆ। ਭਾਈ ਹਰਨਾਮ ਸਿੰਘ ਜੀ ਵੱਲੋਂ ਸਜੇ ਦੀਵਾਨ ਅੰਦਰ ਸੰਗਤਾਂ ਨੂੰ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਤੋਂ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਂ ਗੁਜਾਰਨ ਤੇ ਫਿਰ ਆਨੰਦਪੁਰ ਨੂੰ ਛੱਡਣ ਤੇ ਫਿਰ ਸਿਰਸਾ ਤੇ ਪਰਿਵਾਰ ਵਿਛੋੜਾ ਤੇ ਛੋਟੇ ਸਾਹਿਬਜ਼ਾਦਿਆਂ ਦੇ ਮਾਤਾ ਗੁਜ਼ਰ ਕੌਰ ਦੇ ਨਾਲੋਂ ਵੱਖ ਹੋ ਜਾਣ ਦਾ, ਆਪ ਜੀ ਦਾ ਵੱਡੇ ਸਾਹਿਬਜ਼ਾਦਿਆਂ ਦੇ ਨਾਲ ਚਮਕੌਰ ਦੀ ਗੜੀ ਵਿਚ 10 ਲੱਖ ਦੇ ਘੇਰੇ ਅੰਦਰ ਵੈਰੀਆਂ ਦੇ ਨਾਲ ਜੂਝਣਾ, ਚਾਰੋਂ ਸਾਹਿਬਜ਼ਾਦਿਆਂ ਦਾ ਸ਼ਹੀਦ ਹੋ ਜਾਣਾ ਤੇ ਮਾਤਾ ਗੁਜ਼ਰ ਕੌਰ ਜੀ ਦਾ ਸ਼ਹੀਦ ਹੋ ਜਾਣਾ ਤੇ ਆਪ ਗੁਰੂ ਸਾਹਿਬ ਵੱਲੋਂ ਚਮਕੌਰ ਦੀ ਗੜੀ ਵਿਚੋਂ ਨਿਕਲਣਾ ਤੇ ਫਿਰ ਮਾਛੀਵਾੜੇ ਦੇ ਜੰਗਲਾਂ ਵਿਚੋਂ ਗੁਜਰਨਾ, ਤੇ ਕੁਝ ਸਮਾਂ ਤੇ ਬੀਤਣ ਤੇ ਜੋ ਸਿੰਘ ਆਨੰਦਪੁਰੀ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ। ਉਨ੍ਹਾਂ ਸਿੰਘਾਂ ਦਾ ਭਾਈ ਮਹਾਂ ਸਿੰਘ ਤੇ ਮਾਤਾ ਭਾਗ ਕੌਰ ਦੀ ਅਗਵਾਈ ਹੇਠ ਸ਼ਤਰਾਨੇ ਦੀ ਢਾਬ ਦੀਆਂ ਸ਼ਹੀਦੀਆਂ ਦਾ ਹੋਣਾ ਤੇ ਗੁਰੂ ਜੀ ਵੱਲੋਂ ਸਿੰਘਾਂ ਦੇ ਜੰਗ ਵਿਚ ਜੌਹਰ ਦੇਖ ਕੇ ਭਾਈ ਮਹਾਂ ਸਿੰਘ ਨੂੰ ਆਪਣੀ ਗੋਂਦ ਵਿਚ ਲੈ ਕੇ ਟੁੱਟੀ ਗੰਢਣੀ ਤੇ ਬੇਦਾਵਾ ਪਾੜਨਾ ਤੇ ਉਥੋਂ ਜਿੱਤ ਹਾਸਲ ਕਰਨੀ ਤੇ ਉਥੋਂ ਗੁਰੂ ਜੀ ਦਾ ਅੱਗੇ ਵੱਲ ਜਾਣਾ। ਇਥੋਂ ਤੱਕ ਦਾ ਇਤਿਹਾਸ ਭਾਈ ਸਾਹਿਬ ਨੇ ਸਰਵਣ ਕਰਵਾਇਆ। ਇਨ੍ਹਾਂ ਤੋਂ ਇਲਾਵਾ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰ ਸਿੰਘ ਜੀ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਰਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਗਵਾਈ, ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਅਜੀਤ ਸਿੰਘ ਜੱਬਲਪੁਰ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਗਵਾਈ। ਪ੍ਰਬੰਧਕਾਂ ਵੱਲੋਂ ਭਾਈ ਹਰਨਾਮ ਸਿੰਘ ਨੂੰ ਸਿਰਪਾਓ ਦੇ ਕੇ ਉਨ੍ਹਾਂ ਦਾ ਮਾਣ ਸਨਮਾਨ ਕੀਤਾ।

# ਸਿੱਖ ਟੈਂਪਲ ਗੁਰਦੁਆਰਾ ਯੂਬਾ ਸਿਟੀ ਵਿੱਚ ਪ੍ਰਕਾਸ਼ ਦਿਹਾੜਾ ਮਨਾਇਆ

***ਗੁਰੂ ਘਰ ਦੀਆਂ ਸੇਵਾਵਾਂ ਲਈ ਥਿਆੜਾ ਪਰਿਵਾਰ ਦਾ ਸਨਮਾਨ***

**ਯੂਬਾ ਸਿਟੀ/ਬਿਊਰੋ ਨਿਊਜ਼ :** ਸਿੱਖ ਟੈਂਪਲ ਗੁਰਦੁਆਰਾ ਯੂਬਾ ਸਿਟੀ ਵਿੱਚ ਸਾਹਿਬੇ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। 9 ਨਵੰਬਰ ਤੋਂ ਹੀ ਗੁਰੂਘਰ ਵਿੱਚ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਸੀ, ਜਿਸ ਦੇ ਅਖੀਰਲੇ ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਗਈ। ਭੋਗ ਉਪਰੰਤ ਕੀਰਤਨ ਦੀਵਾਨ ਸਜਾਇਆ ਗਿਆ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ ਭਾਈ ਉਂਕਾਰ ਸਿੰਘ ਜੀ ਊਨੇ ਵਾਲੇ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਵਾਲਿਆਂ ਨੇ ਕੀਰਤਨ ਨਾਲ ਅਤੇ ਬੀਬੀ ਚੰਚਲਦੀਪ ਕੌਰ ਖਾਲਸਾ ਦੇ ਢਾਢੀ ਜਥੇ ਨੇ ਢਾਢੀ ਵਾਰਾਂ ਨਾਲ ਅਤੇ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂਘਰ ਦੇ ਸਕੱਤਰ ਸ. ਸਰਬਜੀਤ ਸਿੰਘ ਥਿਆੜਾ ਪੁੱਤਰ ਸ. ਮਹਿੰਦਰ ਸਿੰਘ ਥਿਆੜਾ, ਹਰਮਨ ਥਿਆੜਾ ਨੂੰ ਗੁਰੂਘਰ ਵਿੱਚ ਕੀਤੀਆਂ ਬੇਅੰਤ ਸੇਵਾਵਾਂ ਕਰਕੇ ਗੁਰੂ ਘਰ ਦੇ ਪ੍ਰਧਾਨ ਸ. ਜਸਵੰਤ ਸਿੰਘ ਬੈਂਸ ਅਤੇ ਸਮੂਹ ਪ੍ਰਬੰਧਕਾਂ ਨੇ ਸਿਰਪਾਉ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਥਿਆੜਾ ਪਰਿਵਾਰ ਵਲੋਂ ਖਾਸ ਕਰਕੇ 1 ਲੱਖ ਦਸ ਹਜ਼ਾਰ ਸਕੇਅਰ ਫੁੱਟ ਦੀ ਪਾਰਕਿੰਗ, ਜਿਸ ਵਿੱਚ ਤਕਰੀਬਨ 400 ਕਾਰਾਂ ਦੀ ਪਾਰਕਿੰਗ ਅਤੇ ਨਗਰ ਕੀਰਤਨ ਸਮੇਂ ਦੁਕਾਨਾਂ ਵਾਸਤੇ ਥਾਂ ਤਿਆਰ ਕੀਤੀ ਗਈ ਹੈ, ਨਾਲ ਗੁਰੂ ਘਰ ਨੂੰ ਹਰ ਸਾਲ ਇਕ ਲੱਖ ਡਾਲਰ ਦੀ ਆਮਦਨ ਹੋਵੇਗੀ। ਨਗਰ ਕੀਰਤਨ ਦੌਰਾਨ ਆਤਸ਼ਿਬਾਜ਼ੀ ਦੀ ਸੇਵਾ ਤੇ ਹਰ ਸਾਲ ਨਿਸ਼ਾਨ ਸਾਹਿਬ ਦੀ ਸੇਵਾ ਵੀ ਥਿਆੜਾ ਪਰਿਵਾਰ ਹੀ ਕਰਦਾ ਹੈ। ਇਹ ਜਾਣਕਾਰੀ ਗੁਰੂਘਰ ਦੇ ਖਜਾਨਚੀ ਸ. ਪਰਮਿੰਦਰ ਸਿੰਘ ਗਰੇਵਾਲ ਨੇ ਸੰਗਤਾਂ ਨਾਲ ਸਾਂਝੀ ਕੀਤੀ। ਇਸ ਦੌਰਾਨ ਸ. ਸਰਬਜੀਤ ਸਿੰਘ ਥਿਆੜਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਤੇ ਕਿਹਾ ਉਹ ਗੁਰੂ ਘਰ ਲਈ ਅਤੇ ਸੰਗਤਾਂ ਲਈ ਹਰ ਵਕਤ ਹਾਜ਼ਰ ਹਨ।



## ਐਡੀਲੇਡ ਪੋਰਟ ਅਗਸਤਾ : ਸ਼ਰਾਰਤੀ ਅਨਸਰਾਂ ਵਲੋਂ ਗੁਰਦੁਆਰੇ ਦੀ ਭੰਨ-ਤੋੜ

**ਐਡੀਲੇਡ/ਬਿਊਰੋ ਨਿਊਜ਼ :** ਐਡੀਲੇਡ ਪੋਰਟ ਅਗਸਤਾ ਗੁਰਦੁਆਰੇ ਵਿਚ ਇਕ ਫਿਰਕੇ ਦੇ ਲੋਕ ਜੋ ਲੁੱਟ ਕਰਨ ਦੇ ਮਨਸ਼ੇ ਨਾਲ ਆਏ ਸਨ, ਨੇ ਗੁਰਦੁਆਰੇ ਵਿਚ ਭੰਨ-ਤੋੜ ਕਰਕੇ ਕਾਫੀ ਨੁਕਸਾਨ ਕੀਤਾ। ਸ਼ਰਾਰਤੀ ਅਨਸਰਾਂ ਨੇ ਖਿੜਕੀਆਂ, ਦਰਵਾਜ਼ੇ, ਸ਼ੀਸ਼ੇ ਭੰਨੇ ਤੇ ਸੀ.ਸੀ.ਟੀ.ਵੀ. ਕੈਮਰਾ ਲਾਹ ਕੇ ਫਰਾਰ ਹੋ ਗਏ। ਗੁਰਦੁਆਰੇ ਦੀ ਸਾਂਭ-ਸੰਭਾਲ ਕਰਦੇ ਮੁਖੀ ਬਲਦੇਵ ਸਿੰਘ ਸੰਨੀ ਨੇ ਦੱਸਿਆ ਕਿ ਇਲਾਕੇ ਵਿਚ ਲੁੱਟ ਜਾਂ ਭੰਨ-ਤੋੜ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਸ਼ਰਾਰਤੀਆਂ ਵੱਲੋਂ ਗੁਰੂ ਘਰ ਵਿਚ ਕੀਤੀ ਭੰਨ-ਤੋੜ ਨਿੰਦਣਯੋਗ ਹੈ। ਲੋਕਲ ਕਾਸਲ ਤੇ ਸਭ ਕਮਿਊਨਿਟੀਜ਼ ਵੱਲੋਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ।









# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

ਅਨੁਵਾਦ : ਬੂਟਾ ਸਿੰਘ



### ਪ੍ਰਜਾਪਤੀ ਖੁੱਲ੍ਹੀ ਅਦਾਲਤ ਵਿਚ ਚੀਕਿਆ ਸੀ ਕਿ ਪੁਲਿਸ ਨੇ ਉਸਨੂੰ ਮਾਰ ਦੇਣਾ ਹੈ ਕਿਉਂਕਿ ਉਸ ਕੋਲ ਮਾਮਲੇ ਦਾ ਕਾਫ਼ੀ ਭੇਤ ਸੀ...

**ਰੈਗਰ ਨੇ ਸੀ ਬੀ ਆਈ ਨੂੰ ਦਸਿਆ ਕਿ ਜਦੋਂ ਉਹ ਸੋਹਰਾਬੁਦੀਨ ਦੇ ਫਰਜ਼ੀ ਮੁਕਾਬਲੇ ਨੂੰ ਨਜਿੱਠ ਰਿਹਾ ਸੀ ਤਾਂ ਉਸ ਉਪਰ ਤੱਤਕਾਲੀ ਜੂਨੀਅਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਲਗਾਤਾਰ ਦਬਾਓ ਪੈ ਰਿਹਾ ਸੀ। ਉਹ ਮੇਰੇ ਵਲੋਂ ਕੀਤੇ ਕੰਮ ਤੋਂ ਨਾਖੁਸ਼ ਸੀ। ਉਹ ਮੇਰੇ ਤੋਂ ਗੈਕੰਮ ਕਰਵਾਉਣਾ ਚਾਹੁੰਦਾ ਸੀ, ਪਰ ਇਸਦਾ ਮੇਰੇ ਉਪਰ ਬਹੁਤ ਦਬਾਓ ਰਿਹਾ। ਲਿਹਾਜ਼ਾ, ਮੈਂ ਤਬਾਦਲਾ ਕਰਾਉਣਾ ਚਾਹਿਆ। ਉਸੇ ਦਿਨ, ਗ੍ਰਹਿ ਮੰਤਰੀ ਨੇ ਮੇਰਾ ਤਬਾਦਲਾ ਕਰਾਈ ਵਿਖੇ ਕਰਨ ਦੇ ਹੁਕਮ ਦੇ ਦਿੱਤੇ।**

**ਰਾਣਾ ਅਯੂਬ**

ਮੈਂ ਜੀ ਸੀ ਰੈਗਰ ਨੂੰ 2002 ਦੀ ਹਿੰਸਾ ਦੌਰਾਨ, ਓਦੋਂ ਉਹ ਗੁਜਰਾਤ ਇੰਟੈਲੀਜੈਂਸ ਦਾ ਮੁੱਖੀ ਸੀ ਅਤੇ ਬਾਅਦ ਵਿਚ ਸੋਹਰਾਬੂਦੀਨ ਮੁਕਾਬਲੇ ਦੌਰਾਨ ਡੀ ਜੀ ਪੀ ਹੋਣ ਸਮੇਂ ਉਸ ਦਿਨ ਮਿਲੀ ਜਦੋਂ ਹਰ ਕੋਈ



ਹਿੰਦੁਸਤਾਨ ਪਾਕਿਸਤਾਨ ਦੇ ਕ੍ਰਿਕਟ ਮੈਚ ਨੂੰ ਲੈ ਕੇ ਜੋਸ਼ ਵਿਚ ਸੀ। ਅਜੇ ਨੇ ਆਪਣੇ ਟਿਕਾਣੇ ਉਪਰ ਸਕਰੀਨਿੰਗ ਦਾ ਇੰਤਜ਼ਾਮ ਕੀਤਾ ਜਿਸ ਵਿਚ ਉਸਦੇ ਬਹੁਤ ਸਾਰੇ ਮਿੱਤਰਾਂ ਨੇ ਸ਼ਾਮਲ ਹੋਣਾ ਸੀ ਅਤੇ ਉਸਨੇ ਮੈਨੂੰ ਵੀ ਸੱਦਾ ਦਿੱਤਾ ਸੀ। ਮੈਂ ਜਾਣਾ ਤਾਂ ਚਾਹੁੰਦੀ ਸੀ ਪਰ ਅਜੇ ਦੇ ਮਿੱਤਰਾਂ ਨੂੰ ਪਤਾ ਲੱਗ ਜਾਣ ਦੇ ਡਰੋਂ ਮੈਂ ਨਹੀਂ ਗਈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦੇ ਗੂੜ੍ਹੇ ਸਿਆਸੀ ਸਬੰਧ ਸਨ। ਉਹ ਪਹਿਲਾਂ ਹੀ ਮੈਨੂੰ ਦੱਸ ਚੁੱਕਾ ਸੀ ਕਿ ਉਸਦੇ ਨਜ਼ਦੀਕੀ ਮਿੱਤਰਾਂ ਵਿਚੋਂ ਇਕ ਅਨਾਰ ਪਟੇਲ ਸੀ ਜੋ ਸ਼ਹਿਰ ਵਿਚ ਇਕ ਐੱਨ ਜੀ ਓ ਚਲਾਉਂਦੀ ਸੀ। ਅਨਾਰ ਪਟੇਲ ਗੁਜਰਾਤ ਦੀ ਮੁੱਖ ਮੰਤਰੀ ਆਨੰਦੀਬੇਨ ਦੀ ਧੀ ਹੈ।

ਜਦੋਂ ਉਸ ਦੁਪਹਿਰ ਨੂੰ ਮੈਂ ਰੈਗਰ ਨੂੰ ਮਿਲਣ ਗਈ, ਉਹ ਮੈਚ ਸ਼ੁਰੂ ਹੋਣ ਦੀ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। 'ਮੈਨੂੰ ਉਮੀਦ ਹੈ ਸਰ, ਅਫ਼ਰੀਦੀ ਛੱਕਾ ਬਣਾਉਣ ਦਾ ਆਗਾਜ਼ ਵੀ ਨਹੀਂ ਕਰ ਪਾਏਗਾ; ਕਿਉਂਕਿ ਜਿਵੇਂ ਨਜ਼ਰ ਆ ਰਿਹਾ ਹੈ ਸਾਡੀ ਗੇਂਦਬਾਜ਼ੀ ਵਾਲੀ ਕਤਾਰ ਬਹੁਤੀ ਮਜ਼ਬੂਤ ਨਹੀਂ ਹੈ,'ਮੈਂ ਆਪਣੇ ਦੋ ਟੋਟਕੇ ਸਾਂਝੇ ਕੀਤੇ। ਰੈਗਰ ਨੇ ਰਾਜਸਥਾਨੀ ਚਿਵੜਾ ਅਤੇ ਚਾਹ ਪਰੋਸੀ ਅਤੇ ਗੁਜਰਾਤ ਆਈ ਬੀ ਦੇ ਮੁਖੀ ਦੇ ਕਾਰਜਕਾਲ ਦੀਆਂ ਯਾਦਾਂ ਸਾਂਝੀਆਂ ਕਰਨੀਆ ਸ਼ੁਰੂ ਕਰ ਦਿੱਤੀਆਂ। ਉਹ ਸੋਹਰਾਬੂਦੀਨ ਦੇ ਫਰਜ਼ੀ ਮੁਕਾਬਲੇ ਵਾਲੇ ਮਾਮਲਿਆਂ ਵਿਚ ਸੀ ਬੀ ਆਈ ਅੱਗੇ ਪੇਸ਼ ਹੋਇਆ ਸੀ ਅਤੇ ਅਖ਼ਬਾਰੀ ਰਿਪੋਰਟਾਂ ਅਨੁਸਾਰ ਓਦੋਂ ਭਾਰੀ ਦਬਾਓ ਹੇਠ ਸੀ।

ਇਕ ਇਕਲੌਤੀ ਮੁਲਾਕਾਤ ਸੀ। ਮੈਨੂੰ ਬਹੁਤ ਜ਼ਿਆਦਾ ਤੌਖਲੇ ਸਨ ਕਿਉਂਕਿ ਮੈਨੂੰ ਕੋਈ ਇਲਮ ਨਹੀਂ ਸੀ ਕਿ ਰੈਗਰ ਕਿੱਧਰ ਖੜ੍ਹਾ ਸੀ ਅਤੇ ਉਸ ਤੋਂ ਕਿੰਨਾ ਕੁ ਸੱਚ ਕੱਢਵਾਇਆ ਜਾ ਸਕਦਾ ਸੀ। ਮਾਈਕ ਵਾਪਸ ਆ ਗਿਆ ਸੀ, ਅਤੇ ਅਸੀਂ ਅਜੇ ਨਹਿਰੂ ਫਾਊਂਡੇਸ਼ਨ ਵਿਖੇ ਦੁਬਾਰਾ ਜਾਣਾ ਸੀ। ਅਸੀਂ ਰੈਗਰ ਨੂੰ ਉਸਦੇ ਦਫ਼ਤਰ ਵਿਖੇ ਮਿਲੇ ਜਿੱਥੇ ਉਸਨੂੰ ਸੇਵਾ ਮੁਕਤੀ ਤੋਂ ਬਾਅਦ ਨਕਲੀ ਸ਼ਰਾਬ ਦੇ ਮਾਮਲਿਆਂ ਦੀ ਦੇਖ ਰੇਖ ਦੇ ਅਹੁਦੇ ਉਪਰ ਤਾਇਨਾਤ ਕੀਤਾ ਗਿਆ ਸੀ। 2002 ਦੀ ਗੁਜਰਾਤ ਹਿੰਸਾ ਦੌਰਾਨ ਇੰਟੈਲੀਜੈਂਸ ਦੇ ਏ ਡੀ ਜੀ ਪੀ ਰਹੇ ਆਰ ਬੀ ਸ੍ਰੀਕੁਮਾਰ ਨੇ ਹਿੰਸਾ ਤੋਂ ਬਾਅਦ ਦਿੱਤੀ ਇਕ ਇੰਟਰਵਿਊ ਵਿਚ ਕਿਹਾ ਸੀ:

ਬਹੁਤ ਸਾਰੇ ਅਧਿਕਾਰੀ ਆਪਣੇ ਉਪਰਲਿਆਂ ਨੂੰ ਖੁਸ਼ ਰੱਖਣ ਲਈ ਡੱਕਾ ਦੂਹਰਾ ਨਹੀਂ ਕਰਦੇ। ਇੱਥੋਂ ਤਕ ਕਿ ਮੇਰੇ ਤੋਂ ਪਹਿਲਾਂ ਇਸ ਅਹੁਦੇ ਉਪਰ ਤਾਇਨਾਤ ਅਧਿਕਾਰੀ ਜੀ ਸੀ ਰੈਗਰ ਵੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਗਿਆ। ਬਾਅਦ ਵਿਚ, ਤਰੱਕੀ ਨਾਲ ਸਨਮਾਨਿਆ ਗਿਆ ਹਾਲਾਂਕਿ ਉਹ ਮੇਰਾ ਜੂਨੀਅਰ ਸੀ। ਉਸ ਨੂੰ ਤਾਂ ਸੇਵਾ ਮੁਕਤੀ ਤੋਂ ਬਾਅਦ ਇਕ ਅਹੁਦਾ ਵੀ ਦਿੱਤਾ ਗਿਆ ਹੈ, ਨਕਲੀ ਸ਼ਰਾਬ ਕਮਿਸ਼ਨ ਦੇ ਮੈਂਬਰ ਦਾ ਅਹੁਦਾ ਜੋ ਹਾਈਕੋਰਟ ਦੇ ਜੱਜ ਦੇ ਮਤਹਿਤ ਆਉਂਦਾ ਹੈ।

ਰੈਗਰ, ਜਿਸਦਾ ਨਾਂ ਭੱਟ ਨੇ ਸੁਪਰੀਮ ਕੋਰਟ ਵਿਚ ਦਿੱਤੇ ਆਪਣੇ ਹਲਫ਼ਨਾਮੇ ਵਿਚ ਲਿਆ ਸੀ, ਨੇ ਇਸ ਦੀ ਤਸਦੀਕ ਕਰਨ ਤੋਂ ਜਾਂ ਇਸ ਤੋਂ ਇਨਕਾਰ ਕਰਨ ਤੋਂ ਨਾਂਹ ਕਰ ਦਿੱਤੀ ਕਿ ਕੀ ਭੱਟ 27 ਫਰਵਰੀ 2002 ਨੂੰ ਮੁੱਖ ਮੰਤਰੀ ਵੱਲੋਂ ਸੱਦੀ ਮੀਟਿੰਗ ਵਿਚ ਸ਼ਾਮਲ ਸੀ। ਮੈਂ ਕੁਝ ਨਹੀਂ ਕਹਿ ਸਕਦਾ, ਮੈਂ ਉਸ ਦਿਨ ਛੁੱਟੀ 'ਤੇ ਸੀ, 'ਉਸ ਨੇ ਇਕ ਸਥਾਨਕ ਅਖ਼ਬਾਰ ਨੂੰ ਦਸਿਆ ਸੀ।

ਤੱਤਕਾਲੀ ਡੀ ਜੀ ਪੀ, ਜਿਸ ਬਾਰੇ ਭੱਟ ਨੇ ਆਪਣੇ ਹਲਫ਼ਨਾਮੇ ਵਿਚ ਕਿਹਾ ਸੀ ਕਿ ਉਸਨੇ ਉਸਨੂੰ ਮੀਟਿੰਗ ਵਿਚ ਜਾਣ ਅਤੇ ਸਹਾਇਤਾ ਕਰਨ ਲਈ ਕਿਹਾ ਨੇ 2002 ਦੀ ਹਿੰਸਾ ਦੀ ਜਾਂਚ ਬਾਰੇ ਮੀਡੀਆ ਨਾਲ ਗੱਲ ਕਰਨ ਤੋਂ ਨਾਂਹ ਕਰ ਦਿਤੀ ਸੀ ਅਤੇ ਉਸ ਵੱਲੋਂ ਕੋਈ ਸੁਰਾਗ ਨਹੀਂ ਮਿਲ ਰਿਹਾ ਸੀ।

ਰੈਗਰ ਮੁੰਬਈ ਹਿੰਸਾ ਅਤੇ ਇਸ ਤੋਂ ਪਿੱਛੋਂ ਜੋ ਮੁਕਾਬਲੇ ਬਣਾਏ ਗਏ ਦੋਹਾਂ ਵਿਚ ਸ਼ਾਮਲ ਅਹਿਮ ਹਸਤੀਆਂ ਵਿਚੋਂ ਇਕ ਸੀ, ਗੁਜਰਾਤ ਅੰਦਰ ਮੁਜਰਮਾਨਾ ਸਾਜ਼ਿਸ਼ ਦੀਆਂ ਦੋ ਬਦਕਿਸਮਤ ਅਤੇ ਉੱਘੜਵੀਂਆਂ ਮਿਸਾਲਾਂ। ਵੀ ਐੱਲ ਸੋਲੰਕੀ ਜੋ ਸੋਹਰਾਬੂਦੀਨ ਮੁਕਾਬਲੇ ਦੀ ਜਾਂਚ ਦੌਰਾਨ ਪੁਲਿਸ ਅਫ਼ਸਰਾਂ ਵਿਚੋਂ ਇਕ ਸੀ ਨੇ ਸੀ ਬੀ ਆਈ ਨੂੰ ਲਿਖਤੀ ਬਿਆਨ ਦਿੱਤਾ ਸੀ ਜੋ ਬਾਅਦ ਵਿਚ ਚਾਰਜਸ਼ੀਟ ਵਿਚ ਸ਼ਾਮਲ ਕੀਤਾ ਗਿਆ। ਬਿਆਨ ਵਿਚ ਕਿਹਾ ਗਿਆ:




ਭਾਗ ਛੇਵਾਂ

ਨਵੰਬਰ 2006 ਦੇ ਪਹਿਲੇ ਹਫ਼ਤੇ, ਉਸ (ਗੀਤਾ ਜੌਹਰੀ, ਆਈ ਜੀ) ਨੇ ਮੈਨੂੰ ਆਪਣੇ ਚੈਂਬਰ ਵਿਚ ਮਿਲਣ ਦਾ ਨਿਰਦੇਸ਼ ਦਿੱਤਾ। ਇਸ ਮੁਤਾਬਿਕ ਮੈਂ ਗਾਂਧੀ ਨਗਰ ਚਲਾ ਗਿਆ। ਸ਼ੁਰੂ ਵਿਚ ਉਸ ਨੇ ਮੇਰੇ ਨਾਲ ਜਾਂਚ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ। ਥੋੜ੍ਹੇ ਚਿਰ ਬਾਅਦ, ਮਿਸ ਗੀਤਾ ਜੌਹਰੀ ਨੇ ਮੈਨੂੰ ਦਸਿਆ ਸੀ ਕਿ ਉਸ ਦਿਨ ਇਕ ਭਿਆਨਕ ਘਟਨਾ ਵਾਪਰੀ ਸੀ, ਕਿ ਸੂਬਾਈ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਧੀਕ ਡੀ ਜੀ ਪੀ ਸ੍ਰੀ ਜੀ ਸੀ ਰੈਗਰ ਅਤੇ ਡੀ ਜੀ ਪੀ ਸ੍ਰੀ ਪੀ ਸੀ ਪਾਂਡੇ ਸਮੇਤ ਉਸਨੂੰ ਆਪਣੇ ਦਫ਼ਤਰ ਵਿਖੇ ਸਦਿਆ ਸੀ ਅਤੇ ਜਾਂਚ ਦੀ ਪ੍ਰਗਤੀ ਬਾਰੇ ਉਨ੍ਹਾਂ ਨਾਲ ਚਰਚਾ ਕੀਤੀ ਸੀ।

ਉਸਨੇ ਮੈਨੂੰ ਦਸਿਆ ਸੀ ਕਿ ਸੂਬਾਈ ਗ੍ਰਹਿ ਮੰਤਰੀ ਦਾ ਮਿਜ਼ਾਜ ਬਹੁਤ ਵਿਗੜਿਆ ਹੋਇਆ ਸੀ ਅਤੇ ਉਸਨੇ ਉਸਤੋਂ ਮੇਰੇ ਬਾਰੇ ਪੁੱਛਗਿੱਛ ਕੀਤੀ ਸੀ ਕਿ ਮੇਰੇ ਵਰਗਾ ਪੁਲਿਸ ਇੰਸਪੈਕਟਰ ਐਸੀਆਂ ਰਿਪੋਰਟਾਂ ਲਿਖਣ ਦੀ ਹਿੰਮਤ ਕਿਵੇਂ ਕਰ ਸਕਦਾ ਸੀ ਜੋ ਸ੍ਰੀ ਡੀ ਜੀ ਵਨਜਾਰਾ ਅਤੇ ਰਾਜਕੁਮਾਰ ਪਾਂਡਿਅਨ ਵਰਗੇ ਸੀਨੀਅਰ ਅਫ਼ਸਰਾਂ ਨੂੰ ਮੁਸ਼ਕਲ ਵਿਚ ਪਾ ਦੇਣ, ਜੋ ਸੋਹਰਾਬੂਦੀਨ ਦੇ ਮੁਕਾਬਲੇ ਲਈ ਜ਼ਿੰਮੇਵਾਰ ਸਨ।

ਮੀਟਿੰਗ ਦੀ ਤਫ਼ਸੀਲ ਦਿੰਦਿਆਂ ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਦਸਿਆ ਸੀ ਕਿ ਦਸੰਬਰ 2006 'ਚ ਅਮਿਤ ਸ਼ਾਹ ਵੱਲੋਂ ਗੁਜਰਾਤ ਦੇ ਡੀ ਜੀ ਪੀ ਪੀ ਸੀ ਪਾਂਡੇ, ਏ ਡੀ ਜੀ ਪੀ ਸੀ ਆਈ ਡੀ ਜੀ ਸੀ ਰੈਗਰ ਅਤੇ ਆਈ ਜੀ ਪੀ, ਸੀ ਆਈ ਡੀ ਗੀਤਾ ਜੌਹਰੀ ਜੋ ਓਦੋਂ ਮਾਮਲੇ ਦੀ ਮੁਖੀ ਜਾਂਚ ਅਧਿਕਾਰੀ ਸੀ– ਨਾਲ ਜੋ ਮੀਟਿੰਗ ਕੀਤੀ ਗਈ ਸੀ ਉਸ ਵਿਚ ਉਸਨੇ ਕਥਿਤ ਤੌਰ 'ਤੇ ਮੰਗ ਕੀਤੀ ਸੀ ਕਿ ਜੌਹਰੀ ਦੇ ਡਿਪਟੀ ਸੋਲੰਕੀ ਵੱਲੋਂ ਜੋ ਅਫ਼ਸਰਾਂ ਨੂੰ ਫਸਾਉਣ ਵਾਲੀਆਂ ਜਾਂਚ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਬਦਲਿਆ ਜਾਵੇ। ਸੋਲੰਕੀ ਨੇ ਸਹਿਯੋਗ ਕਰਨ ਤੋਂ ਨਾਂਹ ਕਰ ਦਿੱਤੀ। ਇਸ ਦੀ ਬਜਾਏ, ਉਸਨੇ ਪ੍ਰਜਾਪਤੀ ਨਾਲ ਗੱਲਬਾਤ ਕਰਨ ਦਾ ਯਤਨ ਕੀਤਾ ਜੋ ਸੋਹਰਾਬੂਦੀਨ ਅਤੇ ਕੌਸਰ ਬੀ ਦੇ ਅਗਵਾ ਦਾ ਗਵਾਹ ਸੀ। ਨਵੰਬਰ 2006 'ਚ ਪ੍ਰਜਾਪਤੀ ਖੁੱਲ੍ਹੀ ਅਦਾਲਤ ਵਿਚ ਚੀਕਿਆ ਸੀ ਕਿ ਪੁਲਿਸ ਨੇ ਉਸਨੂੰ ਮਾਰ ਦੇਣਾ ਹੈ ਕਿਉਂਕਿ ਉਸ ਕੋਲ ਮਾਮਲੇ ਦਾ ਕਾਫ਼ੀ ਭੇਤ ਸੀ। ਜਦੋਂ ਸੋਲੰਕੀ ਨਾਲ ਉਸਦੀ ਗੱਲਬਾਤ ਹੋਣ ਜਾ ਰਹੀ ਸੀ, ਉਸ ਤੋਂ ਥੋੜ੍ਹਾ ਪਹਿਲਾਂ ਹੀ ਉਸਦਾ 'ਮੁਕਾਬਲਾ' ਬਣਾ ਦਿੱਤਾ ਗਿਆ।

18 ਮਹੀਨੇ ਤੋਂ ਵੱਧ ਸਮੇਂ ਤੱਕ ਚੱਲਣ ਵਾਲੀ ਜਾਂਚ ਤੋਂ ਬਾਅਦ ਸੀ ਬੀ ਆਈ ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਵਿਚ ਸ਼ਾਹ ਅਤੇ 19 ਹੋਰ ਬੰਦਿਆਂ ਦੇ ਨਾਂ ਸ਼ਾਮਲ ਕਰ ਲਏ ਗਏ ਜਿਨ੍ਹਾਂ ਵਿਚ ਆਹਲਾ ਪੁਲਿਸ ਅਧਿਕਾਰੀ ਪਾਂਡੇ, ਜੌਹਰੀ, ਓ ਪੀ ਮਾਥੁਰ, ਰਾਜਕੁਮਾਰ ਪਾਂਡਿਆਨ, ਡੀ ਵਨਜਾਰਾ ਅਤੇ ਆਰ ਕੇ ਪਟੇਲ ਸ਼ਾਮਲ ਸਨ। ਉਨ੍ਹਾਂ ਉਪਰ ਗੁੰਡੇ ਸੋਹਰਾਬੂਦੀਨ ਨੂੰ ਇਕ ਫਰਜ਼ੀ ਮੁਕਾਬਲੇ ਵਿਚ ਮਾਰਨ ਦੇ ਗਵਾਹ ਪ੍ਰਜਾਪਤੀ ਦਾ ਸਫ਼ਾਇਆ ਕਰਨ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ ਸੀ। ਗੁਜਰਾਤ ਕਾਡਰ ਦੇ ਨੌਂ ਆਈ ਪੀ ਐੱਸ ਅਧਿਕਾਰੀ ਗਵਾਹਾਂ ਵਜੋਂ ਸਾਹਮਣੇ ਆਏ ਜੀ ਸੀ ਰੈਗਰ (ਜੋ ਓਦੋਂ ਏ ਡੀ ਜੀ ਪੀ, ਸੀ ਆਈ ਡੀ ਕ੍ਰਾਈਮ ਸੀ), ਰਜਨੀਸ਼ ਰਾਏ, ਆਈ ਐੱਮ ਦੇਸਾਈ (ਜੋ ਓਦੋਂ ਸੀ ਆਈ ਡੀ ਕ੍ਰਾਈਮ ਵਿਚ ਸੀ ਅਤੇ ਮਾਮਲੇ ਦੀ ਨਜ਼ਰਸਾਨੀ ਕਰ ਰਿਹਾ ਸੀ), ਪੀ ਪੀ ਪਾਂਡੇ (ਏ ਡੀ ਜੀ ਪੀ, ਸੀ ਆਈ ਡੀ ਕ੍ਰਾਈਮ), ਵੀ ਵੀ ਰਾਬੜੀ (ਸੀ ਆਈ ਡੀ ਕ੍ਰਾਈਮ ਦਾ ਸਾਬਕਾ ਮੁਖੀ), ਏ ਕੇ ਸ਼ਰਮਾ (ਡੀ ਆਈ ਜੀ ਕ੍ਰਾਈਮ ਬਰਾਂਚ ਅਹਿਮਦਾਬਾਦ) ਅਤੇ ਮਾਯੁਰ ਚਾਵੜਾ (ਡੀ ਐੱਸ ਪੀ, ਮੁੱਖ ਮੰਤਰੀ ਸਕਿਊਰਿਟੀ)।

ਸੀ ਬੀ ਆਈ ਅਫ਼ਸਰਾਂ ਨੇ ਕਿਹਾ ਕਿ ਰੈਗਰ ਅਤੇ ਰਾਏ ਪ੍ਰਮੁੱਖ ਗਵਾਹ ਸਨ।

ਚਾਰਜਸ਼ੀਟ ਵਿਚ ਕਿਹਾ ਗਿਆ ਕਿ ਦਸੰਬਰ 2006 ਦੇ ਅੱਧ 'ਚ ਅਮਿਤ ਸ਼ਾਹ (ਜੋ ਓਦੋਂ ਸੂਬੇ ਦਾ ਗ੍ਰਹਿ ਮੰਤਰੀ ਸੀ) ਨੇ ਆਪਣੇ ਦਫ਼ਤਰ ਵਿਚ ਮੀਟਿੰਗ ਸੱਦੀ ਜਿਸ ਵਿਚ ਪਾਂਡੇ, ਜੌਹਰੀ ਅਤੇ ਰੈਗਰ ਸ਼ਾਮਲ ਹੋਏ। ਸ਼ਾਹ ਨੇ ਸ਼ੇਖ ਮਾਮਲੇ ਦੀ ਜਾਂਚ ਬਾਰੇ ਨਾਖੁਸ਼ੀ ਜ਼ਾਹਿਰ ਕੀਤੀ ਅਤੇ ਜੌਹਰੀ ਨੂੰ ਖ਼ਾਸ ਦਸਤਾਵੇਜ਼ ਨਸ਼ਟ ਕਰਨ ਲਈ ਕਿਹਾ।

'ਰੈਗਰ ਨੇ ਗੁਜ਼ਾਰਿਸ਼ ਕੀਤੀ ਕਿ ਉਸ ਨੂੰ ਇਸ ਵਿਚੋਂ ਬਾਹਰ ਰੱਖਿਆ ਜਾਵੇ, ਪਰ ਪਾਂਡੇ ਅਤੇ ਜੌਹਰੀ ਇਨ੍ਹਾਂ ਸਾਜ਼ਿਸ਼ੀ ਹਦਾਇਤਾਂ ਵਿਚ ਆਪਣੀ ਇੱਛਾ ਨਾਲ ਭਾਈਵਾਲ ਸਨ, ਸੀ ਬੀ ਆਈ ਨੇ ਕਿਹਾ।

ਰੈਗਰ ਨੇ ਸੀ ਬੀ ਆਈ ਨੂੰ ਦਸਿਆ ਕਿ ਜਦੋਂ ਉਹ ਸੋਹਰਾਬੂਦੀਨ ਦੇ ਫਰਜ਼ੀ ਮੁਕਾਬਲੇ ਨੂੰ ਨਜਿੱਠ ਰਿਹਾ ਸੀ ਤਾਂ ਉਸ ਉਪਰ ਤੱਤਕਾਲੀ ਜੂਨੀਅਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਲਗਾਤਾਰ ਦਬਾਓ ਪੈ ਰਿਹਾ ਸੀ। ਉਹ ਮੇਰੇ ਵਲੋਂ ਕੀਤੇ ਕੰਮ ਤੋਂ ਨਾਖੁਸ਼ ਸੀ। ਉਹ ਮੇਰੇ ਤੋਂ ਗੈਕੰਮ ਕਰਵਾਉਣਾ ਚਾਹੁੰਦਾ ਸੀ, ਪਰ ਇਸਦਾ ਮੇਰੇ ਉਪਰ ਬਹੁਤ ਦਬਾਓ ਰਿਹਾ। ਲਿਹਾਜ਼ਾ, ਮੈਂ ਤਬਾਦਲਾ ਕਰਾਉਣਾ ਚਾਹਿਆ। ਉਸੇ ਦਿਨ, ਗ੍ਰਹਿ ਮੰਤਰੀ ਨੇ ਮੇਰਾ ਤਬਾਦਲਾ ਕਰਾਈ ਵਿਖੇ ਕਰਨ ਦੇ ਹੁਕਮ ਦੇ ਦਿੱਤੇ।

ਇਕ ਹੋਰ ਅਫ਼ਸਰ ਨੂੰ ਉਸਦੀ ਥਾਂ ਇਸ ਕੰਮ ਦਾ ਚਾਰਜ ਦਿੱਤਾ ਗਿਆ। ਮੈਂ ਸ਼ਾਹ ਤੋਂ ਤਬਾਦਲੇ ਲਈ ਕੁਝ ਦਿਨਾਂ ਦੀ ਮੋਹਲਤ ਮੰਗੀ, ਪਰ ਉਸਨੇ ਮੇਰਾ ਉਸੇ ਦਿਨ ਤਬਾਦਲਾ ਕਰ ਦਿੱਤਾ, ਰੈਗਰ ਨੇ ਕਿਹਾ।

ਉਸਨੇ ਇਹ ਵੀ ਕਿਹਾ ਕਿ ਤੱਤਕਾਲੀ ਪੁਲਿਸ ਇੰਸਪੈਕਟਰ ਵੀ ਐੱਲ ਸੋਲੰਕੀ, ਜੋ ਮਾਮਲੇ ਦੀ ਜਾਂਚ ਕਰ ਰਿਹਾ ਸੀ, ਨੇ ਮਾਮਲੇ ਸਬੰਧੀ ਉਦੈਪੁਰ ਜਾਣ ਲਈ ਉਸਦੀ ਇਜਾਜ਼ਤ ਕਦੇ ਨਹੀਂ ਲਈ। ਫਿਰ ਏ ਡੀ ਜੀ ਪੀ ਓ ਪੀ ਮਾਥੁਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਜਦੋਂ ਜੌਹਰੀ ਨੂੰ ਇਸ ਨੂੰ ਲੈ ਕੇ ਸੱਹੋਇਆ ਕਿ ਪਧੇਰੀਆ ਇਕ ਗਵਾਹ ਨਾਥੂਭਾ ਜਡੇਜਾ ਨੰ ਮੁਕਰਾਉਣ ਲਈ ਜ਼ਿੰਮੇਵਾਰ ਸੀ ਤਾਂ ਡੀ ਐੱਸ ਪੀ ਪਧੇਰੀਆ ਅਤੇ ਆਈ ਜੀ ਪੁਲਿਸ ਗੀਤਾ ਜੌਹਰੀ ਦਰਮਿਆਨ ਇਸ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਸਨ। ਪੂਰਾ ਪ੍ਰਸੰਗ ਪ੍ਰਮੁੱਖ ਸਕੱਤਰ ਦੇ ਧਿਆਨ ਵਿਚ ਲਿਆਂਦਾ ਗਿਆ, ਜਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਖੁਦ ਹੀ ਹੱਲ ਕਰਨਾ ਚਾਹੀਦਾ ਹੈ। ਬਾਅਦ ਵਿਚ ਇਹ ਗੱਲ ਕਰ ਲਿਆ ਗਿਆ। ਜਦਕਿ ਜੌਹਰੀ ਨੇ ਉਸਨੂੰ ਭਰੋਸੇ ਵਿਚ ਨਹੀਂ ਲਿਆ, ਉਸਨੇ ਸੀ ਬੀ ਆਈ ਨੂੰ ਦਸਿਆ।

ਇਨ੍ਹਾਂ ਬਿਆਨਾਂ ਦੇ ਵੇਰਵੇ ਉਸ ਤੋਂ ਬਾਅਦ ਸਾਹਮਣੇ ਆਏ ਜਦੋਂ ਮਾਰਚ 2011 'ਚ ਮੈਂ ਆਪਣਾ ਸਟਿੰਗ ਓਪਰੇਸ਼ਨ ਕਰਕੇ ਗੁਜਰਾਤ ਤੋਂ ਆ ਗਈ ਸੀ।

ਦਸੰਬਰ ਵਿਚ ਜਦੋਂ ਮੈਂ ਅਤੇ ਮਾਈਕ ਸ੍ਰੀ ਰੈਗਰ ਨੂੰ ਉਸਦੇ ਦਫ਼ਤਰ ਵਿਚ ਮਿਲੇ, ਸੀ ਬੀ ਆਈ ਵੱਲੋਂ ਉਸਨੂੰ ਪੁੱਛਗਿੱਛ ਲਈ ਅਜੇ ਵੀ ਸਦਿਆ ਜਾ ਰਿਹਾ ਸੀ। ਮੈਂ ਮਾਈਕ ਨੂੰ ਹਾਲਤ ਦੀ ਨਜ਼ਾਕਤ ਸਮਝਾ ਦਿੱਤੀ ਅਤੇ ਇਹ ਵੀ ਕਿ ਹੋ ਸਕਦਾ ਹੈ ਕਿ ਉਸਤੋਂ ਕੋਈ ਵੀ ਭੇਤ ਲੈਣ ਵਿਚ ਸਾਨੂੰ ਕਾਮਯਾਬੀ ਨਾ ਮਿਲੇ। "ਮਾਈਕ ਆਪਾਂ ਅੱਜ ਉਸਨੂੰ ਸਿਆਸਤ ਬਾਰੇ ਕੋਈ ਸਵਾਲ ਨਾ ਕਰੀਏ, ਆਪਾਂ ਬਦੇਸ਼ੀਆਂ ਵਾਲਾ ਇਹ ਦਿਖਾਵਾ ਕਰੀਏ ਕਿ ਸਾਨੂੰ ਇਨ੍ਹਾਂ ਗੱਲਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ।"

ਰੈਗਰ ਮਾਈਕ ਨਾਲ ਬਹੁਤ ਅਪਣੱਤ ਨਾਲ ਪੇਸ਼ ਆਇਆ, ਉਸਨੂੰ ਗੁਜਰਾਤ ਦੇ ਅਨੁਭਵ ਬਾਰੇ ਸਵਾਲ ਪੁੱਛਦਾ ਰਿਹਾ। ਮਾਈਕ ਨੇ ਉਸਨੂੰ ਅਮਦਾਬਾਦ ਨੀ ਗੁਫ਼ਾ, ਪਲਦੀ ਅਤੇ ਸਰਖੇਜ ਰੋਜ਼ਾ ਵਿਖੇ ਕੀਤੀ ਸ਼ੂਟਿੰਗ ਬਾਰੇ ਦਸਿਆ। ਮੈਂ ਇਹ ਨਿਸ਼ਚੇ ਨਾਲ ਨਹੀਂ ਕਹਿ ਸਕਦੀ ਸੀ ਕਿ ਸਿਰਫ਼ ਗੁਜਰਾਤੀਆਂ ਨੂੰ ਹੀ ਬਦੇਸ਼ੀ ਜਾਂ ਅਮਰੀਕਨ ਚੀਜ਼ਾਂ ਨਾਲ ਐਨਾ ਮੋਹ ਸੀ, ਜਾਂ ਜੋ ਗੱਲਬਾਤ ਵਿਚ ਜਿੰਨਾ ਵਿਸ਼ਵਾਸ ਅਸੀਂ ਦੋਵੇਂ ਦਿਖਾ ਰਹੇ ਸੀ ਉਸਦੇ ਕਰਕੇ ਇਹ ਅਫ਼ਸਰ ਸਾਡੀ ਕਹਾਣੀ ਉਪਰ ਫਟਾਫਟ ਯਕੀਨ ਕਰੀ ਜਾ ਰਹੇ ਸਨ।

ਮੈਨੂੰ ਬਾਲੀਵੁੱਡ ਦੇ ਗੁਜਰਾਤੀ ਫਿਲਮਸਾਜ਼ ਰਾਹੁਲ ਢੋਲਕੀਆ ਨਾਲ ਗੱਲਬਾਤ ਚੇਤੇ ਹੈ, ਜਿਸ ਦੀ ਗੁਜਰਾਤ ਹਿੰਸਾ 'ਤੇ ਅਧਾਰਤ ਫਿਲਮ ਪਰਜ਼ਾਨੀਆ ਨੂੰ ਸੂਬੇ ਅੰਦਰ ਸਿਨੇਮਾ ਘਰਾਂ ਵਿਚ ਦਿਖਾਏ ਜਾਣ ਦੀ ਮਨਾਹੀ ਕਰ ਦਿੱਤੀ ਗਈ ਸੀ। ਜੁਹੂ, ਮੁੰਬਈ ਦੇ ਕੋਸਤਾ ਕੌਫੀ ਵਿਚ ਬੈਠ ਕੇ ਰਾਹੁਲ ਨੇ ਜਦੋਂ ਫੰਡ ਹਾਸਲ ਕਰਨ ਅਤੇ ਫਿਲਮ ਪਰਜ਼ਾਨੀਆ ਬਣਾਉਣ ਦੇ ਅਪਣੇ ਤਜ਼ਰਬੇ ਸੁਣਾਏ ਤਾਂ ਮੇਰੇ ਲਈ ਇਹ ਬਹੁਤ ਮਜ਼ੇਦਾਰ ਕਹਾਣੀ ਸੀ। ਹਿੰਦੂ ਸੱਜੇਪੱਖੀ ਵੱਲੋਂ ਵਿਰੋਧੀ ਪ੍ਰਦਰਸ਼ਨ ਕੀਤੇ ਜਾਣ ਤੱਕ ਉਸਦੇ ਪ੍ਰੋਡਿਊਸਰ ਦੇ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਫਿਲਮ ਹਿੰਸਾ ਦੌਰਾਨ ਸੂਬੇ ਅੰਦਰ ਘੱਟ ਗਿਣਤੀ ਨਾਲ ਹੋਏ ਅਨਿਆਂ ਵਿਰੁੱਧ ਸੀ। ਰਾਹੁਲ ਇਕ ਅਮਰੀਕਨ ਚੈਨਲ ਲਈ ਕੰਮ ਕਰਦਾ ਸੀ ਅਤੇ ਉਸਨੇ ਗੁਜਰਾਤ ਬਾਰੇ ਪ੍ਰਵਾਸੀ ਹਿੰਦੁਸਤਾਨੀਆਂ ਲਈ ਫਿਲਮ ਬਣਾਉਣ ਦਾ ਪੱਤਾ ਖੇਡਿਆ ਸੀ। ਜਿਨ੍ਹਾਂ ਨੂੰ ਮੈਂ ਗੁਜਰਾਤ ਵਿਚ ਮਿਲੀ ਸੀ ਉਨ੍ਹਾਂ ਬਾਰੇ ਮੇਰਾ ਬਿਰਤਾਂਤ ਵੀ ਇਸ ਨਾਲ ਮਿਲਦਾ ਜੁਲਦਾ ਸੀ। ਪ੍ਰੋਡਿਊਸਰਾਂ ਅਤੇ ਸਬੰਧਤ ਅਫ਼ਸਰਾਂ ਵੱਲੋਂ ਢੋਲਕੀਆ ਉਪਰ ਯਕੀਨ ਕਰਨ ਲਈ ਇਹ ਪ੍ਰਸੰਗ ਕਾਫ਼ੀ ਸੀ। ਇਸ ਮੌਕੇ ਜਦੋਂ ਉਸ ਨੂੰ ਆਪਣੀ ਫਿਲਮ ਲਈ ਗੁਜਰਾਤ ਹਿੰਸਾ ਦੀ ਫੁਟੇਜ ਦੀ ਲੋੜ ਪਈ, ਉਸਨੇ ਇਕ ਅਖ਼ਬਾਰ ਤੱਕ ਪਹੁੰਚ ਕੀਤੀ ਜਿਸ ਕੋਲ ਸਬੰਧਤ ਟੇਪਾਂ ਪਈਆਂ ਸਨ। ਮਾਮਲਿਆਂ ਦਾ ਮੁਖੀ ਇਸ ਗੱਲੋਂ ਪ੍ਰਭਾਵਿਤ ਸੀ ਕਿ ਉਹ ਅਮਰੀਕਾ ਤੋਂ ਹੈ। ਇਹ ਪਤਾ ਲੱਗਣ 'ਤੇ ਤਾਂ ਉਹ ਹੋਰ ਵੀ ਪ੍ਰਭਾਵਤ ਹੋਇਆ ਸੀ ਕਿ ਢੋਲਕੀਆ ਦੇ ਦਾਦਾ ਹਿੰਦੂ ਮਹਾਸਭਾ ਦੇ ਚੇਅਰਪਰਸਨ ਸਨ। ਉਸ ਨੂੰ ਹਰ ਉਸ ਚੀਜ਼ ਤੱਕ ਪਹੁੰਚਣ ਦੀ ਇਜਾਜ਼ਤ ਮਿਲ ਗਈ ਜੋ ਉਸ ਨੂੰ ਚਾਹੀਦੀ ਸੀ।

ਪਰ ਔਕੜ ਰੈਗਰ ਦੀ ਸੀ। ਪਹਿਲੀ ਮਿਲਣੀ ਵਿਚ ਉਸ ਨੂੰ ਸਾਡੇ ਨਾਲ ਗੱਲਬਾਤ ਦੀ ਬਹੁਤ ਤਾਂਘ ਸੀ, ਓਦੋਂ ਤਾਂ ਉਸਨੇ ਮੈਨੂੰ ਵਿਆਹ 'ਚ ਦੇਰੀ ਨਾ ਕਰਨ ਲਈ ਬਜ਼ੁਰਗਾਂ ਵਾਲਾ ਭਾਸ਼ਣ ਵੀ ਦਿੱਤਾ ਕਿ ਇਕ ਉਮਰ ਤੋਂ ਬਾਅਦ ਲੜਕੀ ਲਈ ਢੁਕਵਾਂ ਵਰ ਲੱਭਣਾ ਮੁਸ਼ਕਲ ਹੋ ਜਾਂਦਾ ਹੈ। ਉਹ ਰਾਜਸਥਾਨ ਦੇ ਇਕ ਪੁਰਾਣੇ ਖਿਆਲਾਂ ਵਾਲੇ ਪਰਿਵਾਰ ਵਿਚੋਂ ਸੀ ਅਤੇ ਉਹ ਅਮਿਤ ਸ਼ਾਹ ਦੇ ਗੁੱਸੇ ਦੇ ਡਰੋਂ ਉਸ ਮਾਮਲੇ ਵਿਚ ਉਸ ਦੇ ਖਿਲਾਫ਼ ਗਵਾਹੀ ਦੇਣ ਵਿਚ ਮੁਸ਼ਕਲ ਮਹਿਸੂਸ ਕਰ ਰਿਹਾ ਸੀ। ਪਰ ਫਰਜ਼ੀ ਮੁਕਾਬਲਿਆਂ ਵਿਚ ਉਸਦੇ ਕਸੂਰਵਾਰ ਹੋਣ ਬਾਰੇ ਦਿਨੋ ਦਿਨ ਵਧਦੇ ਜਾ ਰਹੇ ਸਬੂਤਾਂ ਦੇ ਮੱਦੇਨਜ਼ਰ ਉਸਨੇ ਆਖ਼ਿਰਕਾਰ ਗਵਾਹ ਬਣਨ ਦਾ ਫੈਕਰ ਲਿਆ ਸੀ। ਪਰ ਮੇਰੇ ਨਾਲ ਗੱਲਬਾਤ ਦੇ ਦੂਜੇ ਦਿਨ ਰੈਗਰ ਨੇ ਜੋ ਖੁਲਾਸਾ ਕੀਤਾ ਉਹ ਸੁੰਨ ਕਰਨ ਵਾਲਾ ਸੀ।

ਫਰਜ਼ੀ ਮੁਕਾਬਲਿਆਂ ਵਿਚ ਭੂਮਿਕਾ ਨਿਭਾਉਣ ਵਾਲੇ ਕਿਰਦਾਰਾਂ ਬਾਰੇ ਮੈਂ ਜਾਣਦੀ ਸੀ ਪਰ ਜਿਸ ਤਰੀਕੇ ਨਾਲ ਸਰਕਾਰ ਨੇ ਹਰ ਕਿਰਦਾਰ ਨੂੰ ਚਲਾਕੀ ਨਾਲ ਪ੍ਰਭਾਵਿਤ ਅਤੇ ਇਸਤੇਮਾਲ ਕੀਤਾ

ਸੀ ਉਸ ਦੀ ਥਾਹ ਪਾਉਣਾ ਸੌਖਾ ਨਹੀਂ ਸੀ। ਰੈਗਰ ਨਿਸ਼ਚਿਤ ਸੀ ਕਿਉਂਕਿ ਉਸਨੂੰ ਪਤਾ ਸੀ ਕਿ ਮੈਂ ਪੀ ਸੀ ਪਾਂਡੇ, ਅਸ਼ੋਕ ਨਰਾਇਣ, ਰਾਜਨ ਪ੍ਰਿਯਾਦਰਸ਼ੀ ਨਾਲ ਪਹਿਲਾਂ ਹੀ ਗੱਲ ਕਰ ਚੁੱਕੀ ਸੀ ਅਤੇ ਉਸ ਨੂੰ ਇਹ ਜਚਿਆ ਹੋਇਆ ਸੀ ਕਿ ਮੈਂ ਗੁਜਰਾਤ ਦੀ ਸ਼ਾਨਮੱਤੀ ਪੁਲਿਸ ਉਪਰ ਕੰਮ ਕਰ ਰਹੀ ਸੀ।

ਮੈਂ ਉਸ ਨਾਲ ਭੁਜ ਵਿਚ ਆਏ ਭੂਚਾਲ ਬਾਰੇ ਗੱਲ ਕੀਤੀ ਅਤੇ ਉਸਨੇ ਸਾਨੂੰ ਭੂਚਾਲ ਦੀ ਤੀਬਰਤਾ ਬਾਰੇ ਨੋਟਸ ਤੇ ਜਾਨੀ ਨੁਕਸਾਨ ਦੇ ਵੇਰਵੇ ਦਿੱਤੇ, ਉਸ ਦੌਰਾਨ ਗੁਜਰਾਤ ਪੁਲਿਸ ਨੂੰ ਜੋ ਮੁਸ਼ਕਲ ਕੰਮ ਕਰਨਾ ਪਿਆ ਸੀ ਉਸਦੇ ਵੇਰਵੇ। ਭੋਲੇਪਣ ਦਾ ਪੂਰਾ ਦਿਖਾਵਾ ਕਰਦੇ ਹੋਏ ਮੈਂ ਉਸਨੂੰ ਪੁੱਛਿਆ ਕਿ ਗੁਜਰਾਤ ਵਿਚ ਸੱਚੀਂ ਮੁੱਚੀਂ ਉਸ ਤਰ੍ਹਾਂ ਦੀ ਪਾਲਾਬੰਦੀ ਹੋ ਚੁੱਕੀ ਸੀ ਜੋ ਪ੍ਰਭਾਵ ਬਣਿਆ ਹੋਇਆ ਹੈ। ਉਫ਼ ਉਹ ਬੋਲਿਆ, ਤੁਹਾਨੂੰ ਅੰਦਾਜ਼ਾ ਨਹੀਂ ਹੈ ਕਿ ਇਥੇ 2002 'ਚ ਕੀ ਹੋਇਆ ਸੀ। ਜਦੋਂ ਉਸਨੇ ਹਿੰਸਾ ਬਾਰੇ ਦਸਿਆ ਤਾਂ ਮੇਰਾ ਭੋਲੇਪਣ ਦਾ ਦਿਖਾਵਾ ਉਤਸੁਕਤਾ ਵਿਚ ਬਦਲ ਗਿਆ। ਮੈਂ ਉਸ ਨੰ ਦਸਿਆ ਕਿ ਮੇਰੇ ਕੋਲ ਹੋਰ ਅਫ਼ਸਰਾਂ ਨਾਲ ਹੋਈ ਗੱਲਬਾਤ ਦੇ ਨੋਟਸ ਹਨ। ਰੈਗਰ ਇੰਟੈਲੀਜੈਂਸ ਦਾ ਮੁਖੀ ਸੀ ਜਿਸਦਾ ਭਾਵ ਸੀ ਕਿ ਗੁਜਰਾਤ ਹਿੰਸਾ ਦੌਰਾਨ ਉਸ ਕੋਲ ਅਹਿਮ ਅਹੁਦਾ ਸੀ।

ਸਵਾਲ: ਪਰ ਮੈਨੂੰ ਮੋਦੀ ਦੀ ਭੂਮਿਕਾ ਬਾਰੇ ਦੱਸੋ, ਕਿਉਂਕਿ ਹਰ ਕੋਈ ਉਸਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ?

ਜਵਾਬ: ਮੈਨੂੰ ਇਸ ਬਾਰੇ ਨਾ ਹੀ ਬੁਲਵਾਓ ਤਾਂ ਚੰਗਾ ਹੈ। ਇਸ ਵਿਚੋਂ ਅਜੇ ਮੇਰਾ ਖਹਿੜਾ ਮਸਾਂ ਛੁੱਟਿਆ ਹੈ।

ਸਵਾਲ: ਜਦੋਂ ਇਹ ਵਾਪਰ ਰਿਹਾ ਸੀ ਤੁਸੀਂ ਉੱਥੇ ਸੀ?

ਜਵਾਬ: ਮੈਂ ਉੱਥੇ ਸੀ।

ਸਵਾਲ: ਕੀ ਇਹ ਬਹੁਤ ਹੀ ਦੁਖਦੀ ਰਗ ਹੈ?

ਜਵਾਬ: ਹਾਂ, ਮੈਂ ਫ਼ਸਾਦਾਂ ਦੇ ਉਨ੍ਹਾਂ ਤਿੰਨ ਮਹੀਨਿਆਂ ਨੂੰ ਭੁੱਲ ਜਾਣਾ ਚਾਹੁੰਦਾ ਹਾਂ।

ਕੁਝ ਐਸਾ ਵਾਪਰਿਆ ਜੋ ਵਾਪਰਨਾ ਨਹੀਂ ਸੀ ਚਾਹੀਦਾ।

ਸਵਾਲ: ਸੱਚਮੱਚ? ਤੁਹਾਡੇ ਮਨ ਨੂੰ ਵੀ ਠੇਸ ਪਹੁੰਚੀ ਹੋਵੇਗੀ?

ਜਵਾਬ: ਹਾਂ, ਇਸ ਨੇ ਠੇਸ ਪਹੁੰਚਾਈ।

ਸਵਾਲ: ਅਸ਼ੋਕ ਨਰਾਇਣ ਨੇ ਵੀ ਇਹ ਕਿਹਾ ਸੀ।

ਜਵਾਬ: ਹਾਂ, ਉਹ ਵੀ ਮੁਸ਼ਕਲ ਵਿਚੋਂ ਗੁਜ਼ਰਿਆ ਸੀ। ਇਹ ਅਜੇ ਵੀ ਲੋਕਾਂ ਦੇ ਮਨਾਂ 'ਚ ਤਾਜ਼ਾ ਹੈ, ਹਰ ਥਾਂ ਇਸੇ ਤਰ੍ਹਾਂ ਹੈ। ਅਮਰੀਕਾ ਅਜੇ ਵੀ ਉਸ (ਮੋਦੀ) ਨੂੰ ਉੱਥੇ ਵੜਨ ਨਹੀਂ ਦਿੰਦਾ। ਐਨਾ ਹਰਮਨ ਪਿਆਰਾ ਹੋਣ ਦੇ ਬਾਵਜੂਦ। ਹੁਣ ਜਹੇ ਵਿੱਕੀਲੀਕਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਹੁਣ ਉਸ ਨਾਲ ਚੰਗੇ ਸਬੰਧ ਬਣਾਉਣੇ ਚਾਹੁੰਦਾ ਹੈ। ਪਰ ਬਾਅਦ ਵਿਚ ਉਸੇ ਵਿਕੀਲੀਕਸ ਨੇ ਉਸ ਬਾਰੇ ਅਸ਼ਿਸ਼ਟ ਗੱਲਾਂ ਕਹੀਆਂ। ਸੋ ਉਸ ਨੂੰ ਲੈ ਕੇ ਮੀਡੀਆ ਵਿਚ ਵਾਹਵਾ ਕੁਝ ਆ ਗਿਆ।

ਸਵਾਲ: ਪਰ ਕੀ ਇਹ ਬਹੁਤ ਹੀ ਘਿਣਾਉਣਾ ਸੀ ਜੋ ਇਸ ਮੁਲਕ ਨੇ ਦੇਖਿਆ। ਮੁੰਬਈ ਤੋਂ ਵੀ ਭੈੜਾ?

ਜਵਾਬ: ਹਾਂ, ਮੁੰਬਈ ਵਿਚ ਤਾਂ ਦੋ ਦਿਨ ਹੀ ਹੋਇਆ ਸੀ। ਇਥੇ ਮਹੀਨਿਆਂ ਬੱਧੀ ਲਗਾਤਾਰ ਚੱਲਦਾ ਰਿਹਾ।

ਸਵਾਲ: ਉਹ ਕਿਵੇਂ? ਐਨਾ ਲੰਮਾ ਵਕਤ ਕਿਉਂ ਹੋਣ ਦਿੱਤਾ ਗਿਆ?

ਜਵਾਬ: ਇਹ ਤੁਹਾਨੂੰ ਨਰਾਇਣ ਨੇ ਦਸਿਆ ਹੀ ਹੋਵੇਗਾ, ਉਹ ਓਦੋਂ ਗ੍ਰਹਿ ਸਕੱਤਰ ਸੀ?

ਸਵਾਲ: ਹਾਂ, ਉਸਨੇ ਕਿਹਾ ਉਹ ਬਹੁਤ ਪ੍ਰੇਸ਼ਾਨ ਸੀ। ਉਹ ਸਰਕਾਰ ਦੀ ਬਹੁਤ ਨੁਕਤਾਚੀਨੀ ਕਰ ਰਿਹਾ ਸੀ, ਕਿ ਸੂਬਾ ਸਰਕਾਰ ਹਰਕਤ ਵਿਚ ਨਹੀਂ ਆਈ।

ਜਵਾਬ: ਉਹ ਗ੍ਰਹਿ ਸਕੱਤਰ ਸੀ। ਉਹ ਸਰਕਾਰ ਦਾ ਸਭ ਤੋਂ ਅਹਿਮ ਅਹਿਲਕਾਰ ਸੀ। ਅਤੇ ਜੋ ਉਹ ਕਹਿ ਰਿਹਾ ਹੈ ਸੱਚ ਹੀ ਹੋਵੇਗਾ।

ਸਵਾਲ: ਪਰ ਕੀ ਤੁਹਾਡਾ ਸਾਰਿਆਂ ਦਾ ਮੋਹ ਭੰਗ ਹੋ ਗਿਐ?

ਜਵਾਬ: ਹਾਂ, ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਾਰਿਆਂ ਦਾ ਮੋਹ ਭੰਗ ਹੋਇਆ, ਸਾਰਿਆਂ ਦਾ ਮਨ ਦੁੱਖੀ ਹੋਇਆ। ਇਹ ਖੇਡ ਖੇਡਣ ਵਾਲੇ ਸਿਰਫ਼ ਸਿਆਸਤਦਾਨ ਨਹੀਂ ਸਨ, ਪੁਸਲੀਏ ਵੀ ਇਸ ਲਈ ਜ਼ਿੰਮੇਵਾਰ ਸਨ।

ਸਵਾਲ: ਕੀ ਫਿਰ ਹਿੰਸਾ ਦੌਰਾਨ ਇਹ ਸਿਆਸਤਦਾਨਾਂ ਪੁਲਿਸ ਦੇ ਗੱਠਜੋੜ ਵਰਗੀ ਚੀਜ਼ ਸੀ?

ਜਵਾਬ: ਇਕ ਹੱਦ ਤੱਕ ਇੰਝ ਹੀ ਸੀ, ਕਿਉਂਕਿ ਇਕੇਰਾਂ ਜਦੋਂ ਹਾਲਤ ਹੱਥੋਂ ਨਿਕਲ ਜਾਂਦੀ ਹੈ ਫਿਰ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ।

ਸਵਾਲ: ਪਰ ਉਸ (ਮੋਦੀ) ਨੇ ਇਸ ਦਾ ਬਹੁਤ ਲਾਹਾ ਲਿਆ। ਅੱਜ ਉਹ ਜੋ ਹੈ ਉਸ ਹਿੰਸਾ ਦੀ ਬਦੌਲਤ ਹੀ ਹੈ।

ਜਵਾਬ: ਹਾਂ, ਬਿਲਕੁਲ। ਉਹ ਸਿਰ 'ਤੇ ਖੜ੍ਹੀਆਂ ਚੋਣਾਂ ਤੋਂ ਭੈਭੀਤ ਸਨ। ਪਰ ਇਹੀ ਉਨ੍ਹਾਂ ਲਈ ਲਾਹੇਵੰਦੀਆਂ ਬਣ ਗਈਆਂ। ਉਹ ਸੋਚਦੇ ਸਨ ਕਿ ਉਨ੍ਹਾਂ ਨੇ ਉਸੇ ਦੀ ਖ਼ਾਤਰ ਹੀ ਤਾਂ ਇਹ ਕੁਝ ਕੀਤਾ ਸੀ।

ਛੇਤੀ ਹੀ ਗੱਲਬਾਤ ਨੇ ਫਰਜ਼ੀ ਮੁਕਾਬਲਿਆਂ ਵੱਲ ਮੋੜਾ ਕੱਟ ਲਿਆ। ਜਦੋਂ ਜਾਂਚ ਹੋਈ ਓਦੋਂ ਰੈਗਰ ਵਧੀਕ ਡੀ ਜੀ ਪੀ ਸੀ। ਉਸ ਸਾਲ ਮਈ ਅਤੇ ਜੂਨ ਮਹੀਨਿਆਂ ਵਿਚ ਸੀ ਬੀ ਆਈ ਉਸ ਤੋਂ ਰੋਜ਼ ਦਸ ਘੰਟੇ ਤੋਂ ਵੱਧ ਪੁੱਛਗਿੱਛ ਕਰਦੀ ਰਹੀ ਸੀ। ਫਿਰ ਵੀ ਉਹ ਕਹਾਣੀ ਬਾਰੇ ਮੈਨੂੰ ਆਪਣਾ ਪੱਖ ਦੱਸਦੇ ਹੋਏ ਖੁਸ਼ ਸੀ।

ਸਵਾਲ: ਇਥੇ ਮੁਕਾਬਲਿਆਂ ਦਾ ਕੀ ਮਾਜਰਾ ਹੈ? ਤੁਸੀਂ ਉੱਥੇ ਮੌਜੂਦ ਸੀ

ਜਵਾਬ: ਮੈਂ ਤਾਂ ਸਿਰਫ਼ ਇਕ ਵਿਚ ਮੌਜੂਦ ਸੀ। ਇਕ ਮੁਜਰਿਮ (ਸੋਹਰਾਬੂਦੀਨ) ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਬੇਵਕੂਫ਼ੀ ਇਹ ਕੀਤੀ ਗਈ ਕਿ ਉਨ੍ਹਾਂ ਨੇ ਉਸ ਦੀ ਪਤਨੀ ਨੂੰ ਵੀ ਮਾਰ ਦਿੱਤਾ।

ਸਵਾਲ: ਕੁਝ ਮੰਤਰੀ ਵੀ ਇਸ ਵਿਚ ਸ਼ਾਮਲ ਸਨ?

ਜਵਾਬ: ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ਾਮਲ ਸੀ।

ਸਵਾਲ: ਉਸਦੇ ਮਤਹਿਤ ਕੰਮ ਕਰਨਾ ਤਾਂ ਮੁਸ਼ਕਲ ਰਿਹਾ ਹੋਵੇਗਾ?

ਜਵਾਬ: ਅਸੀਂ ਉਸ ਨਾਲ ਸਹਿਮਤ ਨਹੀਂ ਸੀ। ਅਸੀਂ ਉਸਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਨਾਂਹ ਕਰ ਦਿੱਤੀ ਜਿਸ ਕਾਰਨ ਅਸੀਂ ਮੁਕਾਬਲਿਆਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਹੋਣ ਤੋਂ ਬਚ ਗਏ।

ਸਵਾਲ: ਹਰ ਥਾਂ ਇਸੇ ਤਰ੍ਹਾਂ ਮਾੜਾ ਹਾਲ ਹੈ?

ਜਵਾਬ: ਦਸ ਸਾਲ ਪਹਿਲਾਂ ਗੁਜਰਾਤ ਇਸ ਤੋਂ ਕਿਤੇ ਬਿਹਤਰ ਸੀ।

ਸਵਾਲ: ਕੀ ਇਹ ਸਿਆਸੀ ਬਦਲਾਓ ਆਉਣ ਕਰਕੇ ਹੋਇਆ?

ਜਵਾਬ: ਇਕ ਜਮਹੂਰੀਅਤ ਵਿਚ ਜੇ ਇਕ ਵਿਅਕਤੀ ਬਹੁਤ ਵੱਡਾ ਹੋ ਜਾਂਦਾ ਹੈ ਇਹ ਘਾਤਕ ਹੋ ਸਕਦਾ ਹੈ, ਜਿਵੇਂ ਇਹ ਮੰਤਰੀ (ਅਮਿਤ ਸ਼ਾਹ) ਹੈ। ਉਹ ਤਬਾਦਲਿਆਂ, ਨਿਯੁਕਤੀਆਂ, ਤਰੱਕੀਆਂ ਨੂੰ ਕੰਟਰੋਲ ਕਰਦਾ ਹੈ। ਅਤੇ ਜੇ ਕੋਈ ਉਸਦਾ ਕੰਮ ਨਹੀਂ ਕਰਦਾ, ਉਸਦੀ ਨਿਯੁਕਤੀ ਕਿਸੇ ਹੋਰ ਪਾਸੇ ਕਰ ਦਿੱਤੀ ਜਾਂਦੀ ਹੈ ਅਤੇ ਕੋਈ ਵੀ ਨਹੀਂ ਚਾਹੁੰਦਾ ਕਿ ਉਸਦੀ ਨਿਯੁਕਤੀ ਲਾਂਭੇ ਕੀਤੀ ਜਾਵੇ। ਇਸੇ ਕਾਰਨ ਮੈਂ ਸੋਹਰਾਬੂਦੀਨ ਮਾਮਲੇ ਦੌਰਾਨ ਤਬਾਦਲਾ ਕਰਨ ਲਈ ਕਿਹਾ ਸੀ।

ਸਵਾਲ: ਤਬਾਦਲਾ ਇਸ ਲਈ ਕਿ ਉਹ ਨਹੀਂ ਸੀ ਚਾਹੁੰਦੇ ਕਿ ਤੁਸੀਂ ਜਾਂਚ ਕਰੋ?

ਜਵਾਬ: ਕਿਉਂਕਿ ਮੈਂ ਨਹੀਂ ਸੀ ਚਾਹੁੰਦਾ ਕਿ ਗ਼ਲਤ ਤਰੀਕੇ ਨਾਲ ਜਾਂਚ ਕਰਾਂ।

ਸਵਾਲ: ਅਤੇ ਉਹ ਇਹ ਚਾਹੁੰਦਾ ਸਨ ਕਿ ਤੁਸੀਂ ਗਲਤ ਤਰੀਕੇ ਨਾਲ ਜਾਂਚ ਕਰੋ?

ਜਵਾਬ: ਹਾਂ।

ਸਵਾਲ: ਕੋਈ ਬੰਦਾ ਇਹ ਸਾਰਾ ਕੁਝ ਕਿਵੇਂ ਕਰਵਾ ਲੈਂਦਾ ਹੈ? ਅਮਿਤ ਸ਼ਾਹ ਨੂੰ ਬਚਣ ਦੀ ਇਜਾਜ਼ਤ ਕਿਵੇਂ ਦਿੱਤੀ ਜਾ ਸਕਦੀ ਸੀ?

ਜਵਾਬ: ਉਸਨੇ ਆਪਣਾ ਰਸਤਾ ਲੱਭ ਲਿਆ। ਉਹ ਸੱਤਾ 'ਤੇ ਕਾਬਜ਼ ਲੋਕਾਂ ਦੇ ਨੇੜੇ ਸੀ। ਸਵਾਲ: ਕੀ ਉਹ ਮੁਖ ਮੰਤਰੀ ਦੇ ਨੇੜੇ ਸੀ?

ਜਵਾਬ: ਹਾਂ, ਉਹ ਮੁੱਖ ਮੰਤਰੀ ਦੇ ਨੇੜੇ ਸੀ। ਉਹ ਮੁੱਖ ਮੰਤਰੀ ਦੇ ਸਭ ਤੋਂ ਨਜ਼ਦੀਕੀਆਂ ਵਿਚੋਂ ਇਕ ਸੀ।

ਸਵਾਲ: ਫਿਰ ਕੀ ਮੁੱਖ ਮੰਤਰੀ ਉਸ ਨੂੰ ਗ੍ਰਿਫ਼ਤਾਰ ਹੋਣ ਤੋਂ ਬਚਾ ਨਹੀਂ ਸਕਦਾ ਸੀ?

ਜਵਾਬ: ਉਹ ਇਹ ਨਹੀਂ ਸੀ ਕਰ ਸਕਦਾ (ਉਸਦੇ ਖਿਲਾਫ਼ ਸਬੂਤ ਸਨ)।

ਸਵਾਲ: ਅੱਛਾ ਅਤੇ ਫਿਰ ਤਾਂ ਉਹ ਖੁਵੀ ਇਸ ਵਿਚ ਸ਼ਾਮਲ ਰਿਹਾ ਹੋਵੇਗਾ?

ਜਵਾਬ: ਜੇ ਉਹ ਦਖਲ ਦਿੰਦਾ ਹੈ ਤਾਂ ਉਹ ਵੀ ਫਸਦਾ ਹੈ, ਇਸ ਪੱਖੋਂ ਇਹ ਬੰਦਾ (ਸੀ ਐੱਮ) ਚਲਾਕ ਹੈ। ਉਹ ਸਭ ਕੁਝ ਜਾਣਦਾ ਸੀ ਪਰ ਉਸਨੇ ਵਿੱਥ ਬਣਾਈ ਰੱਖੀ ਇਸ ਕਰਕੇ ਉਹ ਇਸ ਵਿਚ ਨਹੀਂ ਫਸਿਆ।

ਇਥੇ ਕਾਨੂੰਨ ਹੈ, ਇਹ ਨਹੀਂ ਚਲ ਸਕਦਾ ਕਿ ਤੁਸੀਂ ਮੁਕਾਬਲੇ ਬਣਾਉਂਦੇ ਜਾਓ। ਇੱਥੋਂ ਤੱਕ ਜੇ ਤੁਸੀਂ ਇਕ ਕਾਰਨ ਦੇ ਕਰਕੇ ਵੀ ਇੰਝ ਕਰਦੇ ਹੋ, ਤੁਸੀਂ ਲੋਕਾਂ ਦਾ ਸਫ਼ਾਇਆ ਕਰਦੇ ਨਹੀਂ ਰਹਿ ਸਕਦੇ। ਅਤੇ ਇਨ੍ਹਾਂ ਮੰਤਰੀਆਂ ਲਈ ਇਹ ਬਹੁਤ ਸੌਖਾ ਹੈ। ਉਨ੍ਹਾਂ ਨੂੰ ਦਸਤਖ਼ਤ ਨਹੀਂ ਕਰਨੇ ਪੈਂਦੇ, ਉਹ ਜ਼ਬਾਨੀ ਕੰਮ ਚਲਾਉਂਦੇ ਹਨ। ਪਰ ਹੁਣ ਤਕਨਾਲੋਜੀ ਆਉਣ ਨਾਲ ਇਹ ਹੋਰ ਵੀ ਸੌਖਾ ਹੋ ਗਿਆ ਹੈ, ਉਹ ਫ਼ੋਨ ਇਸਤੇਮਾਲ ਕਰਦੇ ਹਨ, ਪਰ ਇਨ੍ਹਾਂ ਦੀ ਪੈੜ ਵੀ ਨੱਪੀ ਜਾ ਸਕਦੀ ਹੈ।

ਸਵਾਲ: ਅੱਛਾ, ਤੁਹਾਡੇ ਮਾਮਲੇ ਵਿਚ ਮੈਂ ਪੜ੍ਹ ਰਹੀ ਸੀ ਉਨ੍ਹਾਂ ਨੇ ਕਿਸੇ ਫ਼ੋਨ ਰਿਕਾਰਡ ਦੇ ਕਾਰਨ ਮੰਤਰੀ ਨੂੰ ਫੜ ਲਿਆ?

ਜਵਾਬ: ਹਾਂ।

ਸਵਾਲ: ਪਰ ਕੀ ਤੁਸੀਂ ਜੋ ਦੇਖ ਰਹੇ ਹੋ ਉਸਦੇ ਉਲਟ ਉੱਥੇ ਸੱਚੇ ਅਫ਼ਸਰ ਵੀ ਹਨ?

ਜਵਾਬ: ਹਾਂ, ਉੱਥੇ ਕਾਫ਼ੀ ਐਸੇ ਹਨ, ਪਰ ਨੁਕਸਾਨ ਪਹੁੰਚਾਉਣ ਲਈ ਤਾਂ ਕੁਝ ਕੁ ਗੰਦੀਆਂ ਮੱਛੀਆਂ ਹੀ ਕਾਫ਼ੀ ਹੁੰਦੀਆਂ ਹਨ। ਫਿਰ ਵੀ ਕੁਝ ਚੰਗੇ ਅਫ਼ਸਰ ਬਚੇ ਹੋਏ ਹਨ ਜਿਨ੍ਹਾਂ ਦੀ ਬਦੌਲਤ ਹੁਣ ਮੰਤਰੀਆਂ ਉਪਰ ਪਰਚੇ ਦਰਜ ਹੋ ਰਹੇ ਹਨ।

ਸਵਾਲ: ਅੱਛਾ, ਕਿਸੇ ਨੇ ਮੈਨੂੰ ਰਾਹੁਲ ਸ਼ਰਮਾ ਨਾਂ ਦੇ ਅਫ਼ਸਰ ਨੂੰ ਮਿਲਣ ਲਈ ਕਿਹਾ ਸੀ। ਜ਼ਾਹਰਾ ਤੌਰ 'ਤੇ ਉਹ ਸੱਚਾ ਹੈ ਅਤੇ ਇਸੇ ਕਰਕੇ ਸਰਕਾਰ ਦੀਆਂ ਨਜ਼ਰਾਂ ਵਿਚ ਚੰਗਾ ਨਹੀਂ?

ਜਵਾਬ: ਮੁਸਲਮਾਨਾਂ ਦੀਆਂ ਜ਼ਿੰਦਗੀਆਂ ਬਚਾਉਣ ਕਰਕੇ (ਸਰਕਾਰ ਵੱਲੋਂ) ਉਸਦੀ ਜਾਂਚ ਕਰਵਾਈ ਜਾ ਰਹੀ ਹੈ। ਉਸਨੇ ਇਕ ਸਕੂਲ ਵਿਚ ਮੁਸਲਿਮ ਬੱਚਿਆਂ ਦੀ ਜਾਨ ਬਚਾਈ। ਨਾ ਸਿਰਫ਼ ਉਨ੍ਹਾਂ ਨੂੰ ਬਚਾਇਆ ਸਗੋਂ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਅਤੇ ਉਹ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਰਿਹਾ ਸੀ ਇਸ ਕਰਕੇ ਉਨ੍ਹਾਂ ਨੇ ਉਸ ਨੂੰ ਉੱਥੋਂ ਬਦਲ ਦਿੱਤਾ।

ਜਵਾਬ: ਸਰਕਾਰ ਵਾਲੇ ਪਾਸਿਓਂ ਸਮੱਸਿਆ ਸੀ, ਅਤੇ ਸ਼ੁਰੂ ਵਿਚ ਉਨ੍ਹਾਂ ਨੇ ਕਦੇ ਵੀ ਮਹਿਸੂਸ ਨਹੀਂ ਕੀਤਾ ਕਿ ਹਾਲਤ ਐਨੀ ਮਾੜੀ ਹੋਵੇਗੀ। ਸ਼ੁਰੂ ਵਿਚ ਉਹ ਫ਼ਸਾਦੀਆਂ ਦੇ ਖਿਲਾਫ਼ ਤਾਕਤ ਦਾ ਇਸਤੇਮਾਲ ਨਹੀਂ ਸੀ ਕਰਨਾ ਚਾਹੁੰਦੇ। ਜਿਸ ਕਰਕੇ ਹਾਲਾਤ ਕਾਬੂ ਤੋਂ ਬਾਹਰ ਹੋ ਗਏ।

ਸਵਾਲ: ਕੀ ਇਹ ਸੱਚ ਹੈ ਕਿ ਉਹ ਉਨ੍ਹਾਂ ਹਿੰਦੂਆਂ ਪ੍ਰਤੀ ਨਰਮੀ ਵਰਤਣਾ ਚਾਹੁੰਦੇ ਸਨ (ਜੋ) ਮੁਸਲਮਾਨਾਂ ਦੇ ਖਿਲਾਫ਼ ਸਨ।

ਜਵਾਬ: ਸ਼ੁਰੂ ਵਿਚ ਇੰਝ ਹੀ ਸੀ, ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਹਾਲਤ ਐਨੀ ਵਿਗੜ ਜਾਵੇਗੀ। ਪਰ ਤੁਸੀਂ ਜੋ ਕਿਹਾ ਉਹ ਸੱਚ ਹੈ।

ਸਵਾਲ: ਪਰ ਕੀ ਤੁਹਾਡੇ ਅਫ਼ਸਰਾਂ ਨੂੰ ਹਿੰਦੂਆਂ, ਫ਼ਸਾਦੀਆਂ ਪ੍ਰਤੀ ਨਰਮੀ ਨਾਲ ਪੇਸ਼ ਆਉਣ ਲਈ ਕਿਹਾ ਗਿਆ ਸੀ?

ਜਵਾਬ: ਸਾਨੂੰ ਨਹੀਂ, ਆਮ ਤੌਰ 'ਤੇ ਨਹੀਂ, ਪਰ ਜੋ ਲੋਕ ਕੁਝ ਅਹਿਮ ਅਹੁਦਿਆਂ ਉਪਰ, ਅਹਿਮ ਥਾਵਾਂ ਉਪਰ ਅਹਿਮੀਅਤ ਰੱਖਦੇ ਸਨ, ਉਨ੍ਹਾਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ।

ਸਵਾਲ: ਸ੍ਰੀਮਾਨ ਮੋਦੀ ਤੋਂ ਪਹਿਲਾਂ ਕੇਸ਼ੂਭਾਈ ਪਟੇਲ ਨਾਂ ਦਾ ਇਕ ਮੁੱਖ ਮੰਤਰੀ ਹੁੰਦਾ ਸੀ? ਉਹ ਕਿਵੇਂ ਸੀ।

ਜਵਾਬ: ਮੋਦੀ ਦੇ ਮੁਕਾਬਲੇ, ਉਹ ਸੰਤ ਸੁਭਾਅ ਦਾ ਬੰਦਾ ਸੀ। ਤੁਲਨਾ 'ਚ ਕਹਿਣਾ ਹੋਵੇ, ਤਾਂ ਮੇਰਾ ਮਤਲਬ ਹੈ ਕਿ ਕੇਸ਼ੂਭਾਈ ਕਿਸੇ ਦਾ ਜਾਣ ਬੁੱਝ ਕੇ ਨੁਕਸਾਨ ਨਹੀਂ ਸੀ ਕਰਵਾਉਂਦ। ਧਰਮ ਚਾਹੇ ਕੋਈ ਵੀ ਹੋਵੇ। ਉਹ ਉਨ੍ਹਾਂ ਦਾ ਇਸ ਕਰਕੇ ਨੁਕਸਾਨ ਕਰਵਾ ਦੇਵੇ ਕਿਉਂਕਿ ਉਹ ਮੁਸਲਮਾਨ ਸਨ ਉਹ ਇਸਦੀ ਇਜਾਜ਼ਤ ਨਹੀਂ ਸੀ ਦਿੰਦਾ।

ਸਵਾਲ: ਪਰ ਸਰ, ਮਿਸਾਲ ਦੇ ਤੌਰ 'ਤੇ ਨਿਰਪੱਖ ਨਜ਼ਰੀਏ ਤੋਂ ਦੇਖੀਏ ਤਾਂ ਬਹੁਤ ਸਾਰੇ ਤੱਥ ਕਲਪਨਾ ਨਾਲ ਰਲਗੱਡ ਹੋਏ ਨਹੀਂ ਜਾਪਦੇ?

ਜਵਾਬ: ਤੁਸੀਂ ਜਾਣਦੇ ਹੋ ਕਿ ਇਹ ਮੁਸ਼ਕਲ ਹੈ। ਕਿਉਂਕਿ ਇਹ ਲੋਕ ਸਿੱਧੇ ਹੁਕਮ ਨਹੀਂ ਦਿੰਦੇ, ਸਾਰੇ ਹੁਕਮ ਅਦਿੱਖ ਹੁੰਦੇ ਹਨ। ਇਸ ਨੂੰ ਕਾਨੂੰਨ ਪੱਖੋਂ ਵੀ ਵਿਚਾਰਨਾ ਹੋਵੇਗਾ। ਮਸਲਨ ਜੇ ਮੁੱਖ ਸਕੱਤਰ ਕਹਿੰਦਾ ਹੈ ਕਿ ਮੈਂ ਤੁਹਾਡੇ ਹੁਕਮਾਂ ਦੀ ਪਾਲਣਾ ਨਹੀਂ ਕਰਾਂਗਾ ਅਤੇ ਮੁੱਖ ਮੰਤਰੀ ਕਹਿੰਦਾ ਹੈ ਕਿ ਤੈਨੂੰ ਕਰਨੀ ਹੀ ਪਵੇਗੀ, ਫਿਰ ਜੋ ਵਾਪਰਦਾ ਹੈ ਉਹ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਹੁੰਦੀ ਹੈ। ਜਦਕਿ ਪੁਲਿਸ ਫੋਰਸ ਵਿਚ ਇਹ ਜ਼ਿੰਮੇਵਾਰੀ ਮੇਰੀ ਹੈ।

ਸਵਾਲ: ਸ਼੍ਰੀਮਾਨ ਚਕਰਵਰਤੀ ਨੇ ਵੀ ਇਹੀ ਨੁਕਤਾ ਉਠਾਇਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਖ਼ਾਸ ਹੁਕਮ ਦਿੱਤੇ ਗਏ ਪਰ ਉਹ ਸਿੱਧੇ ਤੌਰ 'ਤੇ ਨਹੀਂ ਦਿੱਤੇ ਗਏ ਸਨ। ਅਤੇ ਇਹ ਐਸੀ ਚੀਜ਼ ਹੈ ਜਿਸ ਨੂੰ ਸਮਝਣ ਦੀ ਜ਼ਰੂਰਤ ਹੈ?

ਜਵਾਬ: ਹਾਂ, ਤਕਰੀਬਨ ਇੰਝ ਹੀ ਹੈ ਉਹ ਉਨ੍ਹਾਂ ਲੋਕਾਂ ਨੂੰ ਹੁਕਮ ਦੇਣਗੇ ਜਿਨ੍ਹਾਂ ਨੇ ਬੀਤੇ ਵਿਚ ਇਨ੍ਹਾਂ ਦੀ ਪਾਲਣਾ ਕੀਤੀ ਸੀ। ਉਹ ਜਾਣਦੇ ਹਨ ਕਿ ਕੌਣ ਉਨ੍ਹਾਂ ਦਾ ਸਾਥ ਦੇਵੇਗਾ। ਗ਼ੈਰਰਸਮੀ ਤੌਰ 'ਤੇ ਉਹ ਇੰਸਪੈਕਟਰਾਂ ਅਤੇ ਹੇਠਲੇ ਦਰਜੇ ਦੇ ਪੁਲਿਸ ਅਧਿਕਾਰੀਆਂ ਨਾਲ ਗੱਲ ਕਰਨਗੇ। ਪਰ ਸਾਰੇ ਅਫ਼ਸਰ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦੇ। ਆਹਲਾ ਪੱਧਰ 'ਤੇ ਐਸੇ ਅਫ਼ਸਰ ਹਨ ਜਿਨ੍ਹਾਂ ਵਿਚ ਅਜੇ ਵੀ ਦ੍ਰਿੜਤਾ ਹੈ। ਸਵਾਲ: ਇਸ ਕਰਕੇ ਜੇ ਮੁੱਖ ਮੰਤਰੀ ਉਨ੍ਹਾਂ ਨੂੰ ਹੁਕਮ ਦਿੰਦਾ ਹੈ ਤਾਂ ਗੱਲ ਪੁੱਠੀ ਪੈ ਜਾਂਦੀ ਹੈ?

ਜਵਾਬ: ਹਾਂ, ਜਿਸ ਤਰ੍ਹਾਂ ਦੇ ਬੰਦੇ, ਅਸ਼ੋਕ ਨਰਾਇਣ ਨੂੰ ਤੁਸੀਂ ਗਾਂਧੀਨਗਰ ਵਿਚ ਮਿਲੇ ਸੀ। ਉਹ ਕੋਈ ਹੁਕਮ ਨਹੀਂ ਮੰਨੇਗਾ। ਉਹ 'ਯੈੱਸ ਸਰ' ਨਹੀਂ ਕਹੇਗਾ।

ਸਵਾਲ: ਉਹ ਇਕ ਆਈ ਏ ਐੱਸ ਅਫ਼ਸਰ ਵੀ ਤਾਂ ਹੈ?

ਜਵਾਬ: ਹਾਂ, ਉਹ ਲਿਖਤੀ ਹੁਕਮ ਲੈਂਦੇ ਹਨ। ਇਹ ਸਾਡੇ ਤੋਂ ਉਲਟ ਹੈ।

ਸਵਾਲ: ਸਰ, ਤੁਸੀਂ ਇਕ ਮਜ਼ੇਦਾਰ ਚੀਜ਼ ਸਾਹਮਣੇ ਲਿਆਂਦੀ ਹੈ। ਮਸਲਨ, ਜਦੋਂ ਤੁਸੀਂ ਕਿਹਾ ਕਿ ਮੁਕਾਬਲਿਆਂ ਦੀ ਜਾਂਚ ਦੌਰਾਨ ਤੁਸੀਂ ਸਿਆਸੀ ਦਬਾਓ ਹੇਠ ਸੀ; ਫਿਰ ਕੀ ਤੁਸੀਂ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੇ ਸੀ ਜਿਨ੍ਹਾਂ ਨੇ ਤੁਹਾਡੇ ਉਪਰ ਦਬਾਓ ਪਾਇਆ ਸੀ? ਮਸਲਨ, ਇਹ ਗ੍ਰਹਿ ਮੰਤਰੀ?

ਜਵਾਬ: ਨਿਸ਼ਚਿਤ ਸਬੂਤ ਹੋਣੇ ਜ਼ਰੂਰੀ ਹਨ। ਸਾਡੇ ਖਿਲਾਫ਼ ਇਹੀ ਸਬੂਤ ਹੈ। ਜਦੋਂ ਉਸਨੇ ਮੈਨੂੰ ਕਰਨ ਲਈ ਕਿਹਾ ਤਾਂ ਮੈਂ ਉਸ ਸ਼ਾਹ ਨੂੰ ਕਹਿ ਦਿੱਤਾ ਸੀ ਕਿ ਮੈਂ ਖ਼ਾਸ ਤਰ੍ਹਾਂ ਦੇ ਕੰਮ ਨਹੀਂ ਕਰਾਂਗੇ। ਉੱਥੇ ਬਹੁਤ ਸਾਰੇ ਐਸੇ ਬੰਦੇ ਹਨ ਜੋ ਕਹਿਣਗੇ 'ਹਾਂ ਸਰ ਅਸੀਂ ਇਹ ਕਰਾਂਗੇ' ਕਿਉਂਕਿ ਉਨ੍ਹਾਂ ਦੇ ਹਿੱਤ ਹੋਰ ਹਨ।

ਸਵਾਲ: ਤਾਂ ਫਿਰ, ਜੇ ਤੁਸੀਂ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਦੇ ਵਿਰੁੱਧ ਖੜ੍ਹੇ ਤਾਂ ਸਟੇਟ ਸੱਚਮੁੱਚ ਤੁਹਾਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ?

ਜਵਾਬ: ਹਾਂ, ਸਿੱਧੇ ਤੌਰ 'ਤੇ ਨਹੀਂ ਜਦੋਂ ਤੱਕ ਉਹ ਅਸਿੱਧੇ ਤੌਰ 'ਤੇ ਮੈਨੂੰ ਮਰਵਾ ਨਹੀਂ ਦਿੰਦੇ। ਪਰ ਹਾਂ ਇਥੇ ਜਮਹੂਰੀਅਤ ਹੈ। ਇਸ ਕਰਕੇ ਅਸੀਂ ਬਚੇ ਰਹਿ ਸਕਦੇ ਨੇ ਹਾਂ।

ਸਵਾਲ: ਮੈਂ ਤੁਹਾਡੇ ਬਾਰੇ ਪੜ੍ਹ ਰਹੀ ਸੀ ਅਤੇ ਤੁਹਾਡੇ ਗ੍ਰਹਿ ਮੰਤਰੀ ਸ਼ਾਹ ਵਿਰੁੱਧ ਸਪਸ਼ਟ ਇਲਜ਼ਾਮ ਹੈ ਕਿ ਉਸਨੇ ਸਬੰਧਤ ਅਫ਼ਸਰਾਂ ਨੂੰ ਆਪਣੇ ਹੱਕ ਵਿਚ ਗਵਾਹੀਆਂ ਅਤੇ ਬਿਆਨ ਦੇਣ ਲਈ ਕਿਹਾ ਸੀ?

ਜਵਾਬ: ਪਰ ਉਸਨੂੰ ਕਦੇ ਵੀ ਕਾਮਯਾਬੀ ਨਹੀਂ ਮਿਲੀ। ਉਹ ਅਸਿੱਧੇ ਤੌਰ 'ਤੇ ਕਹਿੰਦਾ: ਕੌਣ ਲੋਕ ਹਨ ਜੋ ਮੇਰੇ ਖਿਲਾਫ਼ ਬੋਲ ਰਹੇ ਹਨ?

ਸਵਾਲ: ਸ਼੍ਰੀਮਤੀ ਜੌਹਰੀ ਦਾ ਕੀ ਬਣਿਆ? ਉਸਨੇ ਕਿਹਾ ਸੀ ਕਿ ਸੋਹਰਾਬੂਦੀਨ ਦਹਿਸ਼ਤਗਰਦ ਸੀ।

ਜਵਾਬ: ਦੇਖੋ, ਮਾਮਲਾ ਓਨਾ ਸੋਹਰਾਬੂਦੀਨ ਦਾ ਨਹੀਂ ਹੈ ਜਿੰਨਾ ਉਸਦੀ ਪਤਨੀ ਦਾ ਹੈ। ਜੇ ਸੋਹਰਾਬੂਦੀਨ ਸਹੀ ਜਾਂ ਕਾਨੂੰਨਨ ਮੁਕਾਬਲੇ ਵਿਚ ਮਾਰਿਆ ਗਿਆ ਹੁੰਦਾ ਇਹ ਸਮੱਸਿਆ ਨਹੀਂ ਹੋਣੀ ਸੀ। ਮਾਮਲਾ ਉਸਦੀ ਪਤਨੀ ਦਾ ਸੀ, ਉਸ ਨੂੰ ਕਿਉਂ ਮਾਰਿਆ ਗਿਆ? ਉਹ ਵੀ ਤਿੰਨ ਦਿਨ ਬਾਅਦ?

ਸਵਾਲ: ਤਾਂ ਫਿਰ ਤੁਸੀਂ ਇਸਦੀ ਜਾਂਚ ਕਰ ਰਹੇ ਸੀ?

ਜਵਾਬ: ਅਸੀਂ ਇਸ ਦੀ ਜਾਂਚ ਓਦੋਂ ਕੀਤੀ ਜਦੋਂ ਮੁਕਾਬਲਾ ਫਰਜ਼ੀ ਹੋਣ ਦੀ ਇਹ ਸਾਰੀ ਗੱਲ ਸਾਹਮਣੇ ਆ ਗਈ। ਇਸ ਲਈ ਗੀਤਾ ਨੇ ਇਸ ਦੀ ਜਾਂਚ ਕੀਤੀ, ਉਹ ਮੇਰੇ ਮਤਹਿਤ ਕੰਮ ਕਰ ਰਹੀ ਸੀ। ਜਿੰਨਾ ਵਕਤ ਮੈਂ ਉੱਥੇ ਸੀ ਉਸਨੇ ਚੰਗਾ ਕੰਮ ਕੀਤਾ ਉਸਤੋਂ ਬਾਅਦ ਤੁਸੀਂ ਜਾਣਦੇ ਹੀ ਹੋ... (ਮੁਸਕਰਾਉਂਦਾ ਹੈ)।

ਸਵਾਲ: ਇਸੇ ਕਾਰਨ ਤੁਹਾਡਾ ਤਬਾਦਲਾ ਕੀਤਾ ਗਿਆ ਸੀ?

ਜਵਾਬ: ਹਾਂ।

**ਸਵਾਲ: ਇਥੇ ਮੁਕਾਬਲਿਆਂ ਦਾ ਕੀ ਮਾਜਰਾ ਹੈ? ਤੁਸੀਂ ਉੱਥੇ ਮੌਜੂਦ ਸੀ**

**ਜਵਾਬ: ਮੈਂ ਤਾਂ ਸਿਰਫ਼ ਇਕ ਵਿਚ ਮੌਜੂਦ ਸੀ। ਇਕ ਮੁਜਰਿਮ (ਸੋਹਰਾਬੂਦੀਨ) ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਬੇਵਕੂਫ਼ੀ ਇਹ ਕੀਤੀ ਗਈ ਕਿ ਉਨ੍ਹਾਂ ਨੇ ਉਸ ਦੀ ਪਤਨੀ ਨੂੰ ਵੀ ਮਾਰ ਦਿੱਤਾ।**

**ਸਵਾਲ: ਕੁਝ ਮੰਤਰੀ ਵੀ ਇਸ ਵਿਚ ਸ਼ਾਮਲ ਸਨ?**

**ਜਵਾਬ: ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ਾਮਲ ਸੀ।**

ਸਵਾਲ: ਦਰਅਸਲ, ਮੈਂ ਪੀ ਸੀ ਪਾਂਡੇ ਨੂੰ ਵੀ ਮਿਲੀ ਸੀ।

ਜਵਾਬ: ਹਾਂ ਉਹ ਪੁਲਿਸ ਕਮਿਸ਼ਨਰ ਸੀ।

ਸਵਾਲ: ਤਾਂ ਫਿਰ ਕੀ ਤੁਸੀਂ ਫ਼ਸਾਦਾਂ ਦੌਰਾਨ ਇਕੱਠੇ ਕੰਮ ਕਰ ਰਹੇ ਸੀ?

ਜਵਾਬ: ਹਾਂ, ਅਸੀਂ ਕੀਤਾ, ਮੈਂ ਆਈ ਬੀ ਦਾ ਮੁੱਖੀ ਸੀ।

ਸਵਾਲ:ਅਤੇ ਜਿਨ੍ਹਾਂ ਬਹੁਤ ਸਾਰੇ ਅਫ਼ਸਰਾਂ ਨੂੰ ਮੈਂ ਮਿਲੀ ਉਨ੍ਹਾਂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਪਾਂਡੇ ਵਿਚ ਭਰੋਸਾ ਕਰਦਾ ਸੀ ਅਤੇ ਫ਼ਸਾਦਾਂ ਦੌਰਾਨ ਉਸ ਤੋਂ ਸਭ ਕੁਝ ਕਰਵਾ ਲਿਆ।

ਜਵਾਬ: ਤੁਸੀਂ ਹੁਣ ਫ਼ਸਾਦਾਂ ਬਾਰੇ ਸਾਰਾ ਕੁਝ ਤਾਂ ਜਾਣਦੇ ਹੋ (ਮੁਸਕਰਾਉਂਦਾ ਹੈ)।

ਰੈਗਰ ਨੇ ਸਭ ਕੁਝ ਕਹਿ ਦਿੱਤਾ ਸੀ। ਦਰਅਸਲ, ਉਸਨੇ ਕੁਝ ਵੀ ਅਣਕਿਹਾ ਨਹੀਂ ਛੱਡਿਆ ਸੀ। ਉਸਨੇ ਸਾਨੂੰ ਜੋ ਇਕ ਇਕ ਲਫ਼ਜ਼ ਕਿਹਾ, ਮੋਦੀ, ਸ਼ਾਹ ਦਾ ਇਸ ਵਿਚ ਹੱਥ ਅਤੇ ਆਹਲਾ ਪੁਲਿਸ ਅਧਿਕਾਰੀਆਂ ਦੀ ਉਨ੍ਹਾਂ ਨਾਲ ਮਿਲੀਭੁਗਤ ਸਾਨੂੰ ਘੂਰ ਰਹੀ ਸੀ। ਮੈਂ ਅੰਦਰੋ ਅੰਦਰੀ ਗੁੱਸੇ ਨਾਲ ਰਿੱਝ ਰਹੀ ਸੀ। ਮਾਈਕ ਮੇਰੇ ਗੁੱਸੇ ਨੂੰ ਮਹਿਸੂਸ ਕਰ ਸਕਦਾ ਸੀ, ਜਦੋਂ ਅਸੀਂ ਰੈਗਰ ਦੀ ਰਿਹਾਇਸ਼ ਤੋਂ ਤੁਰੇ ਤਾਂ ਉਸਨੇ ਮੇਰਾ ਹੱਥ ਘੁੱਟ ਲਿਆ। ਇਹ ਬੇਸ਼ਰਮੀ ਦੀ ਹੱਦ ਸੀ। ਰੈਗਰ ਨੇ ਗੁਜਰਾਤ ਹਿੰਸਾ ਅਤੇ ਫਰਜ਼ੀ ਮੁਕਾਬਲਿਆਂ ਵਿਚ ਰਾਜ ਦੀ ਮਿਲੀ ਭੁਗਤ ਬਾਰੇ ਸਹਿਜ ਭਾਅ ਹੀ ਬਾਕੀ ਗੱਲਬਾਤ ਦੀ ਤਸਦੀਕ ਕਰ ਦਿੱਤੀ ਸੀ।

ਕੀ ਰੈਗਰ ਨੇ ਇਹ ਸਿੱਟਾ ਨਹੀਂ ਸੀ ਕੱਢਿਆ ਕਿ ਆਈ ਪੀ ਐੱਸ ਅਫ਼ਸਰ ਰਾਹੁਲ ਸ਼ਰਮਾ ਨੂੰ ਰਾਜ ਵੱਲੋਂ ਗੁਜਰਾਤ ਦੇ ਇਕ ਮਦਰੱਸੇ ਅੰਦਰ ਮੁਸਲਿਮ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਬਚਾਉਣ ਬਦਲੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ? ਕੀ ਅਸੀਂ ਅਜੇ ਵੀ ਇਹ ਵਿਸ਼ਵਾਸ ਕਰ ਸਕਦੇ ਸੀ ਕਿ ਮੀਡੀਆ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਅਤੇ ਉਸਦੇ ਮੰਤਰੀਆਂ ਮਗਰ ਹੱਥ ਧੋਕੇ ਪਿਆ ਹੋਇਆ ਸੀ? ਇਨ੍ਹਾਂ ਟੇਪਾਂ ਉਪਰ ਰਿਕਾਰਡ ਸਬੂਤ ਇਸਦੇ ਉਲਟ ਕਹਿ ਰਹੇ ਸਨ।

ਮੇਰਾ ਸਿਰ ਫਟ ਰਿਹਾ ਸੀ। ਮੈਂ ਆਪਣੇ ਪਰਿਵਾਰ ਲਈ ਤਾਂਘ ਰਹੀ ਸੀ, ਮੈਂ ਆਪਣੇ ਲੋਕਾਂ ਦੀ ਬੁੱਕਲ ਦੇ ਨਿੱਘ ਲਈ ਤਾਂਘ ਰਹੀ ਸੀ। ਇਸ ਬਦਕਿਸਮਤ ਸੂਬੇ ਅੰਦਰ ਜੋ ਨਫ਼ਰਤ ਫੈਲਾਈ ਜਾ ਰਹੀ ਸੀ ਮੈਂ ਉਸ ਤੋਂ ਦੂਰ ਭੱਜ ਜਾਣਾ ਚਾਹੁੰਦੀ ਸੀ, ਜਿਸ ਦੇ ਪਰਦੇ ਨਿੱਤ ਕੋਈ ਨਾ ਕੋਈ ਬੰਦਾ ਮੇਰੇ ਅੱਗੇ ਫਰੋਲ ਰਿਹਾ ਸੀ। ਮੈਨੂੰ ਅਰਾਮ ਦੀ ਜ਼ਰੂਰਤ ਸੀ।

ਮੈਂ ਪਾਨੀ ਦਾ ਦਰਵਾਜ਼ਾ ਖੜਕਾਇਆ। ਉਹ ਇਕ ਸਥਾਨਕ ਦਸਤਕਾਰ ਤੋਂ ਕੁਝ ਦਸਤਕਾਰੀ ਦਾ ਸਜਾਵਟੀ ਸਮਾਨ ਖਰੀਦਕੇ ਲਿਆਈ ਸੀ ਅਤੇ ਉਸਨੂੰ ਆਪਣੀ ਕੰਧ ਉੱਪਰ ਸਜਾਉਣ ਲੱਗੀ ਹੋਈ ਸੀ। ਦਰਵਾਜ਼ਾ ਖੋਲ੍ਹਕੇ ਉਹ ਨਿੱਘੀ ਮੁਸਕਾਨ ਬਖੇਰਦੀ ਹੋਈ ਬੋਲੀ, 'ਆਜਾ, ਮੇਰੀ ਮਦਦ ਕਰੋ' ਅਤੇ ਫਿਰ ਉਹ ਦੱਸਦੀ ਰਹੀ ਕਿ ਗੁਜਰਾਤ ਕਿੰਨਾ ਖ਼ੂਬਸੂਰਤ ਹੈ। ਹਾਂ, ਮੈਂ ਬੁੜਬੁੜਾਈ। ਚੰਗਾ ਹੁੰਦਾ ਜੇ ਪਾਨੀ ਸੱਚਮੁੱਚ ਉਸ ਨਫ਼ਰਤ ਨੂੰ ਦੇਖ ਸਕਦੀ ਜੋ ਮੈਂ ਦੇਖੀ ਸੀ। ਉਸ ਗੁਜਰਾਤ ਦੀ ਬਹੁਤ ਸਾਰੀ ਨੌਜਵਾਨ ਵਸੋਂ ਦੀ ਤਰ੍ਹਾਂ ਅਠਾਰਾਂ ਕੁ ਸਾਲ ਦੀ ਸੀ। ਉਨ੍ਹਾਂ ਵਿਚ ਐਨੀ ਨਫ਼ਰਤ ਕਿਉਂ ਭਰੀ ਜਾ ਰਹੀ ਸੀ? ਕੁਝ ਚਿਰ ਲਈ ਮੇਰਾ ਮਨ ਕੋਈ ਕੰਮ ਕਰਨ ਤੋਂ ਉਚਾਟ ਹੋ ਗਿਆ ਸੀ। ਮੈਂ ਅਜੇ ਨੂੰ ਫ਼ੋਨ ਕੀਤਾ।

ਉੱਥੇ ਇਕ ਕਾਲਜ ਮੇਲਾ ਹੋ ਰਿਹਾ ਸੀ ਉਸ ਕੋਲ ਇਸਦੇ ਕੁਝ ਪਾਸ ਸਨ। ਉਸਨੇ ਮੈਨੂੰ ਆ ਕੇ ਨਾਲ ਲੈ ਜਾਣ ਦੀ ਪੇਸ਼ਕਸ਼ ਕੀਤੀ। ਮੈਂ ਕਾਲਾ ਕੁੜਤਾ ਪਹਿਨ ਲਿਆ, ਅੱਖਾਂ ਦੁਆਲੇ ਕਜਲੇ ਦੀ ਧਾਰ ਲਗਾਈ ਅਤੇ ਹਾਰ ਸਿੰਕਰਕੇ ਉੱਚੀ ਅੱਡੀ ਵਾਲੀ ਜੁੱਤੀ ਪਹਿਨ ਲਈ। ਮਾਈਕ ਮੇਰੇ ਨਾਲ ਜਾਣ ਲਈ ਨਾ ਮੰਨਿਆ ਉਹ ਇਕ ਕਿਤਾਬ ਪੜ੍ਹ ਰਿਹਾ ਸੀ ਜੋ ਮੁੱਕਣ ਦੇ ਨੇੜੇ ਪਹੁੰਚੀ ਹੋਈ ਸੀ। ਉਸਨੇ ਮਸ਼ਵਰਾ ਦਿੱਤਾ ਕਿ ਮੈਂ ਇਕ ਦਿਨ ਲਈ ਵਿਦਿਆਰਥਣ ਬਣ ਜਾਵਾਂ ਅਤੇ ਉੱਥੇ ਜਾ ਕੇ ਜੀਅ ਭਰਕੇ ਨੱਚਾਂ ਅਤੇ ਸ਼ਾਮ ਦੇ ਨਜ਼ਾਰੇ ਲਵਾਂ। ਮੈਨੂੰ ਇਸ ਦੀ ਡਾਹਢੀ ਜ਼ਰੂਰਤ ਸੀ। ਉਸ ਸ਼ਾਮ ਨੂੰ ਮੈਂ ਮਹਿਸੂਸ ਕੀਤਾ ਕਿ ਫਾਊਂਡੇਸ਼ਨ ਦੇ ਬਾਹਰ ਇਕ ਬੰਦਾ ਗੱਡੀ ਵਿਚ ਬੈਠਾ ਸੀ ਜਿਸ ਨੂੰ ਮੈਂ ਸਵੇਰੇ ਵੀ ਉੱਥੇ ਦੇਖਿਆ ਸੀ। ਸ਼ਾਇਦ ਇਹ ਮੇਰਾ ਵਹਿਮ ਹੀ ਸੀ। ਕਾਲਜ ਜਾਣ ਲਈ ਆਟੋ ਲੈਣ ਦੀ ਬਜਾਏ ਜਿੱਥੇ ਕਿ ਮੇਲਾ ਲੱਗਣਾ ਸੀ ਮੈਂ ਅਜੇ ਨੂੰ ਮੈਸੇਜ ਕਰ ਦਿੱਤਾ ਕਿ ਮੈਨੂੰ ਆ ਕੇ ਲੈ ਜਾਵੇ। ਉਹ ਸ਼ਾਮ ਨੂੰ ਮੈਂ ਫੋਟੋ ਖਿੱਚੀਆਂ, ਵਿਦਿਆਰਥੀਆਂ ਨਾਲ ਨੱਚੀ ਅਤੇ ਖ਼ੁਗੀਤ ਗਾਏ। ਅਗਲੇ ਦਿਨ ਬਾਹਰ ਜੋ ਕਾਰ ਖੜ੍ਹੀ ਸੀ ਉਹ ਗਾਇਬ ਸੀ।

**(ਬਾਕੀ ਅਗਲੇ ਅੰਕ ਵਿਚ)**

# ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਜੋੜ ਮੇਲਾ ਸਮਾਪਤ

## ਇਸ ਵਾਰ ਨਾ ਮਘੀਆਂ ਸਿਆਸੀ ਕਾਨਫਰੰਸਾਂ, ਸ਼ਰਧਾਲੂਆਂ ਦੀ ਗਿਣਤੀ ਘਟੀ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ ਵਿਚ ਇਤਿਹਾਸਕ ਮਾਘੀ ਜੋੜ ਮੇਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਨਗਰ ਕੀਰਤਨ ਉਪਰੰਤ ਭਾਵੇਂ ਰਵਾਇਤੀ ਤੌਰ 'ਤੇ ਸਮਾਪਤ ਹੋ ਗਿਆ ਹੈ ਪਰ ਮਾਘੀ ਮੇਲੇ 'ਤੇ ਸ਼ਹਿਰ ਵਿਚ ਲੋਕਾਂ ਦੀ ਆਮਦ ਅਗਲੇ 25 ਦਿਨਾਂ ਤੱਕ ਜਾਰੀ ਰਹੇਗੀ। ਮਾਘੀ ਮੇਲੇ ਦੇ ਆਗਾਜ਼ ਮੌਕੇ ਚੋਣ ਜ਼ਾਬਤੇ ਕਾਰਨ ਜਿੱਥੇ ਕੋਈ ਸਿਆਸੀ ਕਾਨਫ਼ਰੰਸ ਨਹੀਂ ਹੋਈ, ਉਥੇ ਕੋਈ ਸਿਆਸੀ ਆਗੂ ਚਾਲ੍ਹੀ ਮੁਕਤਿਆਂ ਨੂੰ ਨਤਮਸਤਕ ਹੋਣ ਵਾਸਤੇ ਵੀ ਨਹੀਂ ਪੁੱਜਿਆ। ਸ਼ਰਧਾਲੂਆਂ ਨੇ ਗੁਰਦੁਆਰਾ ਟੁੱਟੀ ਗੰਢੀ ਦੇ ਸਰੋਵਰ ਵਿੱਚ ਇਸ਼ਨਾਨ ਕੀਤਾ ਪਰ ਇਸ ਵਾਰ ਗਿਣਤੀ ਪਿਛਲੇ ਵਰ੍ਹਿਆਂ ਨਾਲੋਂ ਘੱਟ ਰਹੀ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਰਨੈਲ ਸਿੰਘ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਘੱਟ ਗਿਣਤੀ ਦਾ ਕਾਰਨ ਸਿਆਸੀ ਕਾਨਫ਼ਰੰਸਾਂ ਦਾ ਨਾ ਹੋਣਾ ਵੀ ਹੈ। ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਸ੍ਰੀ ਦਰਬਾਰ ਸਾਹਿਬ ਦੇ ਕਿਵਾੜ ਸਾਰੀ ਰਾਤ ਬੰਦ ਨਹੀਂ ਕੀਤੇ ਗਏ।

ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਪਾਠ ਦਾ ਭੋਗ ਪਾਇਆ ਗਿਆ।

ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਸ੍ਰੀ ਦਰਬਾਰ ਸਾਹਿਬ) ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸ਼ੁਰੂ ਹੋਇਆ। ਰਵਾਨਗੀ ਤੋਂ ਪਹਿਲਾਂ ਹੈੱਡ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ। ਇਹ ਨਗਰ ਕੀਰਤਨ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਪਹੁੰਚਿਆ। ਇਸ ਅੱਗੇ ਬੈਂਡ ਟੀਮ ਧਾਰਮਿਕ ਧੁਨਾਂ ਰਾਹੀਂ ਵਿਲੱਖਣ ਨਜ਼ਾਰਾ ਪੇਸ਼ ਕਰ ਰਹੀ ਸੀ। ਇਸ ਤੋਂ ਇਲਾਵਾ ਗੱਤਕਾ ਟੀਮ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਵਿਖੇ ਵਿਸ਼ੇਸ਼ ਢਾਡੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਪ੍ਰਸਿੱਧ ਢਾਡੀ ਜਥਿਆਂ ਨੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਤੋਂ ਇਲਾਵਾ ਹੋਰ ਇਤਿਹਾਸਕ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਣਸਰ ਸਾਹਿਬ, ਗੁਰਦੁਆਰਾ ਗੁਰੂ ਕਾ ਖੂਹ ਪਾਤਸ਼ਾਹੀ ਦਸਵੀਂ ਵਿਖੇ ਸੰਗਤਾਂ ਨੇ ਮੱਥਾ ਟੇਕਿਆ ਤੇ ਕਥਾ ਕੀਰਤਨ ਸਰਵਣ ਕੀਤਾ। ਇਹ ਅਸਥਾਨ ਸ਼ਹਿਰ ਤੋਂ 2 ਕਿਲੋਮੀਟਰ ਦੂਰ ਹਨ ਤੇ ਗੁਰਦੁਆਰਾ ਟਿੱਬੀ ਸਾਹਿਬ ਉਹ ਇਤਿਹਾਸਕ ਅਸਥਾਨ ਹੈ, ਜਿਥੇ ਕਿ ਰੇਤਲਾ ਉਚਾ ਟਿੱਬਾ ਤੇ ਜੰਗਲ ਸਨ, ਇਥੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਸੈਨਾ, ਜੋ ਨਵਾਬ ਵਜ਼ੀਰ ਖ਼ਾਨ ਸੂਬਾ ਸਰਹਿੰਦ ਦੇ ਅਧੀਨ ਗੁਰੂ ਸਾਹਿਬ ਦਾ ਪਿੱਛਾ ਕਰਦੀ ਹੋਈ ਆਈ ਤੇ ਖਿਦਰਾਣੇ ਦੇ ਅਸਥਾਨ 'ਤੇ 40 ਮੁਕਤਿਆਂ ਨਾਲ ਲੜ ਰਹੀ ਸੀ, 'ਤੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਉਚੀ ਟਿੱਬੀ ਤੋਂ ਤੀਰ ਚਲਾਉਂਦੇ ਰਹੇ ਤੇ ਮੁਗ਼ਲ ਸੈਨਾ ਨੂੰ ਚਿੱਤ ਕਰ ਦਿੱਤਾ। ਇਸ ਮੌਕੇ ਹੈੱਡ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਸਹਿਬਾਨ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦੀ ਲੋੜ ਹੈ ਤੇ ਅੰਮ੍ਰਿਤਪਾਨ ਕਰਕੇ ਗੁਰੂ ਲੜ ਲੱਗਣਾ ਚਾਹੀਦਾ ਹੈ। ਰਸਤੇ ਵਿਚ ਵੱਖ-ਵੱਖ ਪਕਵਾਨਾਂ ਦੇ ਲੰਗਰ ਰਾਹੀਂ ਸੰਗਤ ਦੀ ਸੇਵਾ ਕੀਤੀ ਗਈ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਜਰਨੈਲ ਸਿੰਘ, ਕਰਨ ਸਿੰਘ, ਮੁੱਖ ਗ੍ਰੰਥੀ ਭਾਈ ਹਰਪ੍ਰੀਤ ਸਿੰਘ, ਬਾਬਾ ਹਰਭਜਨ ਸਿੰਘ ਕਾਰਸੇਵਾ ਵਾਲੇ ਵੀ ਹਾਜ਼ਰ ਸਨ। ਮਾਘੀ ਦੇ ਦਿਹਾੜੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕੀਤੇ ਤੇ ਸ਼ਹੀਦਾਂ ਦੀ ਧਰਤੀ ਨੂੰ ਨਤਮਸਤਕ ਹੁੰਦਿਆਂ ਮਹਾਨ ਸ਼ਹੀਦਾਂ ਨੂੰ ਪ੍ਰਣਾਮ ਕੀਤਾ।




# ਕੇਜਰੀਵਾਲ ਨੂੰ ਸਿਰੋਪਾਓ ਦੇਣ 'ਤੇ ਸ਼੍ਰੋਮਣੀ ਕਮੇਟੀ ਹੋਈ ਨਾਰਾਜ਼, ਕਰੇਗੀ ਜਾਂਚ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਰਹੱਦੀ ਖੇਤਰ ਦੇ ਦੌਰੇ ਸਮੇਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਤਰਨ ਤਾਰਨ ਸਥਿਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਸਮੇਂ ਸਿਰੋਪਾਓ ਦੇਣ ਦੇ ਮਾਮਲੇ ਦੀ ਸ਼੍ਰੋਮਣੀ ਕਮੇਟੀ ਨੇ ਜਾਂਚ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਮੀਡੀਆ ਦੇ ਇਕ ਹਿੱਸੇ ਵਿਚ ਆਈਆਂ ਖ਼ਬਰਾਂ ਤੋਂ ਪਤਾ ਲੱਗਾ ਹੈ ਕਿ ਸ੍ਰੀ ਕੇਜਰੀਵਾਲ ਨੂੰ ਉਸ ਦੇ ਸਾਥੀਆਂ ਨੇ ਤਰਨ ਤਾਰਨ ਸਥਿਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਸਿਰੋਪਾਓ ਜਬਰੀ ਚੁੱਕ ਕੇ ਦਿੱਤਾ ਹੈ, ਜੋ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸਿਰੋਪਾਓ ਗੁਰੂ ਘਰ ਦੀ ਬਖ਼ਸ਼ਿਸ਼ ਹੈ। ਇਹ ਗ੍ਰੰਥੀ ਜਾਂ ਮੁੱਖ ਗ੍ਰੰਥੀ ਜਾਂ ਪ੍ਰਬੰਧਕਾਂ ਵੱਲੋਂ ਹੀ ਭੇਟ ਕੀਤਾ ਜਾਂਦਾ ਹੈ। ਪਰ ਕੇਜਰੀਵਾਲ ਦੇ ਸਾਥੀਆਂ ਨੇ ਆਪ ਮੁਹਾਰੇ ਗੁਰੂ ਘਰ ਵਿਚੋਂ ਸਿਰੋਪਾਓ ਚੁੱਕ ਕੇ ਦਿੱਤਾ ਹੈ। ਇਸ ਗਲਤੀ ਲਈ ਕੇਜਰੀਵਾਲ ਤੇ ਉਸ ਦੇ ਸਾਥੀਆਂ ਨੂੰ ਸਿੱਖ ਜਗਤ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਅਰਜਨ ਸਿੰਘ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਨੂੰ ਸਿਰੋਪਾਓ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਨਹੀਂ ਦਿੱਤਾ ਗਿਆ ਸਗੋਂ ਉਸ ਦੇ ਸਮਰਥਕਾਂ ਨੇ ਹੀ ਭੇਟ ਕੀਤਾ ਹੈ। ਦੂਜੇ ਪਾਸੇ ਸ੍ਰੀ ਕੇਜਰੀਵਾਲ ਨੂੰ ਸਿਰੋਪਾਓ ਦੇਣ ਵਾਲੇ 'ਆਪ' ਵਲੰਟੀਅਰ ਅਵਤਾਰ ਸਿੰਘ ਦਿਓਲ ਨੇ ਕਿਹਾ ਕਿ ਉਨ੍ਹਾਂ ਨੇ ਸਿਰੋਪਾਓ ਸ੍ਰੀ ਦਰਬਾਰ ਸਾਹਿਬ ਵਿਖੇ ਸੌ ਰੁਪਏ ਭੇਟ ਕਰਕੇ ਗ੍ਰੰਥੀ ਸਿੰਘ ਕੋਲੋਂ ਲਿਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਸ੍ਰੀ ਕੇਜਰੀਵਾਲ ਨੂੰ ਭੇਟ ਕੀਤਾ ਸੀ। ਇਸ ਲਈ ਧਾਰਮਿਕ ਮਰਿਆਦਾ ਦੀ ਕੋਈ ਉਲੰਘਣਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਸ੍ਰੀ ਕੇਜਰੀਵਾਲ ਨੂੰ ਸਿਰੋਪਾਓ ਨਹੀਂ ਦਿੱਤਾ ਜਾਵੇਗਾ, ਜਿਸ ਕਾਰਨ ਉਸ ਨੇ ਭੇਟਾ ਦੇ ਕੇ ਸਿਰੋਪਾਓ ਲੈ ਲਿਆ ਸੀ। ਉਨ੍ਹਾਂ ਕਿਹਾ ਕਿ ਹਾਕਮ ਧਿਰ ਦੇ ਕਬਜ਼ੇ ਵਾਲੀ ਸ਼੍ਰੋਮਣੀ ਕਮੇਟੀ ਲਾਲ ਕ੍ਰਿਸ਼ਨ ਅਡਵਾਨੀ, ਜਿਸ ਨੇ ਇੰਦਰਾ ਗਾਂਧੀ 'ਤੇ ਦਬਾਅ ਪਾ ਕੇ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕਰਾਇਆ ਸੀ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਾਂ ਸਿਰੋਪਾਓ ਦੇ ਸਕਦੀ ਹੈ ਪਰ ਸ੍ਰੀ ਕੇਜਰੀਵਾਲ ਨੂੰ ਸਿਰੋਪਾਓ ਦੇਣ ਤੋਂ ਇਨਕਾਰੀ ਹੈ।



# ਫਿਲਮਫੇਅਰ ਐਵਾਰਡ : ਆਮਿਰ ਖ਼ਾਨ ਬਣਿਆ ਬਿਹਤਰੀਨ ਅਦਾਕਾਰ, ਦਲਜੀਤ ਨੂੰ ਮਿਲਿਆ ਬਿਹਤਰੀਨ ਨਵੇਂ ਅਦਾਕਾਰ ਦਾ ਪੁਰਸਕਾਰ

**ਮੁੰਬਈ/ਬਿਊਰੋ ਨਿਊਜ਼ :** ਇੱਥੇ 62ਵੇਂ ਜੀਓ ਫਿਲਮਫੇਅਰ ਐਵਾਰਡ ਸਮਾਰੋਹ ਵਿੱਚ ਸੁਪਰ ਸਟਾਰ ਆਮਿਰ ਖ਼ਾਨ ਨੂੰ ਬਿਹਤਰੀਨ ਅਦਾਕਾਰ ਦਾ ਪੁਰਸਕਾਰ ਮਿਲਿਆ, ਜਦੋਂ ਕਿ ਉਸ ਦੀ ਫਿਲਮ 'ਦੰਗਲ' ਨੂੰ ਬਿਹਤਰੀਨ ਫਿਲਮ ਚੁਣਿਆ ਗਿਆ। ਬਿਹਤਰੀਨ ਨਿਰਦੇਸ਼ਕ ਦਾ ਐਵਾਰਡ ਵੀ 'ਦੰਗਲ' ਲਈ ਨਿਤੇਸ਼ ਤਿਵਾੜੀ ਦੇ ਹਿੱਸੇ ਆਇਆ। ਇਸ ਦੇ ਨਾਲ ਹੀ ਪਹਿਲੀ ਵਾਰ ਪੰਜਾਬੀ ਸੁਪਰ ਸਟਾਰ ਦਲਜੀਤ ਦੁਸਾਂਝ ਨੂੰ 'ਉੜਤਾ ਪੰਜਾਬ' ਲਈ ਬਿਹਤਰੀਨ ਨਵੇਂ ਅਦਾਕਾਰ ਦਾ ਐਵਾਰਡ ਮਿਲਿਆ। ਇਹ ਐਵਾਰਡ ਸਮਾਰੋਹ ਕਰਨ ਜੌਹਰ, ਸ਼ਾਹਰੁਖ ਖ਼ਾਨ ਅਤੇ ਕਪਿਲ ਸ਼ਰਮਾ ਦੀ ਮੇਜ਼ਬਾਨੀ ਵਿੱਚ ਸਿਰੇ ਚੜ੍ਹਿਆ। ਇਸੇ ਦੌਰਾਨ ਬਿਹਤਰੀਨ ਅਦਾਕਾਰਾ ਦਾ ਐਵਾਰਡ 'ਉੜਤਾ ਪੰਜਾਬ' ਵਿੱਚ ਭੂਮਿਕਾ ਲਈ ਆਲੀਆ ਭੱਟ ਨੇ ਜਿੱਤਿਆ, ਜਦੋਂ ਕਿ ਸੋਨਮ ਕਪੂਰ ਨੂੰ 'ਨੀਰਜਾ' ਲਈ ਆਲੋਚਕਾਂ ਦੀ ਪਸੰਦੀਦਾ ਅਦਾਕਾਰਾ ਦਾ ਐਵਾਰਡ ਦਿੱਤਾ ਗਿਆ। ਰਾਮ ਮਾਧਵਾਨੀ ਵੱਲੋਂ ਨਿਰਦੇਸ਼ਤ ਇਸ ਜੀਵਨੀ ਮੂਲਕ ਫਿਲਮ ਨੂੰ ਆਲੋਚਕਾਂ ਵੱਲੋਂ ਐਲਾਨੀ ਵਧੀਆ ਫਿਲਮ ਦਾ ਐਵਾਰਡ ਵੀ ਮਿਲਿਆ।

ਆਲੋਚਕਾਂ ਦੀ ਨਜ਼ਰ ਵਿੱਚ ਬਿਹਤਰੀਨ ਅਦਾਕਾਰ ਦਾ ਐਵਾਰਡ 'ਉੜਤਾ ਪੰਜਾਬ' ਵਿੱਚ ਨਸ਼ੇੜੀ ਰੌਕ ਸਟਾਰ ਦੀ ਭੂਮਿਕਾ ਲਈ ਸ਼ਾਹਿਦ ਕਪੂਰ ਅਤੇ 'ਅਲੀਗੜ੍ਹ' ਲਈ ਮਨੋਜ ਬਾਜਪਾਈ ਨੂੰ ਸਾਂਝੇ ਤੌਰ 'ਤੇ ਮਿਲਿਆ। 'ਕਪੂਰ ਐਂਡ ਸੰਨਜ਼' ਵਿੱਚ ਭੂਮਿਕਾ ਲਈ ਰਿਸ਼ੀ ਕਪੂਰ ਨੂੰ ਬਿਹਤਰੀਨ ਸਹਾਇਕ ਕਲਾਕਾਰ ਦਾ ਐਵਾਰਡ ਮਿਲਿਆ, ਜਦੋਂ ਕਿ ਮਹਿਲਾ ਵਰਗ ਵਿੱਚ 'ਨੀਰਜਾ' ਲਈ ਸ਼ਬਾਨਾ ਆਜ਼ਮੀ ਨੇ ਇਹ ਪੁਰਸਕਾਰ ਜਿੱਤਿਆ। ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ ਸ਼ਤਰੂਘਨ ਸਿਨਹਾ ਨੂੰ ਦਿੱਤਾ ਗਿਆ। ਸਮਾਰੋਹ ਵਿੱਚ ਹੋਰਾਂ ਤੋਂ ਇਲਾਵਾ ਸਲਮਾਨ ਖ਼ਾਨ, ਸੋਨਾਕਸ਼ੀ ਸਿਨਹਾ, ਆਲੀਆ, ਟਾਈਗਰ ਸ਼ਰੌਫ, ਜੈਕੁਲਿਨ ਫਰਨਾਂਡੇਜ਼ ਤੇ ਵਰੁਣ ਧਵਨ ਹਾਜ਼ਰ ਸਨ। ਅਸ਼ਵਨੀ ਅੱਈਅਰ ਤਿਵਾੜੀ ਨੂੰ 'ਨਿੱਲ ਬਟੇ ਸੰਨਾਟਾ' ਲਈ ਬਿਹਤਰੀਨ ਨਵੇਂ ਡਾਇਰੈਕਟਰ ਦਾ ਸਨਮਾਨ ਮਿਲਿਆ। ਪੰਜਾਬੀ ਸੁਪਰ ਸਟਾਰ ਦਲਜੀਤ ਦੁਸਾਂਝ ਨੂੰ 'ਉੜਤਾ ਪੰਜਾਬ' ਲਈ ਬਿਹਤਰੀਨ ਨਵੇਂ ਅਦਾਕਾਰ ਅਤੇ ਰਿਤਿਕਾ ਸਿੰਘ ਨੂੰ 'ਸਾਲਾ ਖੜੂਸ' ਲਈ ਬਿਹਤਰੀਨ ਨਵੀਂ ਅਦਾਕਾਰਾ ਦਾ ਐਵਾਰਡ ਮਿਲਿਆ।

ਕਰਨ ਜੌਹਰ ਦੇ ਨਿਰਮਾਣ ਅਧੀਨ ਬਣੀ 'ਕਪੂਰ ਐਂਡ ਸੰਨਜ਼' ਲਈ ਬਿਹਤਰੀਨ ਸਕਰੀਨਪਲੇਅ, ਬਿਹਤਰੀਨ ਕਹਾਣੀ ਦਾ ਐਵਾਰਡ ਸ਼ਕੁਨ ਬੱਤਰਾ ਅਤੇ ਆਇਸ਼ਾ ਦੇਵਿਤਰੀ ਢਿੱਲੋਂ ਨੂੰ ਮਿਲਿਆ। ਇਨ੍ਹਾਂ ਦੋਵਾਂ ਨੇ 'ਉੜਤਾ ਪੰਜਾਬ' ਲਈ ਪਿੱਠਵਰਤੀ ਸੰਗੀਤ ਲਈ ਐਵਾਰਡ ਵੀ ਸਾਂਝੇ ਤੌਰ ਉਤੇ ਹਾਸਲ ਕੀਤਾ।

'ਪਿੰਕ' ਵਿੱਚ ਪਰਸਪਰ ਸਹਿਮਤੀ ਨਾਲ ਸਰੀਰਕ ਸਬੰਧਾਂ ਦੇ ਮੁੱਦੇ ਨੂੰ ਉਭਾਰਨ ਵਾਲੇ ਸੰਵਾਦ 'ਨੋ ਮੀਨਜ਼ ਨੋ' (ਨਾਂਹ ਦਾ ਮਤਲਬ ਨਾਂਹ) ਲਈ ਰਿਤੇਸ਼ ਸ਼ਾਹ ਨੂੰ ਬਿਹਤਰੀਨ ਸੰਵਾਦ ਲਿਖਣ ਬਦਲੇ ਐਵਾਰਡ ਦਿੱਤਾ ਗਿਆ।



# ਬਾਦਲ ਚੋਣ ਜਲਸਾ : ਅਕਾਲੀ ਵਰਕਰਾਂ ਨੇ ਹੀ ਝੰਡੇਬਰਦਾਰਾਂ ਖ਼ਿਲਾਫ਼ ਕੀਤੀ ਨਾਅਰੇਬਾਜ਼ੀ

**ਲੰਬੀ/ਬਿਊਰੋ ਨਿਊਜ਼ :** -ਲੰਬੀ ਹਲਕੇ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਜਲਸਿਆਂ ਵਿੱਚ ਲੋਕਾਂ ਦਾ ਰੋਸ ਅਕਾਲੀ ਦਲ ਦੀ ਚੋਣ ਮੁਹਿੰਮ ਦਾ ਨੁਕਸਾਨ ਕਰ ਰਿਹਾ ਹੈ। ਪਿੰਡ ਸਿੱਖਵਾਲਾ ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਜਲਸੇ ਵਿੱਚ ਅਕਾਲੀ ਵਰਕਰਾਂ ਨੇ ਹੀ ਅਕਾਲੀ ਝੰਡੇਬਰਦਾਰਾਂ ਦੀਆਂ 'ਉਣਤਾਈਆਂ' ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਮੁੱਖ ਮੰਤਰੀ ਦਾ ਬੋਲਣਾ ਔਖਾ ਕਰ ਦਿੱਤਾ। ਲਗਪਗ ਦੋ ਦਰਜਨ ਨੌਜਵਾਨ ਲੜਾਈ ਝਗੜੇ ਦੇ ਮਾਮਲੇ ਵਿੱਚ ਚੇਅਰਮੈਨ ਤੇਜਿੰਦਰ ਸਿੰਘ ਮਿੱਡੂਖੇੜਾ 'ਤੇ ਪੱਖਪਾਤ ਅਤੇ ਕਥਿਤ ਤੌਰ 'ਤੇ ਸ਼ਹਿ ਦੇਣ ਦੇ ਦੋਸ਼ ਲਾ ਰਹੇ ਸਨ। ਜਲਸੇ ਵਿੱਚ ਸ੍ਰੀ ਬਾਦਲ ਦੀ ਤਕਰੀਰ ਦੌਰਾਨ ਨੌਜਵਾਨ ਮਿੱਡੂਖੇੜਾ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਪੁਲੀਸ ਦੇ ਦਬਕੇ ਤੋਂ ਬਾਅਦ ਪੰਡਾਲ ਦੇ ਬਾਹਰ ਜਾ ਕੇ ਰੋਸ ਪ੍ਰਗਟ ਕਰਨ ਲੱਗ ਪਏ। ਪ੍ਰਕਾਸ਼ ਸਿੰਘ ਬਾਦਲ ਪੰਡਾਲ ਅੰਦਰ ਲੋਕਾਂ ਨੂੰ ਵੋਟਾਂ ਲਈ ਅਪੀਲ ਕਰਦੇ ਰਹੇ ਅਤੇ ਬਾਹਰ ਨੌਜਵਾਨ ਨਾਅਰੇਬਾਜ਼ੀ ਕਰ ਕੇ ਆਪਣਾ ਗੁੱਸਾ ਜ਼ਾਹਰ ਕਰਦੇ ਰਹੇ। ਇਨ੍ਹਾਂ ਨੌਜਵਾਨਾਂ ਨਾਲ ਕਾਫ਼ੀ ਗਿਣਤੀ ਵਿੱਚ ਹੋਰ ਲੋਕ ਵੀ ਜਲਸੇ ਵਿੱਚੋਂ ਬਾਹਰ ਆ ਗਏ। ਦੂਜੇ ਪਾਸੇ ਤੇਜਿੰਦਰ ਸਿੰਘ ਮਿੱਡੂਖੇੜਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦੋਵੇਂ ਧਿਰਾਂ ਵਿੱਚ ਰਾਜ਼ੀਨਾਮਾ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਦੋਵੇਂ ਧਿਰਾਂ ਵਿਚ ਸਹਿਮਤੀ ਨਹੀਂ ਹੋ ਸਕੀ। ਉਨ੍ਹਾਂ ਨੇ ਨੌਜਵਾਨਾਂ ਵੱਲੋਂ ਲਾਏ ਪੱਖਪਾਤ ਦੋਸ਼ ਨਕਾਰੇ। ਸੂਤਰਾਂ ਅਨੁਸਾਰ ਹਲਕੇ ਦੇ ਅਕਾਲੀ ਇੰਚਾਰਜਾਂ ਵਿਚਾਲੇ ਸ਼ਿਖ਼ਰਲੀ ਧੜੇਬੰਦੀ ਇੱਕ-ਦੂਜੇ ਨੂੰ ਢਾਹ ਲਗਾਉਣ ਲਈ ਅਜਿਹਾ ਮਾਹੌਲ ਸਿਰਜ ਕੇ ਸ੍ਰੀ ਬਾਦਲ ਦਾ ਨੁਕਸਾਨ ਕਰ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀ ਚੁੱਪ ਅਕਾਲੀ ਲੀਡਰਾਂ ਨੂੰ 'ਸ਼ਹਿ' ਦਿੰਦੀ ਜਾਪਦੀ ਹੈ। ਸਿੱਖਵਾਲਾ ਵਿਚ ਚੋਣ ਜਲਸੇ ਦੇ ਬਾਹਰ ਮੁਜ਼ਾਹਾਰਕਾਰੀਆਂ ਨੇ ਦੱਸਿਆ ਕਿ ਬੀਤੇ ਦਿਨੀਂ ਨੋਟਬੰਦੀ ਤਹਿਤ ਬੈਂਕ ਅੱਗੇ ਲੋਕਾਂ ਦੀਆਂ ਲਾਈਨਾਂ ਲੱਗੀਆਂ ਹੋਈਆ ਸਨ। ਉਸੇ ਦੌਰਾਨ ਇੱਕ ਕਾਂਗਰਸੀ ਸਰਪੰਚ ਲੋਕਾਂ ਦੀ ਕਤਾਰ ਨੂੰ ਅਣਡਿੱਠ ਕਰ ਕੇ ਬੈਂਕ ਵਿੱਚ ਜਾਣ ਲੱਗਾ। ਜਦੋਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਬਜ਼ੁਰਗ ਲਾਲ ਕੁੱਟਮਾਰ ਕੀਤੀ ਗਈ। ਉਨ੍ਹਾਂ ਨੇ ਇਸ ਮਾਮਲੇ ਵਿੱਚ ਮਿੱਡੂਖੇੜਾ 'ਤੇ ਕੁੱਟਮਾਰ ਕਰਨ ਵਾਲਿਆਂ ਦਾ ਪੱਖ ਪੂਰਨ ਦੇ ਦੋਸ਼ ਲਗਾਏ। ਇਸੇ ਦੌਰਾਨ ਲੰਬੀ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਅਕਾਲੀ ਸਰਕਾਰ ਦੇ ਕਥਿਤ ਪੱਖਪਾਤੀ ਰਵੱਈਏ ਖ਼ਿਲਾਫ਼ ਮੁੱਖ ਮੰਤਰੀ ਬਾਦਲ ਦੀ ਲੰਬੀ ਫੇਰੀ ਮੌਕੇ ਕਾਲੀਆਂ ਝੰਡੀਆਂ ਵਿਖਾਉਣ ਲਈ ਅੱਗੇ ਵੱਧ ਰਹੇ ਸਨ, ਪਰ ਲੰਬੀ ਥਾਣੇ ਦੀ ਪੁਲੀਸ ਵੱਡੀ ਗਿਣਤੀ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਬੱਸ ਵਿੱਚ ਘਲੋਟ ਲੈ ਗਈ।



# ਬੀਬੀ ਜਗੀਰ ਕੌਰ ਦੀਆਂ ਉਮੀਦਾਂ 'ਤੇ ਫਿਰਿਆ ਪਾਣੀ, ਨਹੀਂ ਲੜ ਸਕੇਗੀ ਚੋਣ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ-ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਵਿਧਾਨ ਸਭਾ ਚੋਣ ਲੜਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਹਾਈ ਕੋਰਟ ਨੇ ਧੀ ਹਰਪ੍ਰੀਤ ਕੌਰ ਦੀ ਹੱਤਿਆ ਦੇ ਮਾਮਲੇ ਵਿਚ ਸਜ਼ਾ 'ਤੇ ਰੋਕ ਲਾਉਣ ਦੀ ਜਗੀਰ ਕੌਰ ਦੀ ਅਪੀਲ ਨੂੰ ਖ਼ਾਰਜ ਕਰ ਦਿੱਤਾ। ਜਸਟਿਸ ਅਜੇ ਕੁਮਾਰ ਮਿੱਤਲ ਅਤੇ ਜਸਟਿਸ ਰਮਿੰਦਰ ਜੈਨ ਵੱਲੋਂ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਗੀਰ ਕੌਰ ਦੇ ਕੇਸ ਨੂੰ ਨਵਜੋਤ ਸਿੰਘ ਸਿੱਧੂ ਅਤੇ ਸੁੱਚਾ ਸਿੰਘ ਲੰਗਾਹ ਦੇ ਕੇਸਾਂ ਤੋਂ ਵੱਖ ਕਰਾਰ ਦਿੱਤਾ।



## ਜੇਲ੍ਹ 'ਚ ਸੰਗਤ ਦਰਸ਼ਨ ਦਾ ਸੱਚ : ਭੀਮ ਕਤਲ ਕਾਂਡ ਦੇ ਮੁਲਜ਼ਮ ਨੇ ਜੇਲ੍ਹ ਤੋਂ ਬਾਹਰ ਆ ਕੇ ਕਾਗ਼ਜ਼ ਭਰੇ

# ਬਾਦਲ ਪਰਿਵਾਰ ਤੋਂ ਅਮੀਰ ਡੋਡਾ; ਜਿਸ ਲਈ ਭਾਜਪਾ ਦਾ ਸਾਥ ਛੱਡ ਅਕਾਲੀਆਂ ਨੇ ਕੀਤਾ ਰੋਡ ਸ਼ੋਅ

### ਡੋਡਾ ਦੀ ਕੁਲ ਜਾਇਦਾਦ 142 ਕਰੋੜ, ਬਾਦਲ ਪਰਿਵਾਰ ਦੀ 116 ਕਰੋੜ ਰੁਪਏ

**ਅਬੋਹਰ/ਬਿਊਰੋ ਨਿਊਜ਼ :** ਭੀਮ ਕਤਲ ਕਾਂਡ ਦੇ ਮੁਲਜ਼ਮ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਨੇ ਸ਼ੁੱਕਰਵਾਰ ਨੂੰ ਜੇਲ੍ਹ ਤੋਂ ਬਾਹਰ ਆ ਕੇ ਨਾਮਜ਼ਦਗੀ ਭਰੀ। ਉਹ ਅਬੋਹਰ ਤੋਂ ਆਜ਼ਾਦ ਲੜੇਗਾ। ਇੱਥੋਂ ਭਾਜਪਾ ਉਮੀਦਵਾਰ ਹੋਣ ਦੇ ਬਾਵਜੂਦ ਡੋਡਾ ਦੇ ਸਮਰਥਨ 'ਚ ਅਕਾਲੀ ਦਲ ਨੇ ਗਠਜੋੜ ਧਰਮ ਛੱਡ ਕੇ ਰੋਡ ਸ਼ੋਅ ਕੀਤਾ। ਸੇਠੀ ਪੈਲੇਸ ਤੋਂ ਕੱਢੇ ਰੋਡ ਸ਼ੋਅ 'ਚ ਖੂਹੀਆਂ ਸਰਵਰ ਬਲਾਕ ਦੇ ਅਕਾਲੀ ਪ੍ਰਧਾਨ ਲਾਓ ਜਾਖੜ, ਜਦਕਿ ਤਹਿਸੀਲ ਬਲਾਕ 'ਚ ਅਕਾਲੀ ਦਲ ਅਬੋਹਰ ਦੇ ਪ੍ਰਧਾਨ ਅਸ਼ੋਕ ਅਹੂਜਾ ਨਜ਼ਰ ਆਏ। 4 ਜਨਵਰੀ ਨੂੰ ਡੋਡਾ ਨੇ ਜੇਲ੍ਹ 'ਚ ਮੀਟਿੰਗ ਬੁਲਾਈ ਸੀ, ਉਸ 'ਚ ਕਈ ਮੁੱਖ ਅਕਾਲੀ ਆਗੂ ਹਾਜ਼ਰ ਸਨ। ਉਸੇ ਦਿਨ ਸਾਫ ਸੀ ਕਿ ਡੋਡਾ ਅਕਾਲੀ ਦਲ ਦੇ ਸਮਰਥਨ ਤੋਂ ਭਾਜਪਾ ਉਮੀਦਵਾਰ ਅਤੇ ਕਾਂਗਰਸ ਵਿਰੁਧ ਚੋਣ ਲੜੇਗਾ। ਡੋਡਾ ਨੇ ਆਪਣੀ ਅਤੇ ਪਤਨੀ ਦੀ ਕੁਲ ਜਾਇਦਾਦ 141.86 ਕਰੋੜ ਦੱਸੀ ਹੈ, ਜਦਕਿ ਵੀਰਵਾਰ ਨੂੰ ਪੂਰੇ ਬਾਦਲ ਪਰਿਵਾਰ ਨੇ ਆਪਣੀ ਜਾਇਦਾਦ 115.5 ਕਰੋੜ ਵਿਖਾਈ ਸੀ।



**ਭਾਜਪਾ ਉਮੀਦਵਾਰ ਬੋਲੇ - ਅਕਾਲੀਆਂ ਦੇ ਰੋਡ ਸ਼ੋਅ ਦੀ ਸਾਰੀ ਗੱਲ ਹਾਈਕਮਾਨ ਨੂੰ ਦੱਸੀ...**

ਅਬੋਹਰ ਤੋਂ ਭਾਜਪਾ ਉਮੀਦਵਾਰ ਅਰੁਣ ਨਾਰੰਗ ਨੇ ਕਿਹਾ ਕਿ ਡੋਡਾ ਦੇ ਸਮਰਥਨ 'ਚ ਗਏ ਅਕਾਲੀ ਆਗੂਆਂ ਦੇ ਮਾਮਲੇ 'ਚ ਮੈਂ ਹਾਈਕਮਾਨ ਨੂੰ ਜਾਣਕਾਰੀ ਦੇ ਦਿੱਤੀ ਹੈ ਅਤੇ ਹੁਣ ਜੋ ਵੀ ਫੈਸਲਾ ਹੋਵੇਗਾ, ਉਹ ਪਾਰਟੀ ਵੱਲੋਂ ਹੀ ਲਿਆ ਜਾਵੇਗਾ।

**ਅਕਾਲੀ ਜਨਰਲ ਸਕੱਤਰ ਬੋਲੇ - ਮੈਨੂੰ ਜਾਣਕਾਰੀ ਨਹੀਂ ਕਿ ਸਾਡੇ ਨੇਤਾ ਡੋਡਾ ਦੇ ਨਾਲ ਹਨ**

ਅਕਾਲੀ ਦਲ ਦੇ ਜਨਰਲ ਸਕੱਤਰ ਮਨਜਿੰਦਰ ਸਿਰਸਾ ਨੇ ਕਿਹਾ ਕਿ ਸਾਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਹੈ ਕਿ ਅਕਾਲੀ ਦਲ ਦੇ ਲੋਕ ਸ਼ਿਵ ਲਾਲ ਡੋਡਾ ਦਾ ਸਾਥ ਦੇ ਰਹੇ ਹਨ। ਮੈਂ ਇਸ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਅਤੇ ਅਬੋਹਰ ਇਕਾਈ ਨਾਲ ਗੱਲ ਕਰਾਂਗਾ।

**ਸ਼ਰਾਬ ਕਾਰੋਬਾਰੀ, ਮੈਟ੍ਰਿਕ ਪਾਸ ਵੀ ਨਹੀਂ, ਉਸ ਦੇ ਅਤੇ ਪਤਨੀ ਤੇ 33 ਬੈਂਕ ਅਕਾਊਂਟ**

- ਹਲਫਨਾਮੇ ਅਨੁਸਾਰ ਡੋਡਾ ਕੋਲ 20.25 ਕਰੋੜ ਤੋਂ ਵੱਧ ਅਤੇ ਪਤਨੀ ਦੇ ਨਾਂ 'ਤੇ 121.60 ਕਰੋੜ ਦੀ ਜਾਇਦਾਦ ਹੈ।
- 2016-17 ਲਈ ਡੋਡਾ ਨੇ 4.10 ਕਰੋੜ ਤੇ ਉਸ ਦੀ ਪਤਨੀ ਨੇ 1.23 ਕਰੋੜ ਦੀ ਰਿਟਰਨ ਫਾਇਲ ਕੀਤੀ।
- ਡੋਡਾ ਕੋਲ 600 ਗ੍ਰਾਮ ਸੋਨਾ (18 ਲੱਖ ਕੀਮਤ) ਅਤੇ ਪਤਨੀ ਕੋਲ 500 ਗ੍ਰਾਮ ਸੋਨਾ (15 ਲੱਖ ਕੀਮਤ) ਹੈ।
- ਡੋਡਾ ਦੇ 22, ਪਤਨੀ ਦੇ 11 ਬੈਂਕ ਅਕਾਊਂਟ ਹਨ।
- 48 ਸਾਲ ਦਾ ਡੋਡਾ ਅੰਡਰ ਮੈਟ੍ਰਿਕ ਹੈ ਅਤੇ ਸ਼ਰਾਬ ਕਾਰੋਬਾਰੀ ਹੈ। ਦੋ ਕ੍ਰਿਮੀਨਲ ਕੇਸ ਪੈਂਡਿੰਗ ਹਨ।

**ਕਵਰਿੰਗ ਕੈਂਡੀਡੇਟ ਭਤੀਜਾ ਵੀ ਅੰਡਰ ਮੈਟ੍ਰਿਕ :** ਅਮਿਤ ਡੋਡਾ ਨੇਵੀ 14.73 ਕਰੋੜ ਦੀ ਜਾਇਦਾਦ ਐਲਾਨੀ ਹੈ। 14 ਬੈਂਕ ਅਕਾਊਂਟ ਹਨ। ਇਕ ਕ੍ਰਿਮਿਨਲ ਕੇਸ ਵੀ ਦਰਜ ਹੈ।

## ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਲੋਂ ਅਕਾਲੀ ਉਮੀਦਵਾਰਾਂ ਨੂੰ ਵੋਟ ਨਾ ਪਾਉਣ ਦਾ ਸੱਦਾ

**ਫਤਿਹਗੜ੍ਹ ਪੰਜਤੂਰ/ਬਿਊਰੋ ਨਿਊਜ਼ :** ਤਖ਼ਤ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਪੰਜਾਬ ਵਾਸੀਆਂ ਨੂੰ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਨਾ ਪਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਅਕਾਲੀ ਦਲ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਅਤੇ ਨਸ਼ੇ ਦੇ ਸੌਦਾਗਰਾਂ ਨਾਲ ਮਿਲੀਭੁਗਤ ਦੇ ਦੋਸ਼ ਲਾਏ। ਏਕ ਨੂਰ ਖਾਲਸਾ ਦੀ ਜ਼ਿਲ੍ਹਾ ਜਥੇਬੰਦੀ ਵੱਲੋਂ ਧਰਮਕੋਟ ਹਲਕੇ ਵਿੱਚ ਕੱਢੇ ਰੋਸ ਮਾਰਚ ਦੀ ਅਗਵਾਈ ਕਰਦੇ ਹੋਏ ਬਲਵੰਤ ਸਿੰਘ ਨੰਦਗੜ੍ਹ ਨੇ ਲੋਕਾਂ ਨੂੰ ਅਕਾਲੀ ਉਮੀਦਵਾਰਾਂ ਦੇ ਹੱਕ ਵਿੱਚ ਨਾ ਭੁਗਤਣ ਦੀ ਅਪੀਲ ਕੀਤੀ। ਇਸ ਰੋਸ ਮਾਰਚ ਵਿੱਚ ਏਕ ਨੂਰ ਖਾਲਸਾ ਫ਼ੌਜ ਤੋਂ ਇਲਾਵਾ ਦਲ ਖਾਲਸਾ ਅਤੇ ਪੰਥਕ ਜਥੇਬੰਦੀਆਂ ਦੇ ਸਮਰਥਕ ਸ਼ਾਮਲ ਹੋਏ। ਇਸ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ 100 ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਮੁਲਜ਼ਮ ਅਜੇ ਤੱਕ ਗ੍ਰਿਫ਼ਤ ਵਿੱਚ ਨਹੀਂ ਆਏ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਭਾਈ ਹਰਜਿੰਦਰ ਸਿੰਘ ਬਾਜੇਕੇ ਨੇ ਅਕਾਲੀ ਦਲ ਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੰਦੇ ਹੋਏ ਅਕਾਲੀ ਉਮੀਦਵਾਰਾਂ ਨੂੰ ਹਰਾਉਣ ਦੀ ਅਪੀਲ ਕੀਤੀ। ਇਸ ਮੌਕੇ ਦਸਮੇਸ਼ ਪ੍ਰਚਾਰ ਲਹਿਰ ਦੇ ਸਥਾਨਕ ਪ੍ਰਬੰਧਕ ਨਿਰਵੈਰ ਸਿੰਘ, ਸੁਰਜੀਤ ਸਿੰਘ, ਭਾਈ ਵਰਿੰਦਰ ਸਿੰਘ ਰਿੱਕੀ, ਬਲਜੀਤ ਸਿੰਘ ਖਾਲਸਾ ਤੇ ਕਰਮਜੀਤ ਸਿੰਘ ਖਾਲਸਾ ਹਾਜ਼ਰ ਸਨ।



## ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹੁਸੈਨਪੁਰ 'ਆਪ' ਵਿਚ ਸ਼ਾਮਲ

**ਨਵਾਂ ਸ਼ਹਿਰ/ਬਿਊਰੋ ਨਿਊਜ਼ :** ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਕਾਲੀ ਦਲ ਬਾਦਲ ਨੂੰ ਉਦੋਂ ਝਟਕਾ ਵੱਜਿਆ, ਜਦੋਂ ਇਸ ਜ਼ਿਲ੍ਹੇ ਦੇ ਹਲਕਾ ਬਲਾਚੌਰ ਤੋਂ ਚੁਣੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। 'ਆਪ' ਦੇ ਪੰਜਾਬ ਵਿਚਲੇ ਇੰਚਾਰਜ ਸ੍ਰੀ ਸੰਜੇ ਸਿੰਘ ਨੇ ਜਥੇਦਾਰ ਹੁਸੈਨਪੁਰ, ਜਥੇਦਾਰ ਜੈ ਸਿੰਘ ਦਿਲਾਵਰਪੁਰ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਸ੍ਰੀ ਹੁਸੈਨਪੁਰ ਨੇ ਬੀਤੇ ਵਰ੍ਹੇ ਬਰਗਾੜੀ ਕਾਂਡ ਮੌਕੇ ਰੋਸ ਵਜੋਂ ਬਾਦਲ ਦਲ ਤੋਂ ਤਿਆਗ ਪੱਤਰ ਦੇ ਦਿੱਤਾ ਸੀ। ਕਈ ਦਹਾਕੇ ਬਾਦਲ ਦਲ ਦੇ ਜ਼ਿਲ੍ਹਾ ਪ੍ਰਧਾਨ ਰਹੇ ਜਥੇਦਾਰ ਹੁਸੈਨਪੁਰ ਸਿੱਖ ਸਿਆਸਤ ਵਿਚ ਟਕਸਾਲੀ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੇ 'ਆਪ' ਵਿਚ ਚਲੇ ਜਾਣ ਨਾਲ, ਪਹਿਲਾਂ ਤੋਂ ਹੀ ਪੰਥਕ ਵੋਟਰਾਂ ਦੇ ਤਕੜੇ ਵਿਰੋਧ ਦਾ ਸਾਹਮਣਾ ਕਰ ਰਹੇ ਬਾਦਲ ਦਲ ਦੀ ਹਾਲਤ ਹੋਰ ਵੀ ਪਤਲੀ ਹੋ ਗਈ ਹੈ। ਤਾਜ਼ਾ ਹਾਲਾਤ ਮੁਤਾਬਕ ਨਵਾਂ ਸ਼ਹਿਰ ਜ਼ਿਲ੍ਹੇ ਦਾ ਇਕੋ ਸ਼੍ਰੋਮਣੀ ਕਮੇਟੀ ਮੈਂਬਰ ਬਾਦਲ ਦਲ ਸਮਰਥਕ ਰਹਿ ਗਿਆ ਹੈ। ਤੀਜੇ ਮੈਂਬਰ ਜਥੇਦਾਰ ਸੁਖਦੇਵ ਸਿੰਘ 'ਭੌਰ' ਵੀ ਬਰਗਾੜੀ ਕਾਂਡ ਮੌਕੇ ਬਾਦਲ ਦਲ ਨੂੰ ਅਲਵਿਦਾ ਕਹਿ ਚੁੱਕੇ ਹਨ। ਤੀਜੇ ਮੈਂਬਰ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਵੀ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਕਾਰਨ ਬਾਦਲ ਦਲ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਕੁਝ ਮਹੀਨਿਆਂ ਬਾਅਦ ਹੀ ਉਹ ਬਾਦਲ ਦਲ ਵਿਚ ਛੜੱਪਾ ਮਾਰ ਗਿਆ ਸੀ।



## ਕਾਂਗਰਸ ਦੀ ਤਿੰਨ ਹੋਰ ਉਮੀਦਵਾਰਾਂ ਨਾਲ ਆਖ਼ਰੀ ਸੂਚੀ ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਲਗਭਗ ਸਾਰੀਆਂ ਪਾਰਟੀਆਂ ਦੇ ਉਮੀਦਵਾਰ ਤੈਅ ਹੋ ਚੁੱਕੇ ਹਨ, ਜਿਨ੍ਹਾਂ ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰ ਦਿੱਤੀਆਂ ਹਨ, ਉਹ ਰੋਡ ਸ਼ੋਅ ਕਰ ਰਹੇ ਹਨ ਤੇ ਨੁੱਕੜ ਮੀਟਿੰਗਾਂ ਵਿਚ ਜੁਟ ਗਏ ਹਨ। ਭਾਜਪਾ ਵਿਚ ਟਿਕਟ ਵੰਡ ਨੂੰ ਲੈ ਕੇ ਘਮਾਸਾਨ ਮਚਿਆ ਹੋਇਆ ਹੈ। ਪੰਜਾਬ ਵਿਚ ਚਾਰ ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਹਾਈ ਕਮਾਨ ਵਲੋਂ ਉਮੀਦਵਾਰਾਂ ਦੀ ਛੇਵੀਂ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਵਿਚ ਕਾਂਗਰਸ ਵਲੋਂ ਤਿੰਨ ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਅੰਮ੍ਰਿਤਸਰ ਦੱਖਣੀ ਤੋਂ ਇੰਦਰਬੀਰ ਸਿੰਘ ਬੁਲਾਰੀਆ, ਮਾਨਸਾ ਤੋਂ ਡਾ. ਮੰਜੂ ਬਾਂਸਲ ਅਤੇ ਲੁਧਿਆਣਾ ਪੂਰਬੀ ਤੋਂ ਸੰਜੀਵ ਤਲਵਾੜ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ। ਬੁਲਾਰੀਆ ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਹਨ, ਜਿਹੜੇ ਹਾਲ ਹੀ ਵਿਚ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਹਨ। ਡਾ. ਮੰਜੂ ਬਾਂਸਲ ਸਾਬਕਾ ਕਾਂਗਰਸੀ ਵਿਧਾਇਕ ਮੰਗਤ ਰਾਏ ਬਾਂਸਲ ਦੀ ਪਤਨੀ ਹਨ, ਜਦਕਿ ਸੰਜੇ ਤਲਵਾੜ ਲੁਧਿਆਣਾ ਤੋਂ ਮੌਜੂਦਾ ਕੌਂਸਲਰ ਹਨ। ਇਨ੍ਹਾਂ ਤਿੰਨ ਨਾਵਾਂ ਦੇ ਨਾਲ ਪਾਰਟੀ ਨੇ 4 ਫਰਵਰੀ ਨੂੰ ਤੈਅ ਪੰਜਾਬ ਵਿਧਾਨ ਸਭਾ ਚੋਣਾਂ ਲਈ 117 ਵਿਧਾਨ ਸਭਾ ਸੀਟਾਂ 'ਤੇ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਾਂਗਰਸ ਵਲੋਂ ਪੰਜ ਸੂਚੀਆਂ ਜਾਰੀ ਕਰਕੇ ਚੋਣਾਂ ਲਈ ਆਪਣੇ 114 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਸੋਮਵਾਰ ਨੂੰ ਕਾਂਗਰਸ ਨੇ ਪੰਜਵੀਂ ਸੂਚੀ ਵਿਚ ਦਿੱਗਜ ਆਗੂਆਂ ਦੇ ਨਾਵਾਂ ਦਾ ਐਲਾਨ ਕੀਤਾ ਸੀ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਕਾਂਗਰਸ ਹਾਈ ਕਮਾਨ ਵਲੋਂ ਪਟਿਆਲੇ ਦੇ ਨਾਲ-ਨਾਲ ਮੁੱਖ ਮੰਤਰੀ ਬਾਦਲ ਖਿਲਾਫ ਲੰਬੀ ਤੋਂ ਵੀ ਚੋਣ ਲੜਨ ਦੀ ਇੱਛਾ ਜ਼ਾਹਰ ਕੀਤੀ ਸੀ, ਜਿਸ 'ਤੇ ਕਾਂਗਰਸ ਨੇ ਪੰਜਵੀਂ ਸੂਚੀ ਵਿਚ ਮੋਹਰ ਲਾ ਦਿੱਤੀ ਹੈ।

## ਨਾਰਾਜ਼ ਕਾਂਗਰਸੀਆਂ ਨੇ ਕੈਪਟਨ ਨੂੰ ਮੋਤੀ ਮਹਿਲ ਅੰਦਰ ਘੇਰਿਆ

**ਪਟਿਆਲਾ/ਬਿਊਰੋ ਨਿਊਜ਼ :** ਕੋਟਕਪੂਰਾ ਤੋਂ ਕਾਂਗਰਸ ਵੱਲੋਂ ਮੈਦਾਨ ਵਿੱਚ ਉਤਾਰੇ ਗਏ ਹਰਨਿਰਪਾਲ ਸਿੰਘ ਕੁੱਕੂ ਨੂੰ ਬਦਲੇ ਜਾਣ ਦੀ ਮੰਗ ਮਨਵਾਉਣ ਲਈ ਕਾਂਗਰਸੀ ਵਰਕਰਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਗੱਡੀ ਘੇਰ ਲਈ। ਇਸ ਮੌਕੇ ਕੈਪਟਨ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ, ਪਰ ਗੱਲ ਕਿਸੇ ਸਿਰੇ ਨਹੀਂ ਲੱਗੀ। ਪ੍ਰਾਪਤ ਜਾਣਕਾਰੀ ਮੁਤਾਬਕ ਪੰਜ ਦਰਜਨ ਦੇ ਕਰੀਬ ਕਾਂਗਰਸੀ ਵਰਕਰ ਇਥੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਆ ਕੇ ਮਿਲੇ, ਜਿਸ ਦੌਰਾਨ ਵਰਕਰਾਂ ਨੇ ਸ੍ਰੀ ਕੁੱਕੂ ਦੇ ਢੁੱਕਵਾਂ ਉਮੀਦਵਾਰ ਨਾ ਹੋਣ ਦੀ ਗੱਲ ਆਖਦਿਆਂ ਉਨ੍ਹਾਂ ਨੂੰ ਬਦਲ ਕੇ ਅਜੈਪਾਲ ਸਿੰਘ ਸੰਧੂ ਨੂੰ ਉਮੀਦਵਾਰ ਬਣਾਉਣ 'ਤੇ ਜ਼ੋਰ ਦਿੱਤਾ। ਇਹ ਗੱਲਬਾਤ ਮੋਤੀ ਮਹਿਲ ਵਿੱਚ ਹੋਈ। ਇਸ ਦੌਰਾਨ ਕੈਪਟਨ ਨੇ ਉਨ੍ਹਾਂ ਨੂੰ ਪਾਰਟੀ ਦੀ ਹਮਾਇਤ ਵਿਚ ਡਟਣ ਦੀ ਸਲਾਹ ਦਿੱਤੀ। ਜਦੋਂ ਇਹ ਵਰਕਰ ਆਪਣਾ ਪੱਖ ਉੱਚੀ ਉੱਚੀ ਬੋਲ ਕੇ ਰੱਖਣ ਲੱਗੇ, ਤਾਂ ਕੈਪਟਨ ਨੇ ਦੋ ਟੁੱਕ ਜਵਾਬ ਦਿੱਤਾ ਕਿ 'ਟਿਕਟ ਨਹੀਂ ਬਦਲੇਗੀ'। ਇਸ ਤੋਂ ਬਾਅਦ ਕੈਪਟਨ ਹੋਰ ਵਰਕਰਾਂ ਨੂੰ ਮਿਲਣ ਲਈ ਅੰਦਰ ਚਲੇ ਗਏ, ਪਰ ਜਦੋਂ ਉਹ ਆਪਣੇ ਕਾਫਲੇ ਸਮੇਤ ਰਵਾਨਾ ਹੋਏ, ਤਾਂ ਮਹਿਲ ਵਿੱਚੋਂ ਵਾਪਸ ਜਾ ਰਹੇ ਇਨ੍ਹਾਂ ਵਰਕਰਾਂ ਨੇ ਕਾਂਗਰਸ ਪ੍ਰਧਾਨ ਦੀਆਂ ਗੱਡੀਆਂ ਵਾਲਾ ਕਾਫ਼ਲਾ ਰੋਕ ਲਿਆ। ਇਹ ਵਰਕਰ ਜਦੋਂ ਸੁਰੱਖਿਆ ਮੁਲਾਜ਼ਮਾਂ ਦੇ ਕਹਿਣ 'ਤੇ ਵੀ ਪਾਸੇ ਨਾ ਹੋਏ, ਤਾਂ ਕੈਪਟਨ ਨੇ ਖ਼ੁਦ ਹੀ ਕਿਹਾ ਕਿ ਵਰਕਰਾਂ ਨੂੰ ਅੱਗੇ ਆਉਣ ਦਿਓ। ਕੈਪਟਨ ਨੇ ਗੱਡੀ ਵਿੱਚ ਖੜ੍ਹ ਕੇ ਹੀ ਉਨ੍ਹਾਂ ਨਾਲ ਗੱਲਬਾਤ ਕੀਤੀ। ਵਰਕਰਾਂ ਦੇ ਤਿੱਖੇ ਤੇਵਰਾਂ ਦੇ ਬਾਵਜੂਦ ਕੈਪਟਨ ਪਿਆਰ ਨਾਲ ਗੱਲ ਕਰਦੇ ਰਹੇ, ਪਰ ਰੋਹ ਵਿਚ ਆਏ ਵਰਕਰਾਂ ਦਾ ਕਹਿਣਾ ਸੀ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਪਾਰਟੀ ਸੀਟ ਹਾਰ ਜਾਵੇਗੀ।

## ਭਾਜਪਾ ਨੇ 17 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਜਪਾ ਨੇ ਪੰਜਾਬ ਚੋਣਾਂ ਲਈ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨੌਜਵਾਨਾਂ ਨੂੰ ਸਿਆਸਤ ਵਿਚ ਵਧੇਰੇ ਮੌਕੇ ਦੇਣ ਅਤੇ ਬਜ਼ੁਰਗ ਸਿਆਸਤਦਾਨਾਂ ਨੂੰ 'ਮਾਰਗਦਰਸ਼ਕ' ਦੀ ਭੂਮਿਕਾ ਨਿਭਾਉਣ ਦੇ ਪਹਿਲਾਂ ਕੀਤੇ ਐਲਾਨ ਦੀ ਤਰਜ਼ 'ਤੇ ਭਾਜਪਾ ਨੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਗਠਜੋੜ ਭਾਈਵਾਲ ਭਾਜਪਾ ਆਪਸੀ ਸਮਝੌਤੇ ਮੁਤਾਬਕ 23 ਸੀਟਾਂ 'ਤੇ ਚੋਣ ਲੜਦੀ ਹੈ। ਮੌਜੂਦਾ ਵਿਧਾਨ ਸਭਾ ਵਿਚੋਂ ਪਾਰਟੀ ਦੇ 11 ਵਿਧਾਇਕ ਹਨ, ਜਿਨ੍ਹਾਂ ਵਿਚੋਂ ਜਾਰੀ ਕੀਤੇ 17 ਉਮੀਦਵਾਰਾਂ ਦੀ ਸੂਚੀ ਵਿਚ 5 ਵਿਧਾਇਕਾਂ ਦੇ ਹੀ ਨਾਂਅ ਸ਼ਾਮਲ ਹਨ, ਜਿਨ੍ਹਾਂ 6 ਵਿਧਾਇਕਾਂ ਦੇ ਟਿਕਟ ਰੋਕੇ ਗਏ ਹਨ ਉਨ੍ਹਾਂ ਵਿਚ 4 ਮੰਤਰੀ ਸ਼ਾਮਲ ਹਨ, ਜਿਨ੍ਹਾਂ ਵਿਚੋਂ 2 ਮੰਤਰੀ ਉਮਰ ਦੇ ਘੇਰੇ ਹੇਠ ਆਉਂਦੇ ਹਨ। 81 ਸਾਲਾ ਤਕਨੀਕੀ ਸਿੱਖਿਆ ਅਤੇ ਉਦਯੋਗ ਮੰਤਰੀ ਮਦਨ ਮੋਹਨ ਮਿੱਤਲ ਅਤੇ 84 ਸਾਲਾ ਕਿਰਤ ਮੰਤਰੀ ਚੂਨੀ ਲਾਲ ਭਗਤ ਦਾ ਨਾਂਅ ਇਸ ਸੂਚੀ ਵਿਚ ਸ਼ਾਮਲ ਨਹੀਂ ਹੈ। ਹਲਕਿਆਂ ਮੁਤਾਬਕ ਦੋਵੇਂ ਬਜ਼ੁਰਗ ਨੇਤਾ ਆਪਣੀ ਥਾਂਅ 'ਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਟਿਕਟ ਦੀ ਮੰਗ ਕਰ ਰਹੇ ਹਨ। ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੇ ਸਕੱਤਰ ਅਤੇ ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਬਾਕੀ ਨਾਵਾਂ ਦਾ ਐਲਾਨ ਅਗਲੀ ਸੂਚੀ ਵਿਚ ਕੀਤਾ ਜਾਏਗਾ। ਰਸਮੀ ਤੌਰ 'ਤੇ ਐਲਾਨੀ ਸੂਚੀ ਬਾਰੇ ਫ਼ੈਸਲੇ ਲਈ ਨਵੀਂ ਦਿੱਲੀ ਵਿਖੇ ਬੈਠਕ ਕੀਤੀ ਗਈ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਬੈਠਕ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਸਮੇਤ ਕਈ ਚੋਟੀ ਦੇ ਨੇਤਾਵਾਂ ਨੇ ਸ਼ਿਰਕਤ ਕੀਤੀ। ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਈ ਅੰਮ੍ਰਿਤਸਰ (ਪੂਰਬੀ) ਹਲਕੇ ਤੋਂ ਮੌਜੂਦਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਦੀ ਥਾਂ 'ਤੇ ਰਾਜੇਸ਼ ਹਨੀ ਨੂੰ ਟਿਕਟ ਦਿੱਤੀ ਗਈ ਹੈ, ਜਿਥੇ ਉਨ੍ਹਾਂ ਦਾ ਮੁਕਾਬਲਾ ਭਾਜਪਾ ਨੂੰ ਅਲਵਿਦਾ ਕਹਿਣ ਵਾਲੇ ਅਤੇ ਫਿਲਹਾਲ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਨਵਜੋਤ ਸਿੰਘ ਸਿੱਧੂ ਨਾਲ ਹੋਵੇਗਾ। ਦੱਸਣਯੋਗ ਹੈ ਕਿ ਡਾ. ਨਵਜੋਤ ਕੌਰ ਸਿੱਧੂ ਨੇ ਅੰਮ੍ਰਿਤਸਰ ਤੋਂ ਇਹ ਬਿਆਨ ਦਿੱਤਾ ਸੀ ਕਿ ਉਨ੍ਹਾਂ ਦੀ ਥਾਂ 'ਤੇ ਸਿੱਧੂ ਇਸ ਸੀਟ ਤੋਂ ਲੜਨਗੇ। ਇਕ ਪਰਿਵਾਰ ਇਕ ਟਿਕਟ ਦਾ ਸਿਧਾਂਤ ਅਪਣਾ ਰਹੀ ਕਾਂਗਰਸ ਨੇ ਇਹ ਸੀਟ ਸਿੱਧੂ ਜੋੜੇ ਲਈ ਰਾਖਵੀਂ ਰੱਖੀ ਹੈ। ਜਿਨ੍ਹਾਂ ਮੌਜੂਦਾ ਵਿਧਾਇਕਾਂ ਦੇ ਨਾਂਅ ਪਹਿਲੀ ਸੂਚੀ ਵਿਚ ਆਏ ਹਨ ਉਹ ਹਨ ਸੁਜਾਨਪੁਰ ਤੋਂ ਦਿਨੇਸ਼ ਸਿੰਘ ਬੱਬੂ, ਭੋਆ ਤੋਂ ਸੀਮਾ ਕੁਮਾਰੀ, ਪਠਾਨਕੋਟ ਤੋਂ ਅਸ਼ਵਨੀ ਸ਼ਰਮਾ, ਦਸੂਹਾ ਤੋਂ ਸੁਖਜੀਤ ਕੌਰ ਸਾਹੀ ਅਤੇ ਜਲੰਧਰ (ਉੱਤਰੀ) ਤੋਂ ਕੇ.ਡੀ. ਭੰਡਾਰੀ। ਭਾਜਪਾ ਦੇ ਰਾਸ਼ਟਰੀ ਸਕੱਤਰ ਤਰੁਣ ਚੁੱਘ ਨੂੰ ਅੰਮ੍ਰਿਤਸਰ (ਕੇਂਦਰੀ) ਹਲਕੇ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਰਾਜਪੁਰਾ ਤੋਂ ਹਰਜੀਤ ਸਿੰਘ ਗਰੇਵਾਲ, ਅਬੋਹਰ ਤੋਂ ਅਰੁਣ ਨਾਰੰਗ, ਫਿਰੋਜ਼ਪੁਰ ਸ਼ਹਿਰ ਤੋਂ ਸੁਖਪਾਲ ਸਿੰਘ ਨੰਨੂ, ਲੁਧਿਆਣਾ (ਪੱਛਮੀ) ਤੋਂ ਕਮਲ ਚੇਤਲੀ, ਲੁਧਿਆਣਾ (ਉੱਤਰੀ) ਤੋਂ ਪ੍ਰਵੀਨ ਬਾਂਸਲ, ਲੁਧਿਆਣਾ (ਕੇਂਦਰੀ) ਤੋਂ ਗੁਰਦੇਵ ਸ਼ਰਮਾ, ਹੁਸ਼ਿਆਰਪੁਰ ਤੋਂ ਤੀਕਸ਼ਣ ਸੂਦ ਅਤੇ ਮੁਕੇਰੀਆਂ ਤੋਂ ਅਰੁਣੇਸ਼ ਸ਼ਾਕਰ ਨੂੰ ਟਿਕਟ ਦਿੱਤੀ ਗਈ ਹੈ ਜਦਕਿ ਅੰਮ੍ਰਿਤਸਰ (ਪੱਛਮੀ) ਤੋਂ ਰਾਕੇਸ਼ ਗਿੱਲ ਅਤੇ ਦੀਨਾਨਗਰ ਤੋਂ ਬੀ. ਡੀ. ਧੁੱਪੜ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

**ਛੀਨਾ ਲੋਕ ਸਭਾ ਲਈ ਅੰਮ੍ਰਿਤਸਰ ਤੋਂ ਉਮੀਦਵਾਰ**

**ਚੰਡੀਗੜ੍ਹ :** ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਉਪ ਚੋਣ ਲਈ ਭਾਜਪਾ ਨੇ ਸ. ਰਜਿੰਦਰ ਮੋਹਨ ਸਿੰਘ ਛੀਨਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਨਵੀਂ ਦਿੱਲੀ ਵਿਚ ਪਾਰਟੀ ਦੇ ਸੰਸਦੀ ਬੋਰਡ ਦੀ ਬੈਠਕ ਵਿਚ ਸ. ਛੀਨਾ ਦੇ ਨਾਂਅ 'ਤੇ ਮੋਹਰ ਲਾਈ ਗਈ। ਬੈਠਕ ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਤੇ ਕੇਂਦਰੀ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਸਮੇਤ 6 ਕਮੇਟੀ ਮੈਂਬਰ ਮੌਜੂਦ ਸਨ। ਛੀਨਾ ਇਸ ਸਮੇਂ ਪੰਜਾਬ ਨੈਸ਼ਨਲ ਬੈਂਕ ਦੇ ਆਲ ਇੰਡੀਆ ਡਾਇਰੈਕਟਰ ਹਨ। ਸਾਲ 2007 ਵਿੱਚ ਅੰਮ੍ਰਿਤਸਰ ਪੱਛਮੀ ਤੋਂ ਭਾਜਪਾ ਵੱਲੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਛੀਨਾ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਰਹਿ ਚੁੱਕੇ ਹਨ ਅਤੇ ਛੋਟੀਆਂ ਉਦਯੋਗਿਕ ਇਕਾਈਆਂ ਵਿਭਾਗ ਪੰਜਾਬ ਦੇ ਉਪ ਚੇਅਰਮੈਨ ਦੇ ਅਹੁਦੇ 'ਤੇ ਵੀ ਉਨ੍ਹਾਂ ਕੰਮ ਕੀਤਾ ਹੈ।

# ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਹੀਂ ਰਹੇ, ਸਰਕਾਰੀ ਸਨਮਾਨਾਂ ਨਾਲ ਕੀਤਾ ਸਸਕਾਰ

**ਬਰਨਾਲਾ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ (91) ਦਾ ਇੱਥੇ ਪੀਜੀਆਈ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਸੁਰਜੀਤ ਕੌਰ ਬਰਨਾਲਾ ਅਤੇ ਦੋ ਪੁੱਤਰ ਜਸਜੀਤ ਸਿੰਘ ਅਤੇ ਗਗਨਜੀਤ ਸਿੰਘ ਹਨ। ਗਗਨਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਬਰਨਾਲਾ ਦੋ ਦਿਨਾਂ ਤੋਂ ਪੀਜੀਆਈ ਵਿਚ ਜ਼ੇਰੇ-ਇਲਾਜ ਸਨ। ਉਨ੍ਹਾਂ ਨੂੰ ਇਨਫੈਕਸ਼ਨ ਹੋ ਗਈ ਸੀ ਅਤੇ ਤੇਜ਼ ਬੁਖਾਰ ਵੀ ਸੀ। ਸੁਰਜੀਤ ਸਿੰਘ ਬਰਨਾਲਾ ਨੂੰ ਇੱਥੇ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਕੱਤਰ ਰਿਸ਼ਤੇਦਾਰਾਂ, ਸਨੇਹੀਆਂ, ਵਰਕਰਾਂ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਦੇਹ ਦੇ ਦਰਸ਼ਨਾਂ ਮਗਰੋਂ ਕਰੀਬ ਚਾਰ ਕੁ ਵਜੇ ਰਾਮ ਬਾਗ ਦੇ ਸ਼ਮਸ਼ਾਨਘਾਟ ਵਿੱਚ ਲਿਜਾਇਆ ਗਿਆ, ਜਿੱਥੇ ਪੰਜਾਬ ਪੁਲੀਸ ਦੀ ਟੁਕੜੀ ਨੇ ਹਵਾਈ ਫਾਇਰ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਚਿਖਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਜਸਜੀਤ ਸਿੰਘ ਤੇ ਗਗਨਜੀਤ ਸਿੰਘ ਬਰਨਾਲਾ ਨੇ ਦਿਖਾਈ। ਇਸ ਮੌਕੇ ਸ੍ਰੀ ਬਰਨਾਲਾ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ, ਪੋਤਰਾ ਸਿਮਰ ਪ੍ਰਤਾਪ ਸਿੰਘ, ਭਾਣਜਾ ਹਰਿੰਦਰ ਪਾਲ ਸਿੰਘ ਖਰੌੜ ਅਤੇ ਹੋਰ ਪਰਿਵਾਰਕ ਮੈਂਬਰ ਹਾਜ਼ਰ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਤਾਮਿਲਨਾਡੂ ਸਰਕਾਰ ਵੱਲੋਂ ਡਿਪਟੀ ਕਮਿਸ਼ਨਰ ਅਮਰ ਪ੍ਰਤਾਪ ਸਿੰਘ ਵਿਰਕ, ਜ਼ਿਲ੍ਹਾ ਪੁਲੀਸ ਪ੍ਰਸ਼ਾਸਨ ਵੱਲੋਂ ਗੁਰਸ਼ਰਨਜੀਤ ਸਿੰਘ ਗਰੇਵਾਲ ਅਤੇ ਵੱਖ ਵੱਖ ਸ਼ਖ਼ਸੀਅਤਾਂ ਨੇ ਦੇਹ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਅੰਤਿਮ ਵਿਦਾਇਗੀ ਵੇਲੇ ਉੱਤਰਾਖੰਡ ਦੇ ਖੇਡ ਤੇ ਵਣ ਮੰਤਰੀ ਦਿਨੇਸ਼ ਅਗਰਵਾਲ, ਉੱਤਰਾਖੰਡ ਰਾਜ ਭਵਨ ਦੇ ਪ੍ਰੋਟੋਕੋਲ ਅਫ਼ਸਰ ਸੰਤੋਸ਼ ਸ਼ੁਕਲਾਨੀ, ਪੰਜਾਬ ਦੇ ਖੇਤੀਬਾੜੀ ਮੰਤਰੀ ਤੋਤਾ ਸਿੰਘ, ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਗੋਬਿੰਦ ਸਿੰਘ ਕਾਂਝਲਾ, ਟਰਾਈਡੈਂਟ ਉਦਯੋਗ ਸਮੂਹ ਦੇ ਚੇਅਰਮੈਨ ਰਾਜਿੰਦਰ ਗੁਪਤਾ, ਪੰਜਾਬ ਕਾਂਗਰਸ ਦੇ ਸੂਬਾਈ ਮੀਤ ਪ੍ਰਧਾਨ ਤੇ ਵਿਧਾਇਕ ਕੇਵਲ ਸਿੰਘ ਢਿੱਲੋਂ, ਸਾਬਕਾ ਸੰਸਦ ਮੈਂਬਰ ਵਿਜੇਇੰਦਰ ਸਿੰਗਲਾ, ਆਮ ਆਦਮੀ ਪਾਰਟੀ ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਯਾਦਵ



ਵੀ ਹਾਜ਼ਰ ਸਨ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਦੇਹਾਂਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਰਨਾਲਾ ਨੂੰ ਹਮੇਸ਼ਾ ਅਤਿਵਾਦ ਖ਼ਿਲਾਫ਼ ਸਖ਼ਤ ਸਟੈਂਡ ਲੈਣ ਲਈ ਯਾਦ ਕੀਤਾ ਜਾਵੇਗਾ। ਇਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਸ੍ਰੀ ਬਰਨਾਲਾ ਦੇ ਦੇਹਾਂਤ ਉਤੇ ਦੁੱਖ ਪ੍ਰਗਟਾਇਆ।

ਜ਼ਿਕਰਯੋਗ ਹੈ ਕਿ ਅੰਤਿਮ ਦਿਨਾਂ ਦੌਰਾਨ ਸ੍ਰੀ ਬਰਨਾਲਾ ਦਾ ਧਿਆਨ ਪੜ੍ਹਨ-ਲਿਖਣ 'ਤੇ ਕੇਂਦਰਿਤ ਸੀ ਅਤੇ ਇਨ੍ਹੀਂ ਦਿਨੀਂ ਉਹ ਕਿਤਾਬ ਲਿਖ ਰਹੇ ਸਨ। ਸ੍ਰੀ ਬਰਨਾਲਾ ਸ਼੍ਰੋਮਣੀ ਅਕਾਲੀ ਦਲ ਦੇ ਮੂਹਰਲੀਆਂ ਸਫ਼ਾਂ ਦੇ ਆਗੂ ਰਹੇ ਹਨ, ਜੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਰਾਣੇ ਸਿਆਸੀ ਸਾਥੀਆਂ ਵਿੱਚੋਂ ਇਕ ਸਨ। ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਦੋ ਵਾਰ ਕੇਂਦਰੀ ਵਜ਼ੀਰ ਰਹੇ। ਇਸ ਤੋਂ ਬਿਨਾਂ ਉਹ ਆਂਧਰਾ ਪ੍ਰਦੇਸ਼, ਉਤਰਾਖੰਡ, ਉੜੀਸਾ ਅਤੇ ਤਾਮਿਲਨਾਡੂ ਦੇ ਰਾਜਪਾਲ ਅਤੇ ਪੁੱਡੂਚੇਰੀ ਦੇ ਉਪ ਰਾਜਪਾਲ ਵੀ ਰਹੇ। ਉਨ੍ਹਾਂ ਵੱਖ-ਵੱਖ ਅਕਾਲੀ ਅੰਦੋਲਨਾਂ ਅਤੇ ਐਮਰਜੈਂਸੀ ਦੌਰਾਨ ਜੇਲ੍ਹ ਵੀ ਕੱਟੀ। 21 ਅਕਤੂਬਰ 1925 ਨੂੰ ਜਨਮੇ ਸ੍ਰੀ ਬਰਨਾਲਾ ਨੇ ਜਵਾਨੀ ਦੇ ਦਿਨਾਂ ਦੌਰਾਨ 1942 ਵਿੱਚ 'ਭਾਰਤ ਛੱਡੋ ਮੁਹਿੰਮ' ਵਿੱਚ ਵੀ ਹਿੱਸਾ ਲਿਆ। ਸ੍ਰੀ ਬਰਨਾਲਾ ਦੇ ਚਲਾਣੇ ਨਾਲ ਉਨ੍ਹਾਂ ਦੇ ਹਮਾਇਤੀਆਂ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਪੀ ਸਿੰਘ ਬਦਨੌਰ ਨੇ ਸੁਰਜੀਤ ਸਿੰਘ ਬਰਨਾਲਾ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਕੁਸ਼ਲ ਪ੍ਰਸ਼ਾਸਕ, ਨੇਕ ਇਨਸਾਨ ਅਤੇ ਸੁਲਝੇ ਹੋਏ ਸਿਆਸਤਦਾਨ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੁਰਜੀਤ ਸਿੰਘ ਬਰਨਾਲਾ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ, ਪੰਜਾਬੀਅਤ ਅਤੇ ਦੇਸ਼ ਦੇ ਸਰੋਕਾਰਾਂ ਨਾਲ ਨੇੜਿਓਂ ਜੁੜੇ ਰਹੇ ਸ੍ਰੀ ਬਰਨਾਲਾ ਨੇ ਰਾਜਨੀਤੀ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਸੁਰਜੀਤ ਸਿੰਘ ਬਰਨਾਲਾ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

## ਜਦੋਂ ਬਰਨਾਲਾ ਪ੍ਰਧਾਨ ਮੰਤਰੀ ਬਣਨੋਂ ਰਹਿ ਗਏ...

ਚੰਡੀਗੜ੍ਹ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ 5 ਸੂਬਿਆਂ ਦੇ ਰਾਜਪਾਲ ਰਹੇ ਸੁਰਜੀਤ ਸਿੰਘ ਬਰਨਾਲਾ ਅਕਾਲੀ ਸਿਆਸਤ ਵਿੱਚ ਭੱਦਰਪੁਰਸ਼ ਅਤੇ ਸਾਊ ਸਿਆਸਤਦਾਨ ਵਜੋਂ ਜਾਣੇ ਜਾਂਦੇ ਸਨ। ਸੂਬੇ ਦੀ ਰਾਜਨੀਤੀ ਵਿੱਚ ਆਏ ਉਤਰਾਅ-ਚੜ੍ਹਾਅ ਦੌਰਾਨ ਬਰਨਾਲਾ ਦੇ ਪਰਿਵਾਰ ਨੇ ਭਾਵੇਂ ਕਾਂਗਰਸ ਨਾਲ ਵੀ ਸਾਂਝ ਪਾਈ ਪਰ ਸ੍ਰੀ ਬਰਨਾਲਾ ਨੇ ਮਰਦੇ ਦਮ ਤਕ ਖੁਦ ਨੂੰ 'ਅਕਾਲੀ' ਰੱਖਣ ਦਾ ਹੀ ਯਤਨ ਕੀਤਾ। ਸਿਆਸਤ ਦੇ ਖੇਤਰ ਵਿੱਚ ਅਜਿਹੇ ਬਹੁਤ ਘੱਟ ਵਿਅਕਤੀ ਹੁੰਦੇ ਹਨ ਜੋ ਰਾਜਨੀਤੀ ਦੇ ਨਾਲ ਨਾਲ ਹੋਰਨਾਂ ਗੁਣਾਂ ਨਾਲ ਵੀ ਲਬਰੇਜ਼ ਹੋਣ। ਇਹ ਮਾਣ ਵੀ ਸੁਰਜੀਤ ਸਿੰਘ ਬਰਨਾਲਾ ਦੇ ਹਿੱਸੇ ਆਉਂਦਾ ਹੈ ਕਿਉਂਕਿ ਉਹ ਸਿਆਸਤ ਦੇ ਖੇਤਰ ਦੀਆਂ ਵੱਡੀਆਂ ਮੰਜ਼ਿਲਾਂ 'ਤੇ ਪਹੁੰਚਣ ਦੇ ਨਾਲ-ਨਾਲ ਇੱਕ ਚੰਗੇ ਆਰਟਿਸਟ (ਚਿੱਤਰਕਾਰ) ਅਤੇ ਲਿਖਾਰੀ ਵੀ ਸਨ। ਉਨ੍ਹਾਂ ਕਈ ਚਰਚਿਤ ਕਿਤਾਬਾਂ ਲਿਖੀਆਂ। ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਕੇਂਦਰ ਵਿੱਚ ਦੋ ਵਾਰ ਵਜ਼ੀਰ ਅਤੇ ਕਈ ਸੂਬਿਆਂ ਦੇ ਗਵਰਨਰ ਰਹੇ। ਉਨ੍ਹਾਂ ਵੱਖ-ਵੱਖ ਅਕਾਲੀ ਅੰਦੋਲਨਾਂ ਅਤੇ ਐਮਰਜੈਂਸੀ ਦੌਰਾਨ ਜੇਲ੍ਹ ਵੀ ਕੱਟੀ। ਸ੍ਰੀ ਬਰਨਾਲਾ ਅਕਾਲੀ ਦਲ ਦੇ ਉਸ ਦੌਰ ਦੇ ਨੇਤਾ ਸਨ ਜਦੋਂ ਇਸ ਪਾਰਟੀ ਵਿੱਚ ਧੜੱਲੇਦਾਰ ਆਗੂਆਂ ਦਾ ਦਬਦਬਾ ਸੀ। ਉਨ੍ਹਾਂ ਨੂੰ ਦਰਵੇਸ਼ ਸਿਆਸਤਦਾਨ ਵਜੋਂ ਜਾਣੇ ਜਾਂਦੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਰੀਬੀਆਂ ਵਿੱਚੋਂ ਮੰਨਿਆ ਜਾਂਦਾ ਸੀ। ਸ੍ਰੀ ਬਰਨਾਲਾ ਦਾ ਜਨਮ ਹਰਿਆਣਾ ਦੇ ਅਟੇਲੀ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਮੈਜਿਸਟਰੇਟ ਸਨ ਅਤੇ ਬਰਨਾਲਾ ਸ਼ਹਿਰ ਦੇ ਨਜ਼ਦੀਕ ਪਿੰਡ ਧੌਲਾ ਉਨ੍ਹਾਂ ਦਾ ਜੱਦੀ ਪਿੰਡ ਮੰਨਿਆ ਜਾਂਦਾ ਹੈ। ਉਨ੍ਹਾਂ 1946 ਵਿੱਚ ਲਖਨਊ ਤੋਂ ਵਕਾਲਤ ਦੀ ਡਿਗਰੀ ਕੀਤੀ ਅਤੇ ਸੱਠਵਿਆਂ ਦੇ ਅੰਤ ਤਕ ਕੁਝ ਸਾਲ ਬਰਨਾਲਾ ਅਤੇ ਹੋਰਨਾਂ ਸ਼ਹਿਰਾਂ ਦੀਆਂ ਕਚਹਿਰੀਆਂ ਵਿੱਚ ਵਕਾਲਤ ਵੀ ਕੀਤੀ। ਉਨ੍ਹਾਂ

ਬਾਕੀ ਸਫ਼ਾ 33 'ਤੇ

# ਸ਼ਸ਼ੀ ਥਰੂਰ ਬੋਲੇ-ਜਲਿਆਂਵਾਲਾ ਕਾਂਡ ਲਈ ਬਰਤਾਨੀਆ ਮੁਆਫ਼ੀ ਮੰਗੇ

**ਕੋਲਕਾਤਾ/ਬਿਊਰੋ ਨਿਊਜ਼ :** ਕਾਂਗਰਸ ਸੰਸਦ ਮੈਂਬਰ ਅਤੇ ਲੇਖਕ ਸ਼ਸ਼ੀ ਥਰੂਰ ਨੇ ਕਿਹਾ ਹੈ ਕਿ ਜਲਿਆਂਵਾਲਾ ਬਾਗ਼ ਕਾਂਡ ਦੀ 2019 ਵਿਚ ਸ਼ਤਾਬਦੀ ਮੌਕੇ ਬਰਤਾਨੀਆ ਵੱਲੋਂ ਭਾਰਤੀਆਂ ਕੋਲੋਂ ਮੁਆਫ਼ੀ ਮੰਗਣ ਦਾ ਸਹੀ ਸਮਾਂ ਹੈ। ਸਾਬਕਾ ਕੂਟਨੀਤਕ, ਜੋ ਆਪਣੀ ਕਿਤਾਬ 'ਐਨ ਇਰਾ ਆਫ਼ ਡਾਰਕਨੈੱਸ : ਦਿ ਬ੍ਰਿਟਿਸ਼ ਐਂਪਾਇਰ ਇਨ ਇੰਡੀਆ' ਬਾਰੇ ਬੋਲ ਰਹੇ ਸਨ, ਨੇ ਕੋਲਕਾਤਾ ਸਾਹਿਤ ਮੇਲੇ-2017 ਦੇ ਉਦਘਾਟਨ ਤੋਂ ਪਹਿਲਾਂ ਕਿਹਾ, "ਬ੍ਰਿਟਿਸ਼ ਪ੍ਰਧਾਨ ਮੰਤਰੀ ਜਾਂ ਸ਼ਾਹੀ ਖਾਨਦਾਨ ਦਾ ਮੈਂਬਰ ਇਥੇ ਆ ਕੇ ਨਾ ਸਿਰਫ਼ ਜਲਿਆਂਵਾਲਾ ਬਾਗ਼ ਕਾਂਡ ਸਗੋਂ ਬਰਤਾਨਵੀ ਰਾਜ ਵੇਲੇ ਕੀਤੀਆਂ ਗਈਆਂ ਵਧੀਕੀਆਂ ਲਈ ਮੁਆਫ਼ੀ ਮੰਗਣ।" ਉਨ੍ਹਾਂ ਕਿਹਾ ਕਿ ਇਸ ਮੌਕੇ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਸਾਰੇ ਗ਼ਲਤ ਕੰਮ ਬ੍ਰਿਟਿਸ਼ ਤਾਜ ਦੇ ਨਾਮ ਹੇਠਾਂ ਕੀਤੇ ਗਏ ਸਨ। ਸ੍ਰੀ ਥਰੂਰ ਨੇ ਕਿਹਾ ਕਿ ਜਲਿਆਂਵਾਲਾ ਬਾਗ਼ ਵਿਚ ਬੇਕਸੂਰਾਂ ਨੂੰ ਮਾਰਨ ਲਈ ਅਫ਼ਸੋਸ ਕਰਨ ਅਤੇ ਮੁਆਫ਼ੀ ਮੰਗਣ ਵਿਚ ਕੋਈ ਦੇਰ ਨਹੀਂ ਹੋਈ ਹੈ ਪਰ ਅਸਲੀਅਤ ਇਹ ਹੈ ਕਿ ਬਰਤਾਨੀਆ ਨੇ ਹਮੇਸ਼ਾ ਇਸ ਮੁੱਦੇ ਨੂੰ ਅਣਗੌਲਿਆ ਕਰ ਦਿੱਤਾ।



# ਲੁਧਿਆਣਾ ਵਿਚ ਹਿੰਦੂ ਤਖ਼ਤ ਦੇ ਆਗੂ ਅਮਿਤ ਦਾ ਕਤਲ

***ਅੱਤਵਾਦੀ ਹਮਲਾ ਮੰਨ ਰਹੀ ਹੈ ਪੁਲੀਸ***

**ਲੁਧਿਆਣਾ/ਬਿਊਰੋ ਨਿਊਜ਼ :** ਹਿੰਦੂ ਸੁਰੱਖਿਆ ਸਮਿਤੀ ਤੇ ਹਿੰਦੂ ਤਖ਼ਤ ਦੇ ਆਗੂ ਅਮਿਤ ਸ਼ਰਮਾ ਦੇ ਕਤਲ ਤੋਂ ਬਾਅਦ ਲੁਧਿਆਣਾ ਵਿਚ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ ਅਤੇ ਲੋਕਾਂ ਵਿਚ ਡਰ ਦਾ ਮਾਹੌਲ ਹੈ। ਪੁਲੀਸ ਵੱਲੋਂ ਅਮਿਤ ਸ਼ਰਮਾ ਦੇ ਘਰ ਬਾਹਰ ਪਹਿਰਾ ਲਾ ਦਿੱਤਾ ਗਿਆ ਹੈ। ਪੁਲੀਸ ਅਧਿਕਾਰੀ ਅਮਿਤ 'ਤੇ ਹੋਏ ਹਮਲੇ ਨੂੰ ਅਤਿਵਾਦੀਆਂ ਦਾ ਕਾਰਾ ਮੰਨ ਕੇ ਜਾਂਚ ਕਰ ਰਹੀ ਹੈ। ਪੁਲੀਸ ਨੇ ਜ਼ਿਲ੍ਹੇ ਵਿਚ ਰੈੱਡ ਅਲਰਟ ਜਾਰੀ ਕਰ ਦਿੱਤਾ ਹੈ। ਚੰਡੀਗੜ੍ਹ ਵਿਚ ਬੈਠੇ ਉੱਚ ਅਧਿਕਾਰੀਆਂ ਨੇ ਇਸ ਮਾਮਲੇ ਦੀ ਰਿਪੋਰਟ ਮੰਗੀ ਹੈ। ਪੁਲੀਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਛੇਤੀ ਹੀ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਪਰਿਵਾਰ ਨੂੰ ਪੰਜ ਲੱਖ ਰੁਪਏ ਦੇਣ ਅਤੇ ਇਕ ਮੈਂਬਰ ਨੂੰ ਨੌਕਰੀ ਦਿਵਾਉਣ ਦਾ ਭਰੋਸਾ ਵੀ ਦਿੱਤਾ ਹੈ। ਪੁਲੀਸ ਵੱਲੋਂ ਮੰਦਰ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਸੁਰੱਖਿਆ ਹੇਠ ਅਮਿਤ ਦਾ ਢੋਲੇਵਾਲ ਸਥਿਤ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਦਿੱਤਾ ਗਿਆ। ਇਸ ਦੌਰਾਨ ਬਾਜ਼ਾਰ ਬੰਦ ਰਹੇ।

ਉਧਰ ਪਟਿਆਲਾ ਤੋਂ ਹਿੰਦੂ ਸੁਰੱਖਿਆ ਸਮਿਤੀ ਦੇ ਰਾਸ਼ਟਰੀ ਪ੍ਰਧਾਨ ਸਵਾਮੀ ਪ੍ਰਚਾਨੰਦ ਗਿਰੀ, ਸ਼ਿਵ ਸੈਨਾ ਪੰਜਾਬ ਦੇ ਚੇਅਰਮੈਨ ਰਾਜੀਵ ਟੰਡਨ ਅਤੇ ਹੋਰ ਕਈ ਸਮਾਜਿਕ ਤੇ ਰਾਜਸੀ ਆਗੂ ਅਮਿਤ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨ ਪੁੱਜੇ। ਸ੍ਰੀ ਟੰਡਨ ਨੇ ਪੁਲੀਸ ਨੂੰ 72 ਘੰਟੇ ਅੰਦਰ ਕਾਤਲਾਂ ਨੂੰ ਕਾਬੂ ਕਰਨ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਿੰਦੂ ਆਗੂਆਂ ਦੇ ਕਤਲਾਂ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਹੈ।



ਜ਼ਿਕਰਯੋਗ ਹੈ ਕਿ ਜਗਰਾਉਂ ਪੁਲ ਸਥਿਤ ਦੁਰਗਾ ਮਾਤਾ ਮੰਦਰ ਕੋਲ ਸ਼ਨਿੱਚਰਵਾਰ ਦੇਰ ਰਾਤ ਨੂੰ ਗੋਲੀਆਂ ਮਾਰ ਕੇ ਅਮਿਤ ਸ਼ਰਮਾ ਦਾ ਕਤਲ ਕਰ ਦਿੱਤਾ ਗਿਆ ਸੀ। ਹਿੰਦੂ ਆਗੂਆਂ ਦਾ ਕਹਿਣਾ ਹੈ ਕਿ ਅਮਿਤ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ ਅਤੇ ਪੁਲੀਸ ਕੋਲ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਪੁਲੀਸ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਿਵਲ ਹਸਪਤਾਲ ਵਿਚ ਐਤਵਾਰ ਨੂੰ ਅਮਿਤ ਸ਼ਰਮਾ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਗਿਆ। ਉਸ ਦੇ ਗਲੇ, ਢਿੱਡ ਅਤੇ ਪੱਟ 'ਤੇ ਗੋਲੀਆਂ ਲੱਗੀਆਂ ਸਨ। ਡਾਕਟਰਾਂ ਅਨੁਸਾਰ ਗਲੇ ਵਿਚ ਲੱਗੀ ਗੋਲੀ ਕਾਰਨ ਉਸ ਦੀ ਜਾਨ ਗਈ।

# ਥਲ ਸੈਨਾ ਮੁਖੀ ਨੇ ਜਵਾਨਾਂ ਨੂੰ ਆਪਣੀਆਂ ਮੁਸ਼ਕਲਾਂ ਵਾਸਤੇ ਸਿੱਧਾ ਸੰਪਰਕ ਕਰਨ ਲਈ ਕਿਹਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਥਲ ਸੈਨਾ ਦੇ ਜਵਾਨ ਸਮੇਤ ਹੋਰ ਸੁਰੱਖਿਆ ਕਰਮੀਆਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਆਪਣੀਆਂ ਤਕਲੀਫ਼ਾਂ ਦੱਸੇ ਜਾਣ ਤੋਂ ਬਾਅਦ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਜਵਾਨਾਂ ਨੂੰ ਕਿਹਾ ਕਿ ਉਹ ਸੁਝਾਅ ਅਤੇ ਆਪਣੇ ਦੁਖੜੇ ਸਿੱਧੇ ਉਨ੍ਹਾਂ ਨਾਲ ਸਾਂਝੇ ਕਰਨ। ਜਵਾਨਾਂ ਦੀਆਂ ਤਕਲੀਫ਼ਾਂ ਸੁਣਨ ਲਈ ਬਕਸੇ ਲਾਏ ਜਾਣਗੇ।



ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਥਲ ਸੈਨਾ ਦੇ ਇਕ ਜਵਾਨ ਨੇ ਸੋਸ਼ਲ ਮੀਡੀਆ 'ਤੇ ਆਪਣਾ ਵੀਡੀਓ ਪਾਇਆ ਜਿਸ ਵਿਚ ਅਫ਼ਸਰਾਂ ਵੱਲੋਂ ਜਵਾਨਾਂ ਨੂੰ 'ਸਹਾਇਕ' ਵਜੋਂ ਕੰਮ ਲਏ ਜਾਣ ਦੀ ਨੁਕਤਾਚੀਨੀ ਕੀਤੀ ਗਈ ਹੈ। ਉਂਜ ਜਨਰਲ ਰਾਵਤ ਨੇ ਸਪਸ਼ਟ ਕੀਤਾ ਹੈ ਕਿ 'ਸਹਾਇਕ' ਜਾਂ 'ਬੱਡੀ' ਪ੍ਰਬੰਧ ਸੈਨਾ ਦਾ ਅਹਿਮ ਹਿੱਸਾ ਹੈ ਪਰ ਉਹ ਸਰਕਾਰ ਨਾਲ ਅਮਨੋ ਅਮਾਨ ਵਾਲੇ ਸਥਾਨਾਂ 'ਤੇ ਇਨ੍ਹਾਂ ਦੀ ਤਾਇਨਾਤੀ ਨੂੰ ਖ਼ਤਮ ਕਰਨ ਦੀ ਸੰਭਾਵਨਾ ਬਾਰੇ ਵਿਚਾਰਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਵਾਨਾਂ ਨੂੰ ਅਸਿੱਧੇ ਤਰੀਕਿਆਂ ਨਾਲ ਆਪਣੀਆਂ ਸ਼ਿਕਾਇਤਾਂ ਨਸ਼ਰ ਕੀਤੇ ਜਾਣ ਦੀ ਬਜਾਏ ਸੈਨਾ ਵਿਚ ਮੌਜੂਦ ਵਧੀਆ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਜਨਰਲ ਰਾਵਤ ਨੇ ਸੋਸ਼ਲ ਮੀਡੀਆ ਨੂੰ 'ਦੋ-ਧਾਰੀ'

ਬਾਕੀ ਸਫ਼ਾ 33 'ਤੇ

## ਜਵਾਨ ਖ਼ਿਲਾਫ਼ ਹੀ ਜਾਂਚ ਸ਼ੁਰੂ :

ਨਵੀਂ ਦਿੱਲੀ: ਦੇਹਰਾਦੂਨ ਵਿਚ 42 ਇਨਫੈਂਟਰੀ ਬ੍ਰਿਗੇਡ ਵਿਚ ਤਾਇਨਾਤ ਲਾਂਸ ਨਾਇਕ ਯਗਿਆ ਪ੍ਰਤਾਪ ਸਿੰਘ ਨੇ ਵੀਡੀਓ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ, ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਨੂੰ ਪਿਛਲੇ ਸਾਲ ਜੂਨ ਵਿਚ ਪੱਤਰ ਲਿਖਣ ਤੋਂ ਬਾਅਦ ਉਸ ਦੀ ਬ੍ਰਿਗੇਡ ਨੂੰ ਪੀਐਮਓ ਤੋਂ ਮੁਸ਼ਕਲਾਂ ਦੀ ਤਫ਼ਤੀਸ਼ ਦਾ ਸੁਨੇਹਾ ਮਿਲਿਆ। ਉਸ ਨੇ ਕਿਹਾ ਕਿ ਜਾਂਚ ਹੋਣ ਦੀ ਬਜਾਏ ਉਸ ਦੇ ਅਫ਼ਸਰਾਂ ਨੇ ਉਸ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਖ਼ਿਲਾਫ਼ ਹੀ ਜਾਂਚ ਬਿਠਾ ਦਿੱਤੀ ਜਿਸ ਨਾਲ ਉਸ ਦਾ ਕੋਰਟ ਮਾਰਸ਼ਲ ਹੋ ਸਕਦਾ ਹੈ।

# ਥਲ ਸੈਨਾ ਮੁਖੀ ਦੀ ਚਿਤਾਵਨੀ-ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਨ ਵਾਲੇ ਜਵਾਨਾਂ ਨੂੰ ਮਿਲੇਗੀ ਸਜ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਕਿ ਆਪਣੀਆਂ ਸ਼ਿਕਾਇਤਾਂ ਦੱਸਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਜਵਾਨਾਂ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਕਾਰੇ ਨਾਲ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰਨ ਵਾਲਿਆਂ ਦਾ ਮਨੋਬਲ ਡਿੱਗਦਾ ਹੈ। ਉਨ੍ਹਾਂ ਨਾਲ ਹੀ ਕਿਹਾ, "ਪਾਕਿਸਤਾਨ ਵੱਲੋਂ ਭਾਰਤ ਵਿਰੁੱਧ ਲਗਾਤਾਰ ਅਸਿੱਧੀ ਜੰਗ ਜਾਰੀ ਰੱਖਣ ਦੇ ਬਾਵਜੂਦ ਅਸੀਂ ਕੰਟਰੋਲ ਰੇਖਾ ਉਤੇ ਸ਼ਾਂਤੀ ਬਰਕਰਾਰ ਰੱਖਣਾ ਚਾਹੁੰਦੇ ਹਾਂ ਪਰ ਗੋਲੀਬੰਦੀ ਦੀ ਉਲੰਘਣਾ ਦੀ ਕਿਸੇ ਵੀ ਘਟਨਾ ਦਾ ਅਸੀਂ ਢੁਕਵਾਂ ਜਵਾਬ ਦੇਣ ਤੋਂ ਵੀ ਨਹੀਂ ਝਿਜਕਾਂਗੇ।"

ਥਲ ਸੈਨਾ ਮੁਖੀ ਇੱਥੇ 'ਆਰਮੀ ਡੇਅ' ਜਸ਼ਨਾਂ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਡਿਊਟੀ ਦੌਰਾਨ ਅਸਾਧਾਰਨ ਸਾਹਸ ਦਿਖਾਉਣ ਵਾਲੇ ਸੈਨਿਕਾਂ ਨੂੰ ਬਹਾਦਰੀ ਐਵਾਰਡ ਵੀ ਦਿੱਤੇ। ਉਨ੍ਹਾਂ ਕਿਹਾ ਕਿ ਜੇ ਕਿਸੇ ਜਵਾਨ ਨੂੰ ਕੋਈ ਸ਼ਿਕਾਇਤ ਹੈ ਤਾਂ ਉਸ ਦੀ ਸ਼ਿਕਾਇਤ ਦੂਰ ਕਰਨ ਅਤੇ ਤਵਾਜ਼ਨ ਬਰਕਰਾਰ ਰੱਖਣ ਲਈ ਢੁਕਵੀਂ ਫੋਰਮ ਮੌਜੂਦ ਹੈ। ਜੇ ਜਵਾਨ ਫਿਰ ਵੀ ਸੰਤੁਸ਼ਟ ਨਹੀਂ ਤਾਂ ਉਹ ਸਿੱਧੇ ਉਨ੍ਹਾਂ (ਥਲ ਸੈਨਾ ਮੁਖੀ) ਨਾਲ ਸੰਪਰਕ ਕਰ ਸਕਦੇ ਹਨ। ਆਪਣੀਆਂ ਸ਼ਿਕਾਇਤਾਂ



ਦੱਸਣ ਲਈ ਜਵਾਨਾਂ ਵੱਲੋਂ ਸੋਸ਼ਲ ਮੀਡੀਆ ਦਾ ਸਹਾਰਾ ਲੈਣ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਜਨਰਲ ਰਾਵਤ ਨੇ ਕਿਹਾ, "ਤੁਸੀਂ ਜੋ ਕਾਰਵਾਈ ਕੀਤੀ, ਉਸ ਲਈ ਤੁਸੀਂ ਦੋਸ਼ੀ ਹੋ ਅਤੇ ਸਜ਼ਾ ਦੇ ਹੱਕਦਾਰ ਹੋ ਸਕਦੇ ਹੋ।" ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਉਤੇ ਸ਼ਿਕਾਇਤਾਂ ਦੱਸਣ ਨਾਲ ਸਰਹੱਦ ਉਤੇ ਦੇਸ਼ ਦੀ ਸੇਵਾ ਕਰ ਰਹੇ ਬਹਾਦਰ ਜਵਾਨਾਂ 'ਤੇ ਨਾਂਹਪੱਖੀ ਪ੍ਰਭਾਵ ਪਿਆ ਹੈ। ਅਤਿਵਾਦ ਦੇ ਖ਼ਤਰੇ ਬਾਰੇ ਉਨ੍ਹਾਂ ਕਿਹਾ ਕਿ 2016 ਦੇ ਪਿਛਲੇ ਕੁਝ ਮਹੀਨਿਆਂ ਵਿੱਚ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਹਾਲਾਤ ਬਹੁਤ ਅਸਥਿਰ ਹੋਏ। ਭਾਵੇਂ ਅਸਲ ਕੰਟਰੋਲ ਰੇਖਾ ਹੋਵੇ ਜਾਂ ਕੰਟਰੋਲ ਰੇਖਾ, ਅਸੀਂ ਢੁਕਵੀਂ ਕਾਰਵਾਈ ਕਰਾਂਗੇ ਅਤੇ ਸਾਡੇ ਸੈਨਿਕ ਸਾਰੇ ਮੁਹਾਜ਼ਾਂ 'ਤੇ ਸ਼ਲਾਘਾਯੋਗ ਕੰਮ ਕਰ ਰਹੇ ਹਨ।

**ਫੌਜੀ ਪਤੀ ਦੇ ਸਾਥ ਲਈ ਅੱਗੇ ਆਈ ਪਤਨੀ**

ਭੋਪਾਲ: ਇਕ ਫੌਜੀ ਜਵਾਨ ਦੀ ਪਤਨੀ ਨੇ ਕਿਹਾ ਕਿ ਉਸ ਦਾ ਪਤੀ ਹੇਠਲੇ ਦਰਜੇ ਦੇ ਜਵਾਨਾਂ ਲਈ ਮਾੜੇ ਸੇਵਾ ਹਾਲਾਤ ਬਾਰੇ ਧਿਆਨ ਦਿਵਾਉਣ ਲਈ ਪਿਛਲੇ ਚਾਰ ਦਿਨਾਂ ਤੋਂ 'ਭੁੱਖ ਹੜਤਾਲ' ਉੱਤੇ ਹੈ। ਲਾਂਸਨਾਇਕ ਯਗਿਆ ਪ੍ਰਤਾਪ ਸਿੰਘ ਦੀ ਪਤਨੀ ਰਿਚਾ ਸਿੰਘ ਨੇ ਕਿਹਾ ਕਿ ਉਸ ਨੇ ਵੀ ਆਪਣੇ ਪਤੀ ਦੀ ਹਮਾਇਤ ਲਈ ਚਾਰ ਦਿਨਾਂ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ।

## ਪੰਜਾਬ ਦੀ ਬਿਹਤਰੀ ਲਈ ਪ੍ਰਵਾਸੀ ਪੰਜਾਬੀ ਅੱਗੇ ਆਉਣ : ਓਬਰਾਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਦੇ ਮੋਢੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਇਥੇ ਪੱਤਰਕਾਰਾਂ ਦੇ ਰੂ-ਬ-ਰੂ ਹੁੰਦਿਆਂ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਦਾ ਪਾਣੀ ਇਸ ਵੇਲੇ ਗੰਧਲਾ ਹੋ ਚੁੱਕਾ ਹੈ, ਜਿਸ ਕਾਰਨ ਲੋਕ ਬਿਮਾਰੀਆਂ ਨਾਲ ਪੀੜਤ ਹਨ। ਨਸ਼ਿਆਂ ਕਾਰਨ ਜਵਾਨੀ ਰੁਲ ਰਹੀ ਹੈ। ਪੰਜਾਬ ਵਿਚ ਵਿਦਿਆ ਹਾਸਲ ਕਰਨਾ ਹਰ ਕਿਸੇ ਦੇ ਵੱਸ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਹੋਰ ਵੀ ਅਜਿਹੇ ਬਹੁਤ ਸਾਰੇ ਮਸਲੇ ਹਨ, ਜਿਨ੍ਹਾਂ ਨਾਲ ਜੂਝਣਾ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਆਪਣੇ ਸੂਬੇ ਨੂੰ ਖ਼ੁਸ਼ਹਾਲ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਡਾ. ਐੱਸ.ਪੀ. ਸਿੰਘ ਓਬਰਾਏ ਇਨ੍ਹੀਂ ਦਿਨੀਂ ਕੈਲੀਫੋਰਨੀਆ ਦੇ ਦੌਰੇ 'ਤੇ ਹਨ। ਇਸ ਦੌਰਾਨ ਉਹ ਵੱਖ-ਵੱਖ ਸੰਸਥਾਵਾਂ, ਗੁਰੂ ਘਰਾਂ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਜਾਤੀ ਤੌਰ 'ਤੇ ਮਿਲ ਕੇ ਪੰਜਾਬ ਦੇ ਹਾਲਾਤ ਤੋਂ ਜਾਣੂ ਕਰਵਾ ਰਹੇ ਹਨ ਅਤੇ ਇਥੇ ਰਹਿੰਦੇ ਪ੍ਰਵਾਸੀ ਪੰਜਾਬੀਆਂ ਨੂੰ ਜਾਗਰੂਕ ਕਰ ਰਹੇ ਹਨ ਤਾਂ ਕਿ ਪੰਜਾਬ ਦੇ ਲੋਕ ਖ਼ੁਸ਼ਹਾਲੀ ਨਾਲ ਰਹਿ ਸਕਣ। ਆਪਣੇ ਇਕ ਹਫਤੇ ਦੇ ਦੌਰੇ ਦੌਰਾਨ ਸੈਕਰਾਮੈਂਟੋ 'ਚ ਗ਼ਦਰੀ ਬਾਬਿਆਂ ਦੇ ਮੇਲੇ, ਫਰੀਮੌਂਟ ਵਿਚ 'ਛਣਕਾਟਾ ਵੰਗਾਂ' ਦੇ ਮੇਲੇ, ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਤੋਂ ਇਲਾਵਾ ਉਨ੍ਹਾਂ ਨੇ ਪੂਜਾ ਰੈਸਟੋਰੈਂਟ ਵੈਸਟ ਸੈਕਰਾਮੈਂਟੋ ਵਿਖੇ 'ਚੜ੍ਹਦਾ ਪੰਜਾਬ ਕਲੱਬ' ਦੇ ਸਮਾਗਮ ਵਿਚ ਹਿੱਸਾ ਲਿਆ। ਗਾਖਲ ਭਰਾਵਾਂ ਵੱਲੋਂ ਕੀਤੇ ਸਮਾਗਮ 'ਚ ਵੀ ਉਨ੍ਹਾਂ ਸ਼ਿਰਕਤ ਕੀਤੀ। ਪੰਜਾਬੀ ਢਾਬਾ, ਡਿਕਸਨ ਵਿਖੇ ਉਨ੍ਹਾਂ ਦੇ ਸਨਮਾਨ ਵਿਚ ਇਕੱਠ ਕੀਤਾ ਗਿਆ। ਡਾ. ਪ੍ਰਿਤਪਾਲ ਸਿੰਘ ਵੱਲੋਂ ਮਿਲਪੀਟਸ ਵਿਖੇ ਸਮਾਗਮ ਕੀਤਾ ਗਿਆ ਤੇ ਭਾਈਚਾਰੇ ਦੇ ਆਗੂਆਂ ਵੱਲੋਂ ਉਨ੍ਹਾਂ ਦਾ ਮਨੁੱਖਤਾ ਦੀ ਸੇਵਾ ਵਿਚ ਪਾਏ ਯੋਗਦਾਨ ਬਦਲੇ ਸਨਮਾਨ ਕੀਤਾ ਗਿਆ।

## ਅਖਿਲੇਸ਼ ਯਾਦਵ ਨੂੰ ਮਿਲਿਆ 'ਸਾਈਕਲ', ਮੁਲਾਇਮ ਹੋਏ ਪੈਦਲ

**ਲਖਨਊ/ਬਿਊਰੋ ਨਿਊਜ਼ :**

ਉਤਰ ਪ੍ਰਦੇਸ਼ ਵਿੱਚ ਹਾਕਮ ਸਮਾਜਵਾਦੀ ਪਾਰਟੀ ਦੇ ਦੋ ਧੜਿਆਂ ਦੀ ਲੜਾਈ ਦੌਰਾਨ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਧੜੇ ਨੂੰ ਉਦੋਂ ਹੁਲਾਰਾ ਮਿਲਿਆ ਜਦੋਂ ਚੋਣ ਕਮਿਸ਼ਨ ਨੇ ਉਨ੍ਹਾਂ ਦੇ ਧੜੇ ਨੂੰ 'ਅਸਲੀ ਸਮਾਜਵਾਦੀ ਪਾਰਟੀ' ਕਰਾਰ ਦਿੰਦਿਆਂ ਪਾਰਟੀ ਦਾ ਚੋਣ ਨਿਸ਼ਾਨ 'ਸਾਈਕਲ' ਉਨ੍ਹਾਂ ਨੂੰ ਸੌਂਪ ਦਿੱਤਾ। ਦੂਜੇ ਪਾਸੇ ਉਨ੍ਹਾਂ ਦੇ ਪਿਤਾ ਤੇ ਦੂਜੇ ਧੜੇ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਐਲਾਨ ਕੀਤਾ ਕਿ ਜੇ ਅਖਿਲੇਸ਼ ਮੁਸਲਮਾਨਾਂ ਪ੍ਰਤੀ ਆਪਣਾ 'ਨਾਂਹਪੱਖੀ ਰਵੱਈਆ' ਨਹੀਂ ਬਦਲਦੇ ਤਾਂ ਉਹ ਉਨ੍ਹਾਂ (ਅਖਿਲੇਸ਼) ਖ਼ਿਲਾਫ਼ ਚੋਣ ਲੜਨਗੇ।

ਚੋਣ ਕਮਿਸ਼ਨ ਦੇ ਫ਼ੈਸਲੇ ਸਦਕਾ ਹੁਣ ਅਖਿਲੇਸ਼ ਦਾ ਧੜਾ ਸਾਈਕਲ ਚੋਣ ਨਿਸ਼ਾਨ 'ਤੇ ਯੂਪੀ ਵਿਧਾਨ ਸਭਾ ਚੋਣਾਂ ਲੜ ਸਕੇਗਾ। ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਦੀ ਅਗਵਾਈ ਵਾਲੇ ਤਿੰਨ-ਮੈਂਬਰੀ ਚੋਣ ਕਮਿਸ਼ਨ ਨੇ ਕਿਹਾ ਕਿ ਅਖਿਲੇਸ਼ ਦੀ ਅਗਵਾਈ ਵਾਲਾ ਗਰੁੱਪ ਹੀ ਪਾਰਟੀ ਦਾ ਚੋਣ ਨਿਸ਼ਾਨ 'ਸਾਈਕਲ' ਵਰਤਣ ਦਾ ਹੱਕਦਾਰ ਹੈ। ਕਮਿਸ਼ਨ ਨੇ ਇਹ ਫ਼ੈਸਲਾ ਯੂਪੀ ਦੀਆਂ ਸੱਤ ਗੇੜਾਂ ਵਿੱਚ ਹੋਣ ਵਾਲੀਆਂ ਚੋਣਾਂ ਦੇ ਪਹਿਲੇ ਗੇੜ ਲਈ ਨਾਮਜ਼ਦਗੀਆਂ ਦੇ ਅਮਲ ਦੀ ਸ਼ੁਰੂਆਤ ਤੋਂ ਇਕ ਦਿਨ ਪਹਿਲਾਂ ਸੁਣਾਇਆ ਹੈ। ਅਖਿਲੇਸ਼ ਦੇ ਚਾਚਾ ਰਾਮਗੋਪਾਲ ਯਾਦਵ ਨੇ ਇਸ ਨੂੰ ਚੋਣ ਕਮਿਸ਼ਨ ਦਾ ਸਹੀ ਫ਼ੈਸਲਾ ਕਰਾਰ ਦਿੱਤਾ। ਇਹ ਖ਼ਬਰ ਮਿਲਦਿਆਂ ਹੀ ਅਖਿਲੇਸ਼ ਆਪਣੇ ਪਿਤਾ ਦਾ ਆਸ਼ੀਰਵਾਦ ਲੈਣ ਉਨ੍ਹਾਂ ਨੂੰ ਮਿਲਣ ਚਲੇ ਗਏ। ਕਾਂਗਰਸ ਦੇ ਤਰਜਮਾਨ ਆਰ.ਪੀ.ਐਨ. ਸਿੰਘ ਨੇ ਵੀ ਚੋਣ ਕਮਿਸ਼ਨ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ।

ਇਸ ਤੋਂ ਪਹਿਲਾਂ ਇਥੇ ਪਾਰਟੀ ਹੈੱਡਕੁਆਰਟਰ ਵਿਖੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਵੱਡੇ ਯਾਦਵ ਨੇ ਅਖਿਲੇਸ਼ 'ਤੇ ਮੁਸਲਮਾਨਾਂ ਖ਼ਿਲਾਫ਼ ਚੱਲਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, "ਜਦੋਂ ਮੈਂ ਯੂਪੀ ਦਾ ਪੁਲੀਸ ਮੁਖੀ ਇਕ ਮੁਸਲਮਾਨ ਨੂੰ ਲਗਵਾਇਆ ਤਾਂ ਅਖਿਲੇਸ਼ 15 ਦਿਨ ਮੇਰੇ ਨਾਲ ਨਹੀਂ ਬੋਲਿਆ ਕਿਉਂਕਿ ਉਹ ਅਜਿਹਾ ਨਹੀਂ ਸੀ ਚਾਹੁੰਦਾ।" ਉਨ੍ਹਾਂ ਕਿਹਾ ਕਿ ਜੇ ਅਖਿਲੇਸ਼ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਉਹ ਉਸ ਖ਼ਿਲਾਫ਼ ਚੋਣ ਲੜਨਗੇ ਤੇ ਚੋਣ ਕਮਿਸ਼ਨ ਦੇ ਫ਼ੈਸਲੇ ਖ਼ਿਲਾਫ਼ ਅਦਾਲਤ ਦਾ ਬੂਹਾ ਖੜਕਾਉਣਗੇ।

# ਭਾਰਤੀ ਜੇਲ੍ਹਾਂ ਵਿਚ ਮੁਸਲਮਾਨਾਂ ਦੀ ਵਧਦੀ ਤਾਦਾਦ, ਆਖ਼ਰ ਕਿਉਂ ?

**ਧਾਰਮਿਕ ਘੱਟ ਗਿਣਤੀਆਂ ਖ਼ਿਲਾਫ਼ ਭੇਦਭਾਵ ਹੁੰਦਾ ਹੈ, ਉਥੇ ਇਹ ਗੱਲ ਵੀ ਸਾਹਮਣੇ ਆਈ ਕਿ ਉਨ੍ਹਾਂ ਦੀ ਆਰਥਿਕ ਸਥਿਤੀ ਏਨੀ ਖ਼ਰਾਬ ਹੈ ਕਿ ਉਨ੍ਹਾਂ ਨੂੰ ਅਪਰਾਧ ਵੱਲ ਆਸਾਨੀ ਨਾਲ ਧੱਕਿਆ ਜਾ ਸਕਦਾ ਹੈ। ਮੁਸਲਮਾਨ ਨੌਜਵਾਨਾਂ ਵਿਚ ਆਮ ਧਾਰਨਾ ਇਹ ਹੈ ਕਿ 'ਅੱਤਵਾਦ ਦੇ ਦੋਸ਼ ਤੋਂ ਬਰੀ ਹੋਣ ਵਾਲਿਆਂ ਨੂੰ ਸਮਾਜ ਦੇ ਸਨਮਾਨਿਤ ਨਾਗਰਿਕ ਬਣਾਉਣ ਲਈ ਕੋਈ ਵਿਵਸਥਾ ਨਹੀਂ ਹੈ। ਸਿਰਫ਼ ਸ਼ੱਕ ਦੇ ਆਧਾਰ 'ਤੇ ਉਨ੍ਹਾਂ ਦਾ ਜੀਵਨ ਨਸ਼ਟ ਹੋ ਜਾਂਦਾ ਹੈ। ਦੇਸ਼ ਭਰ ਵਿਚ ਅਜਿਹੇ ਸੈਂਕੜੇ ਲੋਕ ਹਨ, ਜੋ ਦਸ ਦਸ ਸਾਲ ਮਗਰੋਂ ਨਿਰਦੋਸ਼ ਸਿੱਧ ਹੋਏ ਤੇ ਉਨ੍ਹਾਂ ਨੂੰ ਬਾਇੱਜ਼ਤ ਰਿਹਾਈ ਦਿੱਤੀ ਗਈ।**

**ਮਿਰਜ਼ਾ ਏ.ਬੀ. ਬੇਗ**

ਭਾਰਤ ਵਿਚ ਮੁਸਲਮਾਨਾਂ ਦਾ ਦੋਸ਼ ਹੈ ਕਿ ਦੇਸ਼ ਦੀਆਂ ਜੇਲ੍ਹਾਂ ਦੀਆਂ ਉੱਚੀਆਂ ਦੀਵਾਰਾਂ ਦੇ ਪਿਛੇ ਭੇਦਭਾਵ ਦੇ ਅਣਗਿਣਤ ਕਿੱਸੇ ਹਨ। ਸਰਕਾਰੀ ਅੰਕੜੇ ਵੀ ਬਹੁਤ ਹਦ ਤਕ ਇਸ ਦੀ ਪੁਸ਼ਟੀ ਕਰਦੇ ਹਨ। ਮਹਾਰਾਸ਼ਟਰ ਵਿਚ ਹਰ ਤਿੰਨ ਵਿਚੋਂ ਇਕ ਕੈਦੀ ਮੁਸਲਮਾਨ ਹੈ ਪਰ ਸੂਬੇ ਦੀ ਆਬਾਦੀ ਵਿਚ ਮੁਸਲਮਾਨਾਂ ਦਾ ਹਿੱਸਾ ਸਿਰਫ਼ ਸਾਢੇ 11 ਫ਼ੀਸਦੀ ਹੈ। ਇਹੀ ਤਸਵੀਰ ਪੂਰੇ ਦੇਸ਼ ਵਿਚ ਦਿਖਾਈ ਦਿੰਦੀ ਹੈ ਤੇ ਮੁਸਲਮਾਨ ਨੌਜਵਾਨ ਮੰਨਦੇ ਹਨ ਕਿ ਇਸ ਪਿਛੇ ਇਕ ਜਥੇਬੰਦਕ ਸੋਚ ਕੰਮ ਕਰਦੀ ਹੈ।

ਜ਼ਿਕਰਯੋਗ ਹੈ ਕਿ ਬੀ.ਬੀ.ਸੀ. ਮੁਸਲਮਾਨ ਨੌਜਵਾਨਾਂ ਤੇ ਉਨ੍ਹਾਂ ਨਾਲ ਜੁੜੇ ਮੁੱਦਿਆਂ 'ਤੇ ਵਿਸ਼ੇਸ਼ ਸੀਰੀਜ਼ ਕਰ ਰਿਹਾ ਹੈ। ਇਹ ਰਿਪੋਰਟ ਉਸੇ ਸੀਰੀਜ਼ ਦਾ ਹਿੱਸਾ ਹੈ।

ਹਾਲਾਂਕਿ ਇਸ ਮੁੱਦੇ 'ਤੇ ਮੁੰਬਈ ਸਥਿਤ ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਦੇ ਪ੍ਰੋਫੈਸਰ ਵਿਜੈ ਰਾਘਵਨ ਦਾ ਕਹਿਣਾ ਹੈ ਕਿ ਕੇਵਲ ਇਕ ਫ਼ੀਸਦੀ ਕੈਦੀ ਹੀ ਅੱਤਵਾਦੀ ਤੇ ਜਥੇਬੰਦਕ ਅਪਰਾਧ ਵਰਗੇ ਗੰਭੀਰ ਮਾਮਲਿਆਂ ਵਿਚ ਜੇਲ੍ਹਾਂ ਵਿਚ ਬੰਦ ਹਨ ਜਦਕਿ ਬਾਕੀ ਕੈਦੀ ਆਮ ਅਪਰਾਧਾਂ ਲਈ ਉਥੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਅਪਰਾਧ ਜ਼ਮੀਨ ਜਾਇਦਾਦ ਤੇ ਪਰਿਵਾਰਕ ਵਿਵਾਦਾਂ ਨਾਲ ਜੁੜੇ ਹੋਏ ਹਨ ਨਾ ਕਿ ਜਥੇਬੰਦਕ ਅਪਰਾਧ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਮੁੰਬਈ ਵਿਚ ਅਸੀਂ ਮੁਸਲਮਾਨ ਨੌਜਵਾਨਾਂ ਨਾਲ ਇਸ ਮੁੱਦੇ 'ਤੇ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਜਿੱਥੇ ਇਸ ਵਿਚ ਸਰਕਾਰ ਵਲੋਂ ਭੇਦਭਾਵ ਹੈ, ਉਥੇ ਮੁਸਲਮਾਨਾਂ ਦੀਆਂ ਗ਼ਲਤੀਆਂ ਵੀ ਹਨ।

ਇਕ ਵਿਦਿਆਰਥੀ ਸਫਿਆ ਖਾਤੂਨ ਨੇ ਦੱਸਿਆ, 'ਮੁਸਲਮਾਨਾਂ ਵਿਚ ਸਿੱਖਿਆ ਦੀ ਕਮੀ ਹੈ, ਤਜਰਬੇ ਦੀ ਕਮੀ ਹੈ, ਰੁਜ਼ਗਾਰ ਦੀ ਕਮੀ ਹੈ। ਖ਼ੁਦ ਇਨਸਾਨੀਅਤ ਤੋਂ ਅਸੀਂ ਡਿੱਗਦੇ ਜਾ ਰਹੇ ਹਾਂ। ਮਜ਼੍ਹਬ ਤੋਂ ਦੂਰ ਹੁੰਦੇ ਜਾ ਰਹੇ ਹਾਂ। ਇਸ ਵਿਚ ਸਰਕਾਰ ਦਾ ਭੇਦਭਾਵ ਭਰਿਆ ਰਵੱਈਆ ਹੈ ਤਾਂ ਕੁਝ ਦੇਸ਼ ਵਾਸੀਆਂ ਦੀਆਂ ਸਾਜ਼ਿਸ਼ਾਂ ਵੀ ਸ਼ਾਮਲ ਹਨ।"

ਉਨ੍ਹਾਂ ਕਿਹਾ, "ਦੂਸਰੇ ਭਾਈਚਾਰੇ ਵਾਲੇ ਮੁਸਲਮਾਨਾਂ ਨੂੰ ਵਿਕਾਸ ਕਰਦਾ ਹੋਇਆ ਨਹੀਂ ਦੇਖ ਸਕਦੇ, ਇਸ ਲਈ ਉਨ੍ਹਾਂ ਨੂੰ ਫਸਾ ਵੀ ਦਿੱਤਾ ਜਾਂਦਾ ਹੈ ਜਦਕਿ ਕੁਝ ਹਦ ਤਕ ਮੀਡੀਆ ਵੀ ਇਸ ਲਈ ਜ਼ਿੰਮੇਵਾਰ ਹੈ।

ਮੁੰਬਈ ਦੇ ਇਕ ਨੌਜਵਾਨ ਇਬਾਦੁਰਰਹਿਮਾਨ ਨੇ ਜੇਲ੍ਹਾਂ ਵਿਚ ਮੁਸਲਮਾਨਾਂ ਦੀ ਵਧੀ ਤਾਦਾਦ ਨੂੰ ਗ਼ਰੀਬੀ ਦਾ ਨਤੀਜਾ ਦੱਸਿਆ। ਉਨ੍ਹਾਂ ਦਾ ਕਹਿਣਾ ਸੀ, "ਮੁਸਲਮਾਨਾਂ ਵਿਚ ਬਹੁਤ ਗ਼ਰੀਬੀ ਹੈ। ਲੋਕ ਛੋਟੀਆਂ-ਮੋਟੀਆਂ ਚੋਰੀਆਂ ਕਰਦੇ ਹਨ ਤੇ ਇਸ ਲਈ ਸਾਲਾਂ ਤਕ ਜੇਲ੍ਹ ਵਿਚ ਰਹਿੰਦੇ ਹਨ। ਉਨ੍ਹਾਂ ਤੋਂ ਪੁਛੋ ਤਾਂ ਕਹਿੰਦੇ ਹਨ, ਉਨ੍ਹਾਂ ਕੋਲ ਜ਼ਮਾਨਤ ਲਈ ਪੈਸੇ ਨਹੀਂ ਹਨ। ਰਕਮ ਛੋਟੀ ਹੁੰਦੀ ਹੈ ਦੋ ਹਜ਼ਾਰ, ਤਿੰਨ ਹਜ਼ਾਰ ਪਰ ਉਹ ਜ਼ਮਾਨਤ ਦੇ ਏਨੇ ਪੈਸੇ ਵੀ ਅਦਾਲਤ ਵਿਚ ਜਮ੍ਹਾ ਨਹੀਂ ਕਰਾ ਪਾਉਂਦੇ ਤੇ ਇਸ ਲਈ ਜੇਲ੍ਹਾਂ ਵਿਚ ਪਏ ਰਹਿੰਦੇ ਹਨ।"

ਸਰਕਾਰ ਨੇ ਹਾਲ ਹੀ ਵਿਚ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਸੀ ਕਿ ਭਾਰਤ ਦੀਆਂ 1387 ਜੇਲ੍ਹਾਂ ਵਿਚ 82 ਹਜ਼ਾਰ ਤੋਂ ਜ਼ਿਆਦਾ ਕੈਦੀ ਮੁਸਲਮਾਨ ਹਨ, ਜਿਨ੍ਹਾਂ ਵਿਚੋਂ ਲਗਭਗ 60 ਹਜ਼ਾਰ ਵਿਚਾਰ ਅਧੀਨ ਕੈਦੀ ਹਨ।

ਪ੍ਰੋਫੈਸਰ ਰਾਘਵਨ ਦਾ ਕਹਿਣਾ ਹੈ ਕਿ ਕਮਜ਼ੋਰ ਵਰਗ ਕੋਲ ਖ਼ੁਦ ਨੂੰ ਨਿਰਦੋਸ਼ ਸਿੱਧ ਕਰਨ ਲਈ ਕਾਨੂੰਨੀ ਸਰੋਤ ਨਹੀਂ ਹੁੰਦੇ ਹਨ, ਇਸ ਲਈ ਵੀ ਜੇਲ੍ਹਾਂ ਵਿਚ ਉਨ੍ਹਾਂ ਦੀ ਸੰਖਿਆ ਵੱਧ ਹੈ। ਜਦਕਿ ਇਕ ਮਹਿਲਾ ਰਾਬੀਆ ਖਾਤੂਨ ਦਾ ਕਹਿਣਾ ਹੈ, "ਮੁਸਲਮਾਨ ਬਹੁਤ ਲਾਪ੍ਰਵਾਹੀ ਵਰਤਦੇ ਹਨ। ਧਰਮ ਵਿਚ ਜੋ ਸਹੀ ਰਸਤੇ ਦੱਸੇ ਗਏ ਹਨ, ਅਸੀਂ ਉਨ੍ਹਾਂ ਰਾਹਾਂ ਤੋਂ ਭਟਕ ਗਏ ਹਾਂ ਤੇ ਇਨਸਾਨ ਜਦੋਂ ਭਟਕ ਜਾਏਗਾ ਤਾਂ ਕੁਝ ਵੀ ਕਰਨ ਤੋਂ ਪਰਹੇਜ਼ ਨਹੀਂ ਕਰੇਗਾ।"

ਮਹਾਰਾਸ਼ਟਰ ਦੇ ਹੀ ਇਕ ਨੌਜਵਾਨ ਮੁਨੱਵਰ ਯੂਸੁਫ ਦਾ ਕਹਿਣਾ ਹੈ, "ਮੁਸਲਮਾਨਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਹਰ ਕਦਮ 'ਤੇ ਆਪਣੀ ਵਫ਼ਾਦਾਰੀ ਸਿੱਧ ਕਰਨੀ ਪੈਂਦੀ ਹੈ ਪਰ ਦੂਸਰੇ ਫਿਰਕੇ ਦੇ ਲੋਕ ਭਾਵੇਂ ਕੁਝ ਵੀ ਕਰਨ, ਉਨ੍ਹਾਂ ਦੀ ਦੇਸ਼ ਭਗਤੀ ਨੂੰ ਸਵੀਕਾਰ ਕੀਤਾ ਜਾਂਦਾ ਹੈ।"

ਪ੍ਰੋਫੈਸਰ ਰਾਘਵਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਖੋਜ ਵਿਚ ਜਿੱਥੋਂ ਇਹ ਪਤਾ ਚੱਲਿਆ ਕਿ ਧਾਰਮਿਕ ਘੱਟ ਗਿਣਤੀਆਂ ਖ਼ਿਲਾਫ਼ ਭੇਦਭਾਵ ਹੁੰਦਾ ਹੈ, ਉਥੇ ਇਹ ਗੱਲ ਵੀ ਸਾਹਮਣੇ ਆਈ ਕਿ ਉਨ੍ਹਾਂ ਦੀ ਆਰਥਿਕ ਸਥਿਤੀ ਏਨੀ ਖ਼ਰਾਬ ਹੈ ਕਿ ਉਨ੍ਹਾਂ ਨੂੰ ਅਪਰਾਧ ਵੱਲ ਆਸਾਨੀ ਨਾਲ ਧੱਕਿਆ ਜਾ ਸਕਦਾ ਹੈ। ਮੁਸਲਮਾਨ ਨੌਜਵਾਨਾਂ ਵਿਚ ਆਮ ਧਾਰਨਾ ਇਹ ਹੈ ਕਿ 'ਅੱਤਵਾਦ ਦੇ ਦੋਸ਼ ਤੋਂ ਬਰੀ ਹੋਣ ਵਾਲਿਆਂ ਨੂੰ ਸਮਾਜ ਦੇ ਸਨਮਾਨਿਤ ਨਾਗਰਿਕ ਬਣਾਉਣ ਲਈ ਕੋਈ ਵਿਵਸਥਾ ਨਹੀਂ ਹੈ। ਸਿਰਫ਼ ਸ਼ੱਕ ਦੇ ਆਧਾਰ 'ਤੇ ਉਨ੍ਹਾਂ ਦਾ ਜੀਵਨ ਨਸ਼ਟ ਹੋ ਜਾਂਦਾ ਹੈ। ਦੇਸ਼ ਭਰ ਵਿਚ ਅਜਿਹੇ ਸੈਂਕੜੇ ਲੋਕ ਹਨ, ਜੋ ਦਸ ਦਸ ਸਾਲ ਮਗਰੋਂ ਨਿਰਦੋਸ਼ ਸਿੱਧ ਹੋਏ ਤੇ ਉਨ੍ਹਾਂ ਨੂੰ ਬਾਇੱਜ਼ਤ ਰਿਹਾਈ ਦਿੱਤੀ ਗਈ।

ਇਸੇ ਬਾਰੇ ਇਕ ਕੰਪਨੀ ਵਿਚ ਕੰਮ ਕਰਨ ਵਾਲੇ ਨਜ਼ਰੂਲ ਹਸਨ ਦਾ ਕਹਿਣਾ ਹੈ, "ਜੋ ਨਿਰਦੋਸ਼ ਫੜੇ ਜਾਂਦੇ ਹਨ, ਉਨ੍ਹਾਂ ਨੂੰ ਨਾ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ ਤੇ ਨਾ



ਸਰਕਾਰ ਵਲੋਂ ਅਜਿਹੇ ਸਰੋਤ ਪੈਦਾ ਕੀਤੇ ਜਾਂਦੇ ਹਨ ਕਿ ਉਹ ਆਪਣਾ ਗੁਜ਼ਾਰਾ ਕਰ ਸਕਣ ਜਾਂ ਜ਼ਿੰਦਗੀ ਮੁੜ ਸ਼ੁਰੂ ਕਰ ਸਕਣ।"

ਮਾਹਰਾਂ ਅਨੁਸਾਰ ਪੁਲੀਸ ਬਲ ਵਿਚ ਘੱਟ ਗਿਣਤੀਆਂ ਦੀ ਪ੍ਰਤੀਨਿਧਤਾ ਵਧਾਉਣ ਦੀ ਜ਼ਰੂਰਤ ਹੈ। ਇਕ ਸਰਕਾਰੀ ਰਿਪੋਰਟ ਅਨੁਸਾਰ ਸੁਰੱਖਿਆ ਬਲਾਂ ਵਿਚ ਮੁਸਲਮਾਨਾਂ ਦਾ ਅਨੁਪਾਤ ਸਿਰਫ਼ ਚਾਰ ਫ਼ੀਸਦੀ ਹੈ। ਇਹ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿਚ ਬਹੁਤ ਘੱਟ ਹੈ।

ਸੰਤੁਲਨ ਦਾ ਟੀਚਾ ਹਾਸਲ ਕਰਨ ਲਈ ਮੰਜ਼ਿਲ ਹਾਲੇ ਦੂਰ ਹੈ ਤੇ ਉਦੋਂ ਤਕ ਅਦਾਲਤਾਂ ਦੇ ਚੱਕਰ ਲਾਉਂਦੇ ਰਹਿਣਗੇ ਤੇ ਜੇਲ੍ਹਾਂ ਦੇ ਦਰਵਾਜ਼ੇ ਮੁਸਲਮਾਨ ਕੈਦੀਆਂ 'ਤੇ ਇਸੇ ਤਰ੍ਹਾਂ ਹੀ ਖੁੱਲ੍ਹਦੇ ਰਹਿਣਗੇ।

"ਮੁਸਲਮਾਨਾਂ ਦਾ ਨਾਂ ਅੱਤਵਾਦ ਨਾਲ ਜੋੜਨਾ ਉਚਿਤ ਨਹੀਂ"

ਮੱਕਾ, ਮਸਜਿਦ, ਮਾਲੇਗਾਓਂ, ਅਕਸ਼ਰਧਾਮ, ਮੁੰਬਈ, ਦਿੱਲੀ, ਬੇਂਗਲੁਰੂ, ਹੈਦਰਾਬਾਦ ਕਿਤੇ ਵੀ ਕੋਈ ਧਮਾਕਾ ਹੋਵੇ, ਭਾਰਤ ਦੇ ਮੁਸਲਮਾਨਾਂ ਵਿਚ ਬੇਚੈਨੀ ਫੈਲ ਜਾਂਦੀ ਹੈ। ਫੋਨ ਦੀਆਂ ਘੰਟੀਆਂ ਵੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ, ਮਾਂ ਆਪਣੇ ਬੱਚਿਆਂ ਨੂੰ ਘਰੋਂ ਬਾਹਰ ਨਾ ਨਿਕਲਣ ਦੀ ਹਦਾਇਤ ਦਿੰਦੀ ਹੈ। ਅਜਿਹਾ ਇਸ ਲਈ ਹੈ ਕਿ ਹਰ ਧਮਾਕੇ ਮਗਰੋਂ ਆਮ ਤੌਰ 'ਤੇ ਮੀਡੀਆ ਵਿਚ ਮੁਸਲਮਾਨਾਂ ਦਾ ਨਾਂ ਆਉਂਦਾ ਹੈ।

ਮੱਕਾ ਮਸਜਿਦ ਹਮਲੇ ਵਿਚ ਕਈ ਮੁਸਲਮਾਨ ਨੌਜਵਾਨਾਂ 'ਤੇ ਅੱਤਵਾਦ ਨਾਲ ਜੁੜੇ ਦੋਸ਼ ਲੱਗੇ ਸਨ ਪਰ ਬਾਅਦ ਵਿਚ ਕਈ ਨੌਜਵਾਨਾਂ ਨੂੰ ਨਿਰਦੋਸ਼ ਪਾਇਆ ਗਿਆ ਸੀ। ਕੌਮੀ ਘੱਟ ਗਿਣਤੀ ਕਮਿਸ਼ਨ ਨੇ ਸਿਫ਼ਾਰਸ਼ ਵੀ ਕੀਤੀ ਸੀ ਕਿ ਸਾਰੇ ਨਿਰਦੋਸ਼ ਨੌਜਵਾਨਾਂ ਨੂੰ ਆਂਧਰਾ ਪ੍ਰਦੇਸ਼ ਸਰਕਾਰ ਮੁਆਵਜ਼ਾ ਦੇਵੇ। ਹਾਲਾਂਕਿ ਦੇਸ਼ ਦੇ ਮੁਸਲਮਾਨ ਨੌਜਵਾਨਾਂ ਦਾ ਕਹਿਣਾ ਹੈ ਕਿ ਇਸਲਾਮ ਵਿਚ ਕੱਟੜਪੰਥ ਦੀ ਕੋਈ ਥਾਂ ਨਹੀਂ ਹੈ ਤੇ ਉਹ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਨ।

ਰੁਖ਼ਸਾਰ ਅੰਜੁਮ ਹੈਦਰਾਬਾਦ ਦੀ ਇਕ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਉਸ ਦਾ ਕਹਿਣਾ ਹੈ, "ਅਸੀਂ ਅੱਤਵਾਦ ਦਾ ਕਿਸੇ ਵੀ ਸੂਰਤ ਵਿਚ ਸਮਰਥਨ ਨਹੀਂ ਕਰਦੇ। ਇਥੇ ਅੱਤਵਾਦ ਵਿਚ ਮੁਸਲਮਾਨਾਂ ਦਾ ਨਾਂ ਲਿਆ ਜਾਂਦਾ ਹੈ ਪਰ ਮੁਸਲਮਾਨਾਂ ਦਾ ਅੱਤਵਾਦ ਨਾਲ ਦੂਰ ਦੂਰ ਦਾ ਕੋਈ ਸਬੰਧ ਨਹੀਂ ਹੈ।"

ਹੈਦਰਾਬਾਦ ਦੇ ਹੀ ਪੁਰਾਣੇ ਇਲਾਕੇ ਦੇ ਇਕ ਨੌਜਵਾਨ ਅਬਦੁਲ ਅਜ਼ੀਮ ਖ਼ਾਨ ਨੇ ਦੱਸਿਆ, "ਜਦੋਂ ਵੀ ਕੋਈ ਕੱਟੜਪੰਥੀ ਘਟਨਾ ਵਾਪਰਦੀ ਹੈ, ਉਸ ਵਿਚ ਮੁਸਲਮਾਨਾਂ ਦਾ ਨਾਂ ਸਾਹਮਣੇ ਆਉਂਦਾ ਹੈ, ਪਹਿਲਾਂ ਉਨ੍ਹਾਂ ਦਾ ਨਾਂ ਆਈ.ਐਸ.ਆਈ. ਨਾਲ ਜੋੜਿਆ ਜਾਂਦਾ ਸੀ, ਫਿਰ ਇੰਡੀਅਨ ਮੁਜ਼ਾਹਿਦੀਨ ਨਾਲ ਜੋੜਿਆ ਗਿਆ, ਫਿਰ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ਼ ਇੰਡੀਆ) ਦੇ ਨਾਮ ਨਾਲ ਤੇ ਹੁਣ ਆਈ.ਐਸ. (ਇਸਲਾਮਿਕ ਸਟੇਟ) ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਹਾਲੇ ਹਾਲ ਹੀ ਵਿਚ ਹੈਦਰਾਬਾਦ ਤੋਂ ਸੱਤ ਬੱਚਿਆਂ ਨੂੰ ਚੁੱਕ ਲਿਆ ਗਿਆ ਤੇ ਉਨ੍ਹਾਂ ਦਾ ਸਬੰਧ ਇਸਲਾਮਿਕ ਸਟੇਟ ਨਾਲ ਦੱਸਿਆ ਜਾ ਰਿਹਾ ਹੈ। ਇਹ ਮੁਸਲਮਾਨਾਂ ਦੀ ਦਿਖ ਖ਼ਰਾਬ ਕਰਨ ਦੀ ਕੋਸ਼ਿਸ਼ ਹੈ।" ਇਕ ਹੋਰ ਵਿਦਿਆਰਥੀ ਦਾਨਿਸ਼ ਖ਼ਾਨ ਦਾ ਮੰਨਣਾ ਸੀ, "ਮੁਸਲਮਾਨਾਂ ਦਾ ਨਾਂ ਅੱਤਵਾਦ ਨਾਲ ਜੋੜਿਆ ਜਾਣਾ ਗ਼ਲਤ ਹੈ। ਅੱਤਵਾਦ ਦਾ ਕੋਈ ਮਜ਼੍ਹਬ ਨਹੀਂ ਹੁੰਦਾ ਤੇ ਉਸ ਨੂੰ ਕਿਸੇ ਧਰਮ ਨਾਲ ਜੋੜਨਾ ਸਹੀ ਨਹੀਂ ਹੈ।"

ਉਨ੍ਹਾਂ ਅੱਗੇ ਕਿਹਾ, "ਕਈ ਮਾਮਲਿਆਂ ਵਿਚ ਦੂਸਰੇ ਧਰਮ ਦੇ ਲੋਕਾਂ ਦਾ ਵੀ ਨਾਂ ਆਇਆ ਹੈ, ਜਿਵੇਂ ਸਾਧਵੀ ਪ੍ਰਗਿਆ, ਅਸੀਮਾਨੰਦ, ਕਰਨਲ ਪੁਰੋਹਿਤ ਤੇ ਉਨ੍ਹਾਂ ਨੂੰ ਜੇਲ੍ਹ ਵੀ ਹੋਈ। ਇਸ ਲਈ ਅੱਤਵਾਦ ਨਾਲ ਸਿਰਫ਼ ਮੁਸਲਮਾਨਾਂ ਦਾ ਨਾਂ ਜੋੜਨਾ ਸਹੀ ਨਹੀਂ ਹੈ।"

2007 ਵਿਚ ਹੈਦਰਾਬਾਦ ਸ਼ਹਿਰ ਦੇ ਕੇਂਦਰ ਵਿਚ ਚਾਰ ਮੀਨਾਰ ਕੋਲ ਮੱਕਾ ਮਸਜਿਦ ਵਿਚ ਹੋਏ ਬੰਬ ਧਮਾਕੇ ਮਗਰੋਂ ਹਿਰਾਸਤ ਵਿਚ ਲਏ ਜਾਣ ਵਾਲੇ ਡਾਕਟਰ ਇਬਰਾਹੀਮ ਜੁਨੈਦ ਨੇ ਦੱਸਿਆ ਕਿ ਉਨ੍ਹਾਂ ਨਾਲ ਸੌ ਲੜਕਿਆਂ ਨੂੰ ਕਿਵੇਂ ਚੁੱਕਿਆ ਗਿਆ ਤੇ ਉਨ੍ਹਾਂ ਨਾਲ ਕੀ ਸਲੂਕ ਕੀਤਾ ਗਿਆ।

ਉਨ੍ਹਾਂ ਦਾ ਕਹਿਣਾ ਹੈ ਕਿ ਮੁਸਲਮਾਨਾਂ ਦਾ ਅੱਤਵਾਦ ਨਾਲ ਸਬੰਧ ਨਹੀਂ ਹੈ ਪਰ ਉਨ੍ਹਾਂ ਨੇ ਪੁਲੀਸ ਦਾ ਅੱਤਵਾਦ ਜ਼ਰੂਰ ਦੇਖਿਆ ਹੈ। ਉਨ੍ਹਾਂ ਦੱਸਿਆ ਕਿ ਹਿਰਾਸਤ ਵਿਚ ਲਏ ਜਾਣ ਮਗਰੋਂ ਉਥੋਂ ਪਹਿਲਾਂ ਤੋਂ ਹੀ ਇਕ ਕਹਾਣੀ ਤਿਆਰ ਹੁੰਦੀ ਹੈ, ਜਿਸ ਨੂੰ ਤੁਹਾਨੂੰ ਕਬੂਲਣ ਲਈ ਕਿਹਾ ਜਾਂਦਾ ਹੈ। ਅਬਦੁਲ ਕਾਦਿਰ ਸਿੱਦੀਕੀ ਹੈਦਰਾਬਾਦ ਦੀ ਇਕ ਯੂਨੀਵਰਸਿਟੀ ਦੇ ਇਕ ਪੀ.ਐਚ.ਡੀ. ਸਕਾਲਰ ਹਨ। ਉਹ ਕਹਿੰਦੇ ਹਨ, "ਇਸਲਾਮ ਵਿਚ ਅੱਤਵਾਦ ਨਹੀਂ ਹੈ ਤੇ ਜੋ ਇਸ ਦੇ ਨਾਂ 'ਤੇ ਅੱਤਵਾਦ ਕਰ ਰਹੇ ਹਨ, ਉਹ ਮੁਸਲਮਾਨ ਨਹੀਂ ਹਨ।" ਉਨ੍ਹਾਂ ਇਹ ਵੀ ਕਿਹਾ ਕਿ 'ਇਸਲਾਮਿਕ ਸਟੇਟ ਜੋ ਕੁਝ ਕਰ ਰਹੀ ਹੈ, ਉਸ ਨਾਲ ਇਸਲਾਮ ਦੀ ਦਿਖ ਖ਼ਰਾਬ ਹੋ ਰਹੀ ਹੈ ਤੇ ਫਿਰ ਇਸਲਾਮ ਦੇ ਚਿਹਰੇ ਨੂੰ ਸੰਵਾਰਨ ਵਿਚ ਸੌ-ਦੋ ਸੌ ਸਾਲ ਲਗ ਜਾਣਗੇ।"

ਇਸੇ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਸਬਾ ਅੰਜੁਮ ਸਵੀਕਾਰਦੀ ਹੈ ਕਿ ਭਾਰਤ ਵਿਚ ਜਾਂ ਦੁਨੀਆ ਵਿਚ ਹੋਰਨਾਂ ਮੁਲਕਾਂ ਵਿਚ ਅੱਤਵਾਦ ਹੈ ਪਰ ਉਸ ਨੂੰ ਕਿਸੇ ਵਿਸ਼ੇਸ਼ ਭਾਈਚਾਰੇ ਨਾਲ ਜੋੜਨਾ ਗ਼ਲਤ ਹੈ। ਉਹ ਕਹਿੰਦੀ ਹੈ, "ਇਹ ਮੁਸਲਮਾਨਾਂ ਖ਼ਿਲਾਫ਼ ਮੌਕਾਪ੍ਰਸਤ ਤੱਤਾਂ ਅਤੇ ਸਿਆਸੀ ਲੀਡਰਾਂ ਦਾ ਪ੍ਰਚਾਰ ਹੈ। ਦੂਸਰੇ ਫਿਰਕਿਆਂ ਵਿਚ ਮੁਸਲਮਾਨਾਂ ਦੀ ਗ਼ਲਤ ਤਸਵੀਰ ਪੇਸ਼ ਕੀਤੀ ਜਾ ਰਹੀ ਹੈ।" ਸਭ ਦਾ ਕਹਿਣਾ ਸੀ ਕਿ ਕਿਸੇ ਏਅਰਪੋਰਟ 'ਤੇ ਜੇਕਰ ਕੋਈ ਮੁਸਲਮਾਨ ਦਾੜ੍ਹੀ ਵਾਲਾ ਹੈ ਤਾਂ ਮੁੜ ਚੈਕਿੰਗ ਕੀਤੀ ਜਾਂਦੀ ਹੈ...ਨੌਜਵਾਨ ਪੀੜ੍ਹੀ ਦੇ ਸਾਹਮਣੇ ਇਹ ਬਹੁਤ ਵੱਡਾ ਖ਼ਤਰਾ ਹੈ ਤੇ ਆਉਣ ਵਾਲੇ ਦਿਨਾਂ ਵਿਚ ਸਾਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।" ਕੁਝ ਦੂਸਰੇ ਨੌਜਵਾਨਾਂ ਦਾ ਮੰਨਣਾ ਸੀ ਕਿ ਸਰਕਾਰ ਕਿਸੇ ਦੀ ਵੀ ਹੋਵੇ, ਮੁਸਲਮਾਨਾਂ ਦੇ ਹਾਲਾਤ ਵਿਚ ਬਦਲਾਅ ਨਹੀਂ ਆਇਆ ਹੈ ਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ।

# Classified

## ਕੰਨਿਆ ਦੀ ਲੋੜ

**ਅਸਟਰੇਲੀਆ ਤੋਂ ਸ਼ੈਫ (Cooking course from Australia) ਕਰਕੇ ਆਏ ਜੱਟ ਸਿੱਖ 6 ਫੁੱਟ, ਉਮਰ 27 ਸਾਲ, 10 ਸਾਲ ਦੇ Visitor visa ਉਪਰ ਅਮਰੀਕਾ ਆਏ ਸੁਨੱਖੇ ਨੌਜਵਾਨ, ਜਿਸ ਦੀ ਫਰੀਦਕੋਟ ਪੰਜਾਬ 'ਚ 20 ਕਿੱਲਿਆਂ ਦੇ ਫਾਰਮ ਵਿਚ ਸ਼ਾਹੀ ਕੋਠੀ ਦੇ ਮਾਲਕ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।**

**ਹੋਰ ਜਾਣਕਾਰੀ ਲਈ : ਫੋਨ ਨੰਬਰ: 209-914-2980**

**For Classified Contact**

**510.240.5949**


# ਵਾਟਸਨਵਿੱਲ ਦੇ ਟੁੱਟ ਭਰਾਵਾਂ ਵਲੋਂ ਆਮ ਆਦਮੀ ਪਾਰਟੀ ਦਾ ਸਮਰਥਨ

## ਪਿੰਡ ਪਰਾਗਪੁਰ ਬਣਿਆ ਚੋਣ ਸਰਗਰਮੀ ਦਾ ਅਖਾੜਾ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ 'ਚ ਜਿਉਂ ਜਿਉਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਵੀ ਤੇਜ਼ ਹੁੰਦੀ ਜਾ ਰਹੀ ਹੈ। ਉੱਤਰੀ ਅਮਰੀਕਾ ਵਿਚ ਇਹ ਸਿਆਸੀ ਹਲਚਲ ਕੁਝ ਵਧੇਰੇ ਹੀ ਵੇਖਣ ਨੂੰ ਮਿਲ ਰਹੀ ਹੈ। ਪੰਜਾਬ ਨੂੰ ਖੁਸ਼ਹਾਲ ਅਤੇ ਹੱਸਦਾ-ਵੱਸਦਾ ਵੇਖਣ ਲਈ ਇਨ੍ਹੀਂ ਦਿਨੀਂ ਕਾਰੋਬਾਰੀ ਅਤੇ ਸਿਰਕੱਢ ਅਮਰੀਕੀ ਪੰਜਾਬੀਆਂ ਨੇ ਆਪਣੀ ਧਰਤੀ ਵੱਲ ਚਾਲੇ ਪਾ ਲਏ ਹਨ। ਰਿਪੋਰਟਾਂ ਅਨੁਸਾਰ 35 ਹਜ਼ਾਰ ਤੋਂ ਵੱਧ ਪ੍ਰਵਾਸੀ ਇਸ ਵੇਲੇ ਵਿਦੇਸ਼ਾਂ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਸਮਰਥਨ ਅਤੇ ਪ੍ਰਚਾਰ ਲਈ ਪਹੁੰਚ ਚੁੱਕੇ ਹਨ। ਅਗਲੇ ਦਿਨਾਂ ਵਿਚ ਇਹ ਗਿਣਤੀ ਲਗਭਗ ਦੁੱਗਣੀ ਹੋ ਜਾਣ ਦੀ ਸੰਭਾਵਨਾ ਹੈ। ਪਹਿਲੀ ਵਾਰ ਹੈ ਕਿ ਪੰਜਾਬ ਚੋਣਾਂ ਵਿਚ ਪ੍ਰਵਾਸੀਆਂ ਦੀ ਸਭ ਤੋਂ ਮਹੱਤਵਪੂਰਨ ਭੂਮਿਕਾ ਹੋਵੇਗੀ। ਇਸੇ ਤਹਿਤ ਹੀ ਵਾਟਸਨਵਿੱਲ 'ਚ ਵੱਸਦੇ ਕਾਰੋਬਾਰੀ ਟੁੱਟ ਭਰਾਵਾਂ ਸੁਰਜੀਤ ਸਿੰਘ ਟੁੱਟ, ਰਾਣਾ ਟੁੱਟ, ਪ੍ਰੀਤਮ ਸਿੰਘ ਟੁੱਟ ਵੀ ਜਲੰਧਰ ਛਾਉਣੀ ਲਾਗੇ ਆਪਣੇ ਪਿੰਡ ਪਰਾਗਪੁਰ ਪੁੱਜ ਗਏ ਹਨ। ਸਿਆਸੀ ਪਾਰਟੀਆਂ ਨਾਲ ਨੇੜੇ ਤੋਂ ਜੁੜੇ ਰਹੇ ਟੁੱਟ ਭਰਾ ਖਾਸ ਤੌਰ 'ਤੇ ਰਾਣਾ ਟੁੱਟ ਆਮ ਆਦਮੀ ਪਾਰਟੀ ਨਾਲ ਖੁੱਲ੍ਹ ਕੇ ਚੱਲ ਰਹੇ ਹਨ। ਪਿੰਡ ਪਰਾਗਪੁਰ ਇਸ ਵੇਲੇ 'ਆਪ' ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਬਣਦਾ ਜਾ ਰਿਹਾ ਹੈ। ਰਾਣਾ ਟੁੱਟ 'ਆਪ' ਦੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਝਾੜੂ ਦੇ ਪ੍ਰਚਾਰ ਲਈ ਲੱਗੇ ਹੋਏ ਹਨ। ਜਲੰਧਰ ਰੈਲੀ ਲਈ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਰਾਗਪੁਰ ਨਿਵਾਸ ਤੋਂ ਹੀ ਸ਼ੁਰੂਆਤ ਕੀਤੀ ਸੀ। ਉਂਝ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਹੋਰ 'ਆਪ' ਆਗੂ ਅੱਜ ਕੱਲ੍ਹ ਪਰਾਗਪੁਰ ਹੀ ਠਹਿਰਦੇ ਹਨ।



ਰਾਣਾ ਟੁੱਟ (ਸੱਜੇ) ਜਲੰਧਰ ਛਾਉਣੀ ਨੇੜੇ ਸਥਿਤ ਪਿੰਡ ਪਰਾਗਪੁਰ ਵਿਚ ਆਪਣੇ ਘਰ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨਾਲ।

ਇਨ੍ਹਾਂ ਤੋਂ ਇਲਾਵਾ ਵਾਟਸਨਵਿੱਲ ਵਿਚ ਹੀ ਵਸਦੇ ਗਾਖਲ ਭਰਾ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਵੀ ਖੁੱਲ੍ਹ ਕੇ ਆਮ ਆਦਮੀ ਪਾਰਟੀ ਦਾ ਸਮਰਥਨ ਹੀ ਨਹੀਂ ਕੀਤਾ ਸਗੋਂ ਸਮੂਹ ਪਰਵਾਸੀ ਪੰਜਾਬੀਆਂ ਨੂੰ ਸਮਰਥਨ ਕਰਨ ਦੀ ਅਪੀਲ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਦਸ ਸਾਲਾਂ ਵਿਚ ਜੋ ਵਤੀਰਾ ਪਰਵਾਸੀ ਪੰਜਾਬੀਆਂ ਦੇ ਨਿਵੇਸ਼ ਪ੍ਰਤੀ ਅਪਣਾਈ ਰੱਖਿਆ, ਉਹ ਨਿਰਾਸ਼ਾਜਨਕ ਹੀ ਰਿਹਾ। ਜਿਨ੍ਹਾਂ ਨੇ ਕੁਝ ਪੈਸੇ ਲਗਾਏ ਸਨ, ਸਿਆਸੀ ਦਖਲਅੰਦਾਜ਼ੀ ਕਾਰਨ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਨ੍ਹਾਂ ਦੇ ਕਾਰੋਬਾਰ ਪ੍ਰਭਾਵਤ ਹੋਏ। ਇਨ੍ਹਾਂ ਵਿਚੋਂ ਕਈਆਂ ਨੇ ਆਪਣਾ ਕਾਰੋਬਾਰ ਸਮੇਟ ਲਿਆ।

## ਆਸਟਰੇਲੀਆ ਵਿਚ ਸਿੱਖ ਬੱਚੇ ਨੂੰ ਨਹੀਂ ਮਿਲਿਆ ਸਕੂਲ ਵਿਚ ਦਾਖ਼ਲਾ



**ਮੈਲਬਰਨ/ਬਿਊਰੋ ਨਿਊਜ਼ :**

ਇਥੇ ਇਕ ਪੰਜ ਸਾਲਾ ਸਿੱਖ ਲੜਕੇ ਨੂੰ ਸਕੂਲ ਵਿੱਚ ਇਹ ਕਹਿੰਦਿਆਂ ਦਾਖ਼ਲਾ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਦਾ ਪਟਕਾ (ਪੱਗੜੀ) ਸਕੂਲ ਦੀ ਯੂਨੀਫਾਰਮ ਪਾਲਿਸੀ ਨਾਲ ਮੇਲ ਨਹੀਂ ਖਾਂਦਾ। ਹਾਲਾਂਕਿ 2008 ਵਿੱਚ ਨਿੱਜੀ ਸੰਸਥਾ ਦੇ ਇਕ ਅਜਿਹੇ ਹੀ ਫ਼ੈਸਲੇ ਖ਼ਿਲਾਫ਼ ਮਿਸਾਲੀ ਫ਼ੈਸਲਾ ਸੁਣਾਇਆ ਗਿਆ ਸੀ। ਉਧਰ ਵਿਦਿਆਰਥੀ ਦੇ ਪਿਤਾ ਸਾਗਰਦੀਪ ਸਿੰਘ ਅਰੋੜਾ ਨੇ ਮੈਲਟਨ ਕ੍ਰਿਸਚੀਅਨ ਕਾਲਜ (ਐਮਸੀਸੀ) ਦੇ ਇਸ ਫ਼ੈਸਲੇ ਖ਼ਿਲਾਫ਼ ਮੁਕਾਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ ਕੀਤੀ ਹੈ।

ਸਥਾਨਕ ਰੇਡੀਓ ਸੈਵਨ ਬਿਲੀਅਨ ਸਟੋਰੀਜ਼ ਨਾਲ ਗੱਲਬਾਤ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ, 'ਮੈਲਟਨ ਕ੍ਰਿਸਚੀਅਨ ਕਾਲਜ ਵਿੱਚ ਦਾਖ਼ਲੇ ਲਈ ਮੇਰੇ ਪੁੱਤ ਨੂੰ ਉਸ ਦੀ ਧਾਰਮਿਕ ਪਛਾਣ ਨੂੰ ਲਾਂਭੇ ਰੱਖਣ ਲਈ ਕਹਿਣਾ ਕਾਫ਼ੀ ਦੁਖਦਾਈ ਤੇ ਨਿਰਾਸ਼ਾਜਨਕ ਹੈ।' ਸ੍ਰੀ ਅਰੋੜਾ ਨੇ ਕਿਹਾ, 'ਅਸੀਂ ਵਿਕਟੋਰੀਆ ਦੇ ਬਰਾਬਰ ਮੌਕਿਆਂ 'ਤੇ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ (ਵੀਈਓਐਚਆਰਸੀ) ਕੋਲ ਇਸ ਸਾਰੇ ਮਾਮਲੇ ਬਾਬਤ ਰਿਪੋਰਟ ਦਰਜ ਕਰਵਾ ਦਿੱਤੀ ਹੈ।' ਉਨ੍ਹਾਂ ਕਿਹਾ, 'ਮੇਰਾ ਮੰਨਣਾ ਹੈ ਕਿ ਸਕੂਲ ਦੀ ਪਛਾਣ ਤੇ ਏਕੀਕਰਨ ਲਈ ਵਿਦਿਆਰਥੀਆਂ ਲਈ ਇਕਸਾਰ ਵਰਦੀ ਹੋਣਾ ਅਹਿਮ ਹੈ। ਪਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮੁੱਖ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕੀਤੇ ਜਾਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਰਹੁ-ਰੀਤਾਂ ਨੂੰ ਪੂਰਾ ਕਰਨ ਦੀ ਇਜਾਜ਼ਤ ਨਾ ਦਿੱਤੇ ਜਾਣਾ ਅਨੈਤਿਕ ਹੈ।' ਉਨ੍ਹਾਂ ਕਿਹਾ, 'ਆਸਟਰੇਲੀਆ ਤੇ ਵਿਸ਼ਵ ਦੇ ਹੋਰਨਾਂ ਮੁਲਕਾਂ ਵਿਚ ਸਿੱਖ ਧਰਮ ਵਿਚ ਕੇਸਾਂ ਤੇ ਪਗੜੀ ਦੀ ਮਹੱਤਤਾ ਨੂੰ ਸਮਝਦਿਆਂ ਵੱਖ ਵੱਖ ਸੰਸਥਾਵਾਂ (ਸਕੂਲਾਂ, ਫ਼ੌਜ ਤੇ ਪੁਲੀਸ) ਵਿੱਚ ਪੱਗੜੀ ਨੂੰ ਵਰਦੀ ਦਾ ਹਿੱਸਾ ਮੰਨਿਆ ਗਿਆ ਹੈ, ਪਰ ਇਸ ਦੇ ਬਾਵਜੂਦ ਕਾਲਜ ਆਪਣੀ ਵਰਦੀ ਨੀਤੀ ਵਿੱਚ ਬਦਲਾਅ ਲਈ ਤਿਆਰ ਨਹੀਂ।' ਪੀੜਤ ਬੱਚੇ ਦੇ ਪਿਤਾ ਨੇ ਭਾਈਚਾਰੇ ਤੋਂ ਇਸ ਮਾਮਲੇ ਵਿਚ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਹੈ ਕਿ ਪਛਾਣ ਲਈ ਹੋ ਰਹੀ ਇਹ ਜੱਦੋ-ਜਹਿਦ ਭਾਵੇਂ ਲੰਮੀ ਹੋਵੇ, ਪਰ ਉਹ ਡਟੇ ਰਹਿਣਗੇ। ਇਸ ਮਾਮਲੇ ਵਿੱਚ ਸੂਬਾਈ ਕਮਿਸ਼ਨ ਸਾਹਮਣੇ ਅਗਲੀ ਸੁਣਵਾਈ 16 ਅਪਰੈਲ ਤੱਕ ਹੋਵੇਗੀ।

ਉਧਰ ਰਿਪੋਰਟ ਮੁਤਾਬਕ ਕਾਲਜ ਨੇ ਕਮਿਸ਼ਨ ਨੂੰ ਦਿੱਤੇ ਲਿਖਤੀ ਜਵਾਬ ਵਿੱਚ ਮੌਜੂਦਾ ਯੂਨੀਫਾਰਮ ਪ੍ਰੋਟੋਕੋਲ ਨਾਲ ਕਿਸੇ ਤਰ੍ਹਾਂ ਦੀ ਛੇੜਖਾਨੀ ਤੋਂ ਇਨਕਾਰ ਕਰਦਿਆਂ ਕਿਸੇ ਨਵੀਂ ਆਈਟਮ ਨੂੰ ਇਸ ਵਿਚ ਸ਼ਾਮਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਉਂਜ ਕਾਲਜ ਨੇ ਪਰਿਵਾਰ ਨੂੰ ਹੋਈ ਨਮੋਸ਼ੀ 'ਤੇ ਅਫਸੋਸ ਜ਼ਾਹਰ ਕੀਤਾ ਹੈ। ਯਾਦ ਰਹੇ ਕਿ ਆਸਟਰੇਲੀਆ ਵਿੱਚ 72 ਹਜ਼ਾਰ ਤੋਂ ਵੱਧ ਸਿੱਖ ਵਸਦੇ ਹਨ ਤੇ ਇਸ ਗਿਣਤੀ ਵਿਚ ਹਰ ਸਾਲ ਵਾਧਾ ਹੁੰਦਾ ਹੈ।

## ਬਾਦਲਾਂ ਦੇ ਕਿਲ੍ਹੇ 'ਤੇ ਕੈਪਟਨ ਨੇ ਕੀਤੀ ਚੜ੍ਹਾਈ

ਦਲ ਆਪਸ ਵਿੱਚ ਮਿਲੇ ਹੋਏ ਹਨ। ਕੈਪਟਨ ਖ਼ਿਲਾਫ਼ ਚੱਲ ਰਹੇ ਕੇਸ ਬਾਦਲ ਸਰਕਾਰ ਵੱਲੋਂ ਵਾਪਸ ਲੈਣ ਅਤੇ ਕਾਂਗਰਸ ਦੇ ਤਤਕਾਲੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ ਬਿਕਰਮ ਮਜੀਠੀਆ ਦੇ ਨਸ਼ੇ ਤਸਕਰਾਂ ਨਾਲ ਸਬੰਧਾਂ ਦੇ ਦੋਸ਼ਾਂ ਦੀ ਸੀਬੀਆਈ ਤੋਂ ਜਾਂਚ ਦੀ ਮੰਗ ਨੂੰ ਕੈਪਟਨ ਵੱਲੋਂ ਰੱਦ ਕੀਤੇ ਜਾਣ ਅਤੇ ਕੈਪਟਨ ਦੀ ਬਾਦਲਾਂ ਪ੍ਰਤੀ ਭਾਸ਼ਾ ਵਿੱਚ ਨਰਮੀ ਨੂੰ ਦੋਹਾਂ ਪਾਰਟੀਆਂ ਦੀ ਸਾਂਝ ਨੂੰ ਦਲੀਲ ਦੇ ਤੌਰ ਉੱਤੇ ਪੇਸ਼ ਕੀਤਾ ਜਾ ਰਿਹਾ ਸੀ।

ਆਮ ਕਾਂਗਰਸੀ ਆਗੂ ਨਿੱਜੀ ਗੱਲਬਾਤ ਵਿੱਚ ਇਹ ਕਬੂਲ ਕਰਨ ਲੱਗੇ ਸਨ ਕਿ ਇਨ੍ਹਾਂ ਦੋਸ਼ਾਂ ਦਾ ਕਿਤੇ ਨਾ ਕਿਤੇ ਵੋਟਰਾਂ ਉੱਤੇ ਅਸਰ ਹੋ ਰਿਹਾ ਹੈ। ਕੈਪਟਨ ਨੇ ਬਾਦਲ ਖ਼ਿਲਾਫ਼ ਚੋਣ ਲੜਨ ਦਾ ਐਲਾਨ ਕਰ ਕੇ ਇਸ ਦੋਸ਼ ਨੂੰ ਪੂਰੀ ਤਰ੍ਹਾਂ ਖਾਰਜ ਕਰ ਦੇਣ ਦੀ ਰਣਨੀਤੀ ਅਪਣਾਈ ਹੈ। ਪਰ ਇਸ ਦੇ ਨਾਲ ਹੀ ਇੱਕ ਨੁਕਸਾਨ ਇਹ ਜ਼ਰੂਰ ਹੁੰਦਾ ਹੈ ਕਿ ਚੋਣ ਵੱਡੀਆਂ ਸ਼ਖ਼ਸੀਅਤਾਂ ਦੁਆਲੇ ਕੇਂਦਰਤ ਹੋ ਕੇ ਰਹਿ ਜਾਂਦੀ ਹੈ ਅਤੇ ਲੋਕਾਂ ਦੇ ਮੁੱਦੇ ਗਾਇਬ ਹੋਣ ਦਾ ਡਰ ਬਣ ਜਾਂਦਾ ਹੈ।

ਇਸੇ ਤਰ੍ਹਾਂ ਜਲਾਲਾਬਾਦ ਤੋਂ ਸੁਖਬੀਰ ਬਾਦਲ ਖ਼ਿਲਾਫ਼ ਕਾਂਗਰਸ ਨੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਲੜਾਉਣ ਦਾ ਫੈਸਲਾ ਕੀਤਾ ਹੈ, ਪਰ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦੇ ਇੰਚਾਰਜ ਭਗਵੰਤ ਮਾਨ ਪਹਿਲਾਂ ਹੀ ਵੱਡੀ ਚੁਣੌਤੀ ਦੇ ਰਹੇ ਹਨ। ਬਾਦਲਾਂ ਨੂੰ ਪਹਿਲੀ ਵਾਰ ਇਸ ਤਰ੍ਹਾਂ ਦੀ ਵੱਡੀ ਚੁਣੌਤੀ ਨਾਲ ਜੂਝਣਾ ਪਵੇਗਾ।

## ਬਾਦਲ ਦੇ ਸੱਦੇ 'ਤੇ ਕੈਪਟਨ ਲੜ ਰਹੇ ਨੇ ਲੰਬੀ ਤੋਂ ਚੋਣ : ਕੇਜਰੀਵਾਲ

ਦੀ ਪੰਜਾਬੀ ਵਿਚ ਸਰਕਾਰ ਬਣੇਗੀ ਤੇ ਡਰੱਗਜ਼ ਮਾਮਲੇ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 15 ਅਪਰੈਲ ਨੂੰ ਜੇਲ੍ਹ ਵਿੱਚ ਹੋਣਗੇ। ਇਸ ਤੋਂ ਇਲਾਵਾ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਖੇਤੀਬਾੜੀ ਮੰਤਰੀ ਤੋਤਾ ਸਿੰਘ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਐਸ.ਆਈ.ਟੀ. ਦਾ ਗਠਨ ਕੀਤਾ ਜਾਵੇਗਾ। ਬਾਅਦ ਵਿਚ ਮੁਹਾਲੀ ਦੇ ਖਰੜ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਦੂਸਰੀ ਪਾਰਟੀ ਵਾਲੇ ਵੋਟ ਪਾਉਣ ਲਈ ਪੈਸੇ ਦੇਣ ਤਾਂ ਪੈਸੇ ਜ਼ਰੂਰ ਲੈ ਲੈਣਾ। ਪਰ ਵੋਟ ਆਮ ਆਦਮੀ ਪਾਰਟੀ ਨੂੰ ਹੀ ਦੇਣਾ। ਉਨ੍ਹਾਂ ਇਕ ਵਾਰ ਫੇਰ ਦੁਹਰਾਇਆ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਹਨ, ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣਨਗੇ ਪਰ ਜਿੰਨੇ ਵਾਅਦੇ ਵਿਕਾਸ ਦੇ ਤੁਹਾਡੇ ਨਾਲ ਕਰ ਰਿਹਾ ਹਾਂ, ਉਨ੍ਹਾਂ ਨੂੰ ਪੂਰੇ ਕਰਨ ਦੀ ਜ਼ਿੰਮੇਵਾਰੀ ਮੇਰੀ ਹੈ।

## ਟਰੰਪ 20 ਜਨਵਰੀ ਨੂੰ ਸੰਭਾਲਣਗੇ ਅਮਰੀਕਾ ਦੀ ਵਾਗਡੋਰ

ਜ਼ਿਕਰਯੋਗ ਹੈ ਕਿ ਟਰੰਪ ਦਾ ਸਹੁੰ ਚੁੱਕ ਸਮਾਰੋਹ 20 ਜਨਵਰੀ ਨੂੰ ਹੋਣਾ ਹੈ। ਸੂਤਰਾਂ ਅਨੁਸਾਰ ਇਸ ਵਿਚ 8-9 ਲੱਖ ਲੋਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਸਾਰੇ ਅਹਿਮ ਰਸਤੇ ਬੰਦ ਰਹਿਣਗੇ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਟਰੰਪ ਸਮਰਥਕ ਕਿੰਨੇ ਹੋਣਗੇ ਤੇ ਵਿਰੋਧੀ ਕਿੰਨੇ। ਉਧਰ 18 ਡੈਮੋਕਰੈਟ ਸੰਸਦ ਮੈਂਬਰ ਸਹੁੰ ਚੁੱਕ ਸਮਾਗਮ ਦਾ ਬਾਈਕਾਟ ਕਰਨ ਦਾ ਐਲਾਨ ਕਰ ਚੁੱਕੇ ਹਨ। ਉਧਰ ਚੀਨੀ ਮੀਡੀਆ ਨੇ ਧਮਕੀ ਦਿੱਤੀ ਹੈ ਕਿ 'ਵਨ ਚਾਈਨਾ ਪਾਲਸੀ' ਨੂੰ ਉਹ ਪਲਟਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਰੂਸ ਨਾਲ ਪਰਮਾਣੂ ਹਥਿਆਰਾਂ ਸਬੰਧੀ ਸਮਝੌਤੇ ਅਤੇ ਉਸ ਖ਼ਿਲਾਫ਼ ਲਾਈਆਂ ਪਾਬੰਦੀਆਂ ਨਰਮ ਕਰਨ ਦੇ ਸੰਕੇਤ ਵੀ ਦਿੱਤੇ ਹਨ। ਜਰਮਨ ਰਸਾਲੇ 'ਬਿਲਡ' ਅਤੇ ਟਾਈਮਜ਼ ਆਫ਼ ਲੰਡਨ ਨੂੰ ਦਿੱਤੇ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਆਖ ਰਹੇ ਹਨ ਕਿ ਨਾਟੋ ਵਿਚ ਦਿੱਕਤਾਂ ਹਨ ਅਤੇ ਵਰ੍ਹਿਆਂ ਪਹਿਲਾਂ ਬਣੀ ਹੋਣ ਕਰ ਕੇ ਇਸ ਦਾ ਅਸਰ ਘੱਟ ਗਿਆ ਹੈ। ਉਨ੍ਹਾਂ ਕਿਹਾ ਕਿ ਕਈ ਮੁਲਕਾਂ ਨੂੰ ਅਮਰੀਕਾ ਵੱਲੋਂ ਸੁਰੱਖਿਆ ਦਿੱਤੀ ਜਾਂਦੀ ਹੈ ਪਰ ਇਹ ਮੁਲਕ ਕੋਈ ਪੈਸਾ ਅਦਾ ਨਹੀਂ ਕਰਦੇ। ਸਿਰਫ਼ ਪੰਜ ਮੁਲਕ ਹੀ ਰਾਸ਼ੀ ਮੋੜ ਰਹੇ ਹਨ ਪਰ ਇਹ ਨਾਕਾਫ਼ੀ ਹੈ। ਉਧਰ ਜਰਮਨ ਵਿਦੇਸ਼ ਮੰਤਰੀ ਫਰੈਂਕ ਵਾਲਟਰ ਸਟੀਨਮੀਅਰ ਨੇ ਕਿਹਾ ਕਿ ਉਹ ਨਾਟੋ ਮੁਖੀ ਜੇਨਸ ਸਟੋਲਟਨਬਰਗ ਨੂੰ ਮਿਲੇ ਸਨ, ਜਿਨ੍ਹਾਂ ਟਰੰਪ ਦੇ ਬਿਆਨ 'ਤੇ ਚਿੰਤਾ ਜਤਾਈ ਹੈ। ਨਾਟੋ ਤਰਜਮਾਨ ਨੇ ਟਰੰਪ ਦੇ ਬਿਆਨ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ ਪਰ ਉਸ ਨੇ ਸਟੋਲਟਨਬਰਗ ਦੇ ਬਿਆਨ ਨੂੰ ਦੁਹਰਾਇਆ ਕਿ ਅਮਰੀਕਾ ਨਾਟੋ ਮੁਲਕਾਂ ਪ੍ਰਤੀ ਵਚਨਬੱਧ ਰਹੇਗਾ। ਇਸ ਦੌਰਾਨ ਟਰੰਪ ਨੇ ਅਮਰੀਕਾ ਦੇ ਹਰੇਕ ਨਾਗਰਿਕ ਲਈ ਸਿਹਤ ਬੀਮੇ ਦੀ ਵਕਾਲਤ ਕੀਤੀ ਹੈ। ਰਿਪਬਲਿਕਨਾਂ ਵੱਲੋਂ ਬਰਾਕ ਓਬਾਮਾ ਦੇ ਸਿਹਤ ਸਬੰਧੀ ਕਾਨੂੰਨ ਦੀ ਲਗਾਤਾਰ ਆਲੋਚਨਾ ਕੀਤੀ ਜਾਂਦੀ ਰਹੀ ਹੈ। ਟਰੰਪ ਨੇ ਦਵਾਈ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਕੀਮਤਾਂ ਬਾਰੇ ਸਿੱਧਿਆਂ ਹੀ ਸਰਕਾਰ ਨਾਲ ਗੱਲਬਾਤ ਕਰਨ। 'ਦਿ ਟਾਈਮਜ਼' ਅਖ਼ਬਾਰ ਵਿਚ ਪ੍ਰਕਾਸ਼ਤ ਇੰਟਰਵਿਊ 'ਚ ਟਰੰਪ ਨੇ ਪਰਮਾਣੂ ਹਥਿਆਰਾਂ ਦਾ ਜ਼ਖੀਰਾ ਘਟਾਉਣ ਲਈ ਰੂਸ ਨਾਲ ਸਮਝੌਤੇ ਦਾ ਸੱਦਾ ਦਿੰਦਿਆਂ ਮਾਸਕੋ ਖ਼ਿਲਾਫ਼ ਪਾਬੰਦੀਆਂ ਵਿਚ ਨਰਮੀ ਵਰਤਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਪਾਬੰਦੀਆਂ ਕਾਰਨ ਲੋਕ ਪ੍ਰਭਾਵਤ ਹੋ ਰਹੇ ਹਨ ਅਤੇ ਕੁਝ ਅਜਿਹਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਲਾਭ ਪੁੱਜੇ। ਇਰਾਕ ਯੁੱਧ ਬਾਰੇ ਉਨ੍ਹਾਂ ਕਿਹਾ ਕਿ ਇਹ ਮਧੂਮੱਖੀ ਦੇ ਛੱਤੇ 'ਤੇ ਪੱਥਰ ਮਾਰਨ ਵਰਗਾ ਹੈ।

## ਸੀ.ਆਈ.ਏ. ਚੀਫ਼ ਦੀ ਚਿਤਾਵਨੀ-ਆਪਣੇ ਬਿਆਨਾਂ 'ਤੇ ਟਰੰਪ ਕੰਟਰੋਲ ਰੱਖਣ :

ਅਮਰੀਕਾ ਦੀ ਖ਼ੁਫੀਆ ਏਜੰਸੀ ਸੀ.ਆਈ.ਏ. ਦੇ ਮੁਖੀ ਜੌਨ ਬਰੇਨਨ ਨੇ ਟਰੰਪ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਬਿਆਨਾਂ 'ਤੇ ਕੰਟਰੋਲ ਕਰਨਾ ਚਾਹੀਦਾ ਹੈ। ਨਾਲ ਹੀ ਰੂਸ ਖ਼ਿਲਾਫ਼ ਲਾਈਆਂ ਪਾਬੰਦੀਆਂ ਨੂੰ ਹਟਾਉਣ ਨੂੰ ਲੈ ਕੇ ਚੌਕਸ ਰਹਿਣਾ ਚਾਹੀਦਾ ਹੈ। ਬਰੇਨਨ ਨੇ ਕਿਹਾ ਕਿ ਟਰੰਪ ਨੇ ਜਿਸ ਤਰ੍ਹਾਂ ਦੁਨੀਆ ਨੂੰ ਸੰਦੇਸ਼ ਦਿੱਤਾ ਹੈ, ਉਸ ਤੋਂ ਲਗਦਾ ਹੈ ਕਿ ਉਨ੍ਹਾਂ ਨੂੰ ਆਪਣੇ ਦੇਸ਼ ਦੀ ਖ਼ੁਫ਼ੀਆ ਏਜੰਸੀ 'ਤੇ ਭਰੋਸਾ ਨਹੀਂ ਹੈ।

## ਸਿੱਖ ਕਤਲੇਆਮ ਦਾ ਦਰਦ ਬਿਆਨਦੀ 'ਸੱਚ ਦੀ ਕੰਧ' ਪੰਥ ਨੂੰ ਸਮਰਪਿਤ

ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਅਤੇ ਸਾਬਕਾ ਰਾਜ ਸਭਾ ਮੈਂਬਰ ਤ੍ਰਿਲੋਚਨ ਸਿੰਘ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਤੋਂ ਗੁਰਦੁਆਰਾ ਰਕਾਬਗੰਜ ਸਾਹਿਬ ਤੱਕ ਸੰਗਤ ਵੱਲੋਂ ਨਗਰ ਕੀਰਤਨ ਸਜਾਇਆ ਗਿਆ। ਇਸ ਵਿੱਚ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੇ ਗੁਰੂ ਜਸ ਦਾ ਗਾਇਨ ਕੀਤਾ। ਐਨ.ਸੀ.ਸੀ. ਦੇ ਕੈਡਿਟਾਂ ਨੇ ਵੀ ਨਗਰ ਕੀਰਤਨ ਵਿੱਚ ਹਿੱਸਾ ਲਿਆ। ਨਗਰ ਕੀਰਤਨ ਦੇ ਯਾਦਗਾਰ ਵਾਲੀ ਥਾਂ 'ਤੇ ਪੁੱਜਣ ਮੌਕੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੈਂਡ ਵਿੱਚ ਸ਼ਾਮਲ ਬੱਚਿਆਂ ਵੱਲੋਂ ਬਿਗਲ ਵਜਾ ਕੇ ਮਾਰੇ ਗਏ ਸਿੱਖਾਂ ਨੂੰ ਮਾਤਮੀ ਧੁਨ ਨਾਲ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮਗਰੋਂ ਸੰਗਤ ਨੇ 2 ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਯਾਦ ਕੀਤਾ। ਜੀ.ਕੇ. ਨੇ ਯਾਦਗਾਰ ਬਣਾਉਣ ਵਿਚ ਸਹਿਯੋਗ ਦੇਣ ਲਈ ਸਮੁੱਚੇ ਪੰਥ ਦਾ ਧੰਨਵਾਦ ਕੀਤਾ।

## ਇੰਦਰਾ ਗਾਂਧੀ ਤੇ ਰਾਜੀਵ ਦੇ ਨਾਂ ਕਾਤਲਾਂ ਵੱਜੋਂ ਲਿਖਣ ਦੀ ਮੰਗ

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪੀੜਤ ਆਗੂਆਂ ਦੀ ਗੱਲਬਾਤ ਸੁਣਨ ਉਪਰੰਤ ਇਸ ਸਲਾਹ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਜੀ.ਕੇ. ਨੇ ਕਿਹਾ ਕਿ ਸਾਡਾ ਟੀਚਾ ਯਾਦਗਾਰ ਬਣਾ ਕੇ ਕਿਸੇ ਦਾ ਦਿਲ ਦੁਖਾਉਣਾ ਨਹੀਂ ਹੈ ਅਤੇ ਨਾ ਹੀ ਇਸ ਪ੍ਰਕਾਰ ਦਾ ਮਾਹੌਲ ਸਿਰਜਣ ਦਾ ਹੈ ਜਿਸ ਤੋਂ ਬਾਅਦ ਭਾਵਨਾ ਵਿਚ ਵਹਿ ਕੇ ਕੋਈ ਨੌਜਵਾਨ ਕਿਸੇ ਉਕਸਾਵੇ ਦਾ ਕਾਰਨ ਬਣ ਜਾਵੇ। ਇਸ ਮੌਕੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਦੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਚੇਅਰਮੈਨ ਪਰਮਜੀਤ ਸਿੰਘ ਰਾਣਾ, ਸਾਬਕਾ ਵਿਧਾਇਕ ਜਤਿੰਦਰ ਸਿੰਘ ਸ਼ੰਟੀ, ਪ੍ਰੋਜੈਕਟ ਕਮੇਟੀ ਦੇ ਚੇਅਰਮੈਨ ਤਨਵੰਤ ਸਿੰਘ ਅਤੇ ਕਮੇਟੀ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਮੌਜੂਦ ਸਨ।

# Sir Speedy Tustin

Printers to the Community

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

GURU NANAK SIKH TEMPLE FAIRFIELD Visit Our Website: www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps

YOUR LOGO HERE

1 color in 1 position. Min Qty. 100

**Only $4.99**

## Trip Envelopes Qty 1000

DAILY TRIP ENVELOPE

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ ''ਬਾਬਰ ਬਾਣੀ'' ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਦਸਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਲਾਟੂਸ਼ ਰੋਡ

31 ਅਕਤੂਬਰ 1984 ਸ਼ਾਮ ਤੱਕ ਲਾਟੂਸ਼ ਰੋਡ ਤੇ ਸ਼ਾਂਤੀ ਸੀ, ਪਰ ਲੋਕਾਂ ਆਪ ਹੀ ਦੁਕਾਨਾਂ ਬੰਦ ਕਰਨੀਆਂ ਸ਼ੁਰੂ ਕਰ ਦਿੱਤੀਆਂ, ਤੇ ਦੁਕਾਨਾਂ ਦੇ ਬਾਹਰ ਖਲੋ ਕੇ ਆਪਸ ਵਿਚ ਇਸ ਘਟਨਾ ਬਾਰੇ ਚਰਚਾ ਕਰਨ ਲੱਗੇ। ਇਸ ਬਾਜ਼ਾਰ ਵਿਚ ਹਿੰਦੂਆਂ-ਸਿੱਖਾਂ ਦੀਆਂ ਮਿਲੀਆਂ ਜੁਲੀਆਂ ਦੁਕਾਨਾਂ ਹਨ। ਗੁਰਦੁਆਰੇ ਦੇ ਨੇੜੇ ਕੁਝ ਸਿਪਾਹੀ ਤੈਨਾਤ ਵੇਖੇ ਗਏ, ਜਿਨ੍ਹਾਂ ਨੂੰ ਸ਼ਾਇਦ ਕਿਸੇ ਭੈੜੀ ਘਟਨਾ ਨੂੰ ਰੋਕਣ ਲਈ ਹੀ ਤੈਨਾਤ ਕੀਤਾ ਗਿਆ ਹੋਵੇਗਾ।

ਏਸੇ ਵੇਲੇ ਸ਼ਹਿਰੀ ਕਾਂਗਰਸ ਦਾ ਪ੍ਰਧਾਨ ਨਰੇਸ਼ ਚਤੁਰਵੇਦੀ ਆਪਣੀ ਜੀਪ ਤੋਂ ਉਤਰਿਆ ਤੇ ਨਾਲ ਲਗਦੇ ਜਮਾਦਾਰਾਂ ਦੇ ਹਾਤੇ ਵਿਚੋਂ ਬਾਹਰ ਸੜਕ 'ਤੇ ਖਲੋਤੇ ਕੁਝ ਬੰਦਿਆਂ ਨਾਲ ਗੱਲਬਾਤ ਕੀਤੀ ਤੇ ਜੀਪ ਵਿਚ ਬਹਿ ਕੇ ਵਾਪਸ ਚਲਾ ਗਿਆ। ਜ਼ਰਾ ਹਨੇਰਾ ਪੈਂਦਿਆਂ ਹੀ ਇਲਾਕੇ ਦੇ ਲਫਬਾਜ਼ਾਂ ਦੇ ਝੁੰਡ ਦੇ ਝੁੰਡ ਜਲੂਸ ਦੀ ਸ਼ਕਲ ਵਿਚ ਫਿਰਨ ਲੱਗੇ। ਇਹ ਲੋਕ ਸਿੱਖਾਂ ਦੇ ਘਰਾਂ ਅੱਗੇ ਖਲੋ ਕੇ ਗਾਲ੍ਹਾਂ ਕੱਢ ਰਹੇ ਸਨ। ਜਿਵੇਂ ਹੀ ਰਾਤ ਪਈ, ਇਨ੍ਹਾਂ ਸਿੱਖਾਂ ਦੇ ਘਰਾਂ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਦੀਆਂ ਦੁਕਾਨਾਂ ਦੇ ਸਾਈਨਬੋਰਡ ਤੋੜ ਦਿੱਤੇ ਤੇ ਸ਼ਟਰਾਂ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਗੁਰਦੁਆਰੇ 'ਤੇ ਵੀ ਪਥਰਾਅ ਕੀਤਾ। ਸਾਰੀ ਰਾਤ ਇਹ ਸਭ ਕੁਝ ਹੀ ਹੁੰਦਾ ਰਿਹਾ। ਹੈਰਤ ਦੀ ਗੱਲ ਤਾਂ ਇਹ ਸੀ ਕਿ ਸਿਪਾਹੀ ਦੰਗਾਈਆਂ ਨਾਲ ਘੁੰਮਦੇ ਰਹੇ। ਨਾ ਤਾਂ ਉਨ੍ਹਾਂ ਲਾਠੀਆਂ ਵਿਖਾਈਆਂ ਤੇ ਨਾ ਹੀ ਉਨ੍ਹਾਂ ਦੀਆਂ ਹਰਕਤਾਂ ਦਾ ਵਿਰੋਧ ਹੀ ਕੀਤਾ। ਸਗੋਂ ਉਨ੍ਹਾਂ ਨੂੰ ਹੋਰ ਉਕਸਾਉਂਦੇ ਰਹੇ ਤੇ ਸ਼ੈਤਾਨਾਂ ਵਾਂਗ ਠਹਾਕੇ ਲਾਉਂਦੇ ਰਹੇ। ਉਸ ਰਾਤ ਲਾਟੂਸ਼ ਰੋਡ ਦੇ ਸਿੱਖ ਪਰਿਵਾਰਾਂ ਨਾਲ ਕਈ ਹਿੰਦੂ ਪਰਿਵਾਰ ਵੀ ਡਰ ਤੇ ਦਹਿਸ਼ਤ ਨਾਲ ਪੂਰੀ ਰਾਤ ਸੌਂ ਨਹੀਂ ਸਕੇ।

ਇਕ ਨਵੰਬਰ ਸਵੇਰੇ ਛੇ ਵਜੇ ਜਮਾਦਾਰਾਂ ਨੇ ਦੁਕਾਨਾਂ ਦੇ ਤੋੜੇ ਹੋਏ ਬੋਰਡ ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਵਿਚ ਇਕੱਠੇ ਕਰਕੇ ਅੱਗ ਲਾ ਦਿੱਤੀ। ਉਨ੍ਹਾਂ ਦੁਕਾਨਾਂ ਲੁੱਟ ਲਈਆਂ ਤੇ ਅੱਗ ਲਾ ਦਿੱਤੀ। ਪੁਲੀਸ ਨੇ ਵੀ ਲੁੱਟ ਵਿਚ ਪੂਰਾ ਸਾਥ ਦਿੱਤਾ। ਫ਼ਾਇਰ ਬ੍ਰਿਗੇਡ ਵਾਲਿਆਂ ਚੰਗਾ ਪੈਸਾ ਵਸੂਲ ਕੇ ਅੱਗ ਬੁਝਾਈ, ਪਰ ਜਿਨ੍ਹਾਂ ਪੈਸਾ ਨਹੀਂ ਦਿੱਤਾ, ਉਨ੍ਹਾਂ ਦੀ ਅੱਗ ਨਹੀਂ ਬੁਝਾਈ ਗਈ। ਕਈ ਥਾਂ ਤਾਂ ਇਸ ਸ਼ਰਤ 'ਤੇ ਉਹ ਅੱਗ ਬੁਝਾਉਣ ਗਏ ਕਿ ਉਨ੍ਹਾਂ ਨੂੰ ਦੁਕਾਨਾਂ ਵਿਚੋਂ ਜੋ ਚੀਜ਼ ਪਸੰਦ ਆਈ, ਦੇਣੀ ਪਵੇਗੀ।

ਪਹਿਲੀ ਨਵੰਬਰ ਨੂੰ ਹੀ ਪੂਰੇ ਸ਼ਹਿਰ ਵਿਚ ਕਰਫ਼ਿਊ ਦੀ ਮੁਨਾਦੀ ਕਰਵਾਈ ਗਈ, ਪਰ ਕਿਧਰੇ ਵੀ ਕਰਫ਼ਿਊ ਦਾ ਪ੍ਰਭਾਵ ਨਜ਼ਰ ਨਹੀਂ ਆਇਆ। 24 ਘੰਟੇ ਤੱਕ ਲੁੱਟ ਤੇ ਅਗਜ਼ਨੀ ਹੁੰਦੀ ਰਹੀ, ਪਰ ਕੋਈ ਵੀ ਦੰਗਾ ਰੋਕਣ ਵਾਲਾ ਨਹੀਂ ਆਇਆ।

ਗੁਰਦੁਆਰੇ ਦੇ ਪਿਛੇ ਸਿੱਖਾਂ ਦੇ ਘਰ ਨੂੰ ਪਿੱਛੋਂ ਦੰਗਾਈਆਂ ਨੇ ਘੇਰ ਲਿਆ ਤੇ ਅਗੋਂ ਪੁਲੀਸ ਵਾਲਿਆਂ ਨੇ। ਇਸ ਘਰ ਵਿਚ ਕਈ ਹਿੰਦੂ ਪਰਿਵਾਰ ਵੀ ਰਹਿੰਦੇ ਹਨ। ਸਿੱਖਾਂ ਵਿਚ ਮਲਿਕ ਸਿੰਘ, ਬਚਨ ਸਿੰਘ, ਕਾਲੂ ਸਿੰਘ, ਬੀਰਾ ਸਿੰਘ ਪੰਮੀ ਤੇ ਗੁਗੂ ਅਤੇ ਹਿੰਦੂ ਪਰਿਵਾਰਾਂ ਵਿਚ ਠਾਕੁਰ ਸਾਹਿਬ ਤੇ ਗੋਵਰਧਨ ਰਹਿੰਦੇ ਨੇ। ਮਕਬੂਲ ਹੁਸੈਨ ਕੁਰੈਸ਼ੀ ਨੇ ਇਨ੍ਹਾਂ ਸਿੱਖ ਪਰਿਵਾਰਾਂ ਦੇ ਲਗਭਗ ਚਾਲੀ ਮੈਂਬਰਾਂ ਨੂੰ ਕੁਲੀ ਬਾਜ਼ਾਰ ਆਪਣੇ ਘਰ ਵਿਚ ਸੁਰੱਖਿਆ ਦਿੱਤੀ। ਇਸ ਤੋਂ ਪਹਿਲਾਂ ਗੁਆਂਢ ਦੇ ਇਕ ਮੁਸਲਮਾਨ ਪਰਿਵਾਰ ਦੇ ਘਰ ਇਨ੍ਹਾਂ ਸਾਰਿਆਂ ਨੂੰ ਪਨਾਹ ਦਿੱਤੀ ਤੇ ਆਪ ਮੁਕਾਬਲੇ ਲਈ ਡਟੇ ਰਹੇ। ਕੁਝ ਪਰਿਵਾਰਾਂ ਨੂੰ ਠਾਕੁਰ ਸਾਹਿਬ, ਗੋਵਰਧਨ ਤੇ ਪੰਡਤ ਜੀ ਨੇ ਆਪਣੇ ਘਰ ਵਿਚ ਰੱਖਿਆ।

ਦੋ ਨਵੰਬਰ ਫ਼ੌਜ ਦੇ ਆਉਣ ਤੋਂ ਬਾਅਦ ਹਾਲਾਤ ਕੁਝ ਸੁਧਰੇ। ਸੁਖਿੰਦਰ ਸਿੰਘ ਤਰਲੋਚਨ ਸਿੰਘ, ਦਲਜੀਤ ਸਿੰਘ, ਹਰਭਜਨ ਸਿੰਘ, ਜਗਦੀਸ਼ ਸਿੰਘ ਅਤੇ ਹੋਰ ਬਹੁਤ ਸਾਰੇ ਪਰਿਵਾਰਾਂ ਨੂੰ ਮਿਲਟਰੀ ਦੇ ਟਰੱਕਾਂ ਵਿਚ ਭਰ ਕੇ ਕੈਂਪਾਂ ਵਿਚ ਪਹੁੰਚਾਇਆ ਗਿਆ। ਕੈਲਾਸ਼ ਚੰਦਰ ਨੇ ਆਪਣੇ ਗਵਾਂਢੀ ਜਸਵੰਤ ਸਿੰਘ ਨੂੰ ਕੈਂਪ ਵਿਚ ਨਹੀਂ ਜਾਣ ਦਿੱਤਾ ਤੇ ਕਿਹਾ ਕਿ ਤੁਹਾਨੂੰ ਬਚਾਉਣ ਲਈ ਅਸੀਂ ਆਪਣੀ ਜਾਨ ਤਕ ਦੇ ਦਿਆਂਗੇ।

ਦੰਗਾਈਆਂ ਵਿਚ ਜਮਾਦਾਰ ਤੇ ਖਟਿੱਕ ਮੁੱਖ ਰੂਪ ਵਿਚ ਸਨ। ਸੀਸਾਮਊ ਵਿਧਾਨ ਸਭਾ ਦੀ ਵਿਧਾਇਕਾ ਕਮਲਾ ਦਰਿਆਬਾਦੀ ਦੇ ਪੁੱਤਰ ਬੰਟੀ ਤੇ ਮੁੰਨਾ ਨੇ ਅਗਜ਼ਨੀ ਤੇ ਲੁੱਟ ਵਿਚ ਅਗਵਾਈ ਕੀਤੀ। ਸਰਕਾਰੀ ਤੇ ਸਮਾਜਿਕ ਸੰਸਥਾਵਾਂ ਨੇ ਕਿਸੇ ਕਿਸਮ ਦੀ ਰਾਹਤ ਦਾ ਕੰਮ ਨਹੀਂ ਕੀਤਾ। ਸਿਆਸੀ ਦਲਾਂ ਜਾਂ ਵਰਕਰਾਂ ਦੀ ਕਿਸੇ ਤਰ੍ਹਾਂ ਦੀ ਭੂਮਿਕਾ ਸਾਹਮਣੇ ਨਹੀਂ ਆਈ। ਸਭ ਤਮਾਸ਼ਾ ਵੇਖਦੇ ਰਹੇ। ਕਰਫ਼ਿਊ ਦੇ ਬਾਅਦ ਜਦੋਂ ਕਮਲਾ ਦਰਿਆਬਾਦੀ ਲਾਟੂਸ਼ ਰੋਡ ਦੇ ਵਪਾਰੀਆਂ ਕੋਲ ਹਮਦਰਦੀ ਜਤਾਉਣ ਆਈ ਤਾਂ ਉਨ੍ਹਾਂ ਉਸ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ "ਹੁਣ ਤਕ ਤੁਸੀਂ ਕਿਥੇ ਸੀ"। ਅਗਜ਼ਨੀ ਤੇ ਲੁੱਟ ਦੇ ਸ਼ਿਕਾਰ ਸਿੱਖਾਂ ਨੇ ਅਨਵਰਗੰਜ ਥਾਣੇ ਰਿਪੋਰਟ ਦਰਜ ਕਰਵਾਈ, ਪਰ ਦੁਸ਼ਮਣੀ ਦੇ ਡਰੋਂ ਕਿਸੇ ਦਾ ਨਾਂ ਨਹੀਂ ਦਿੱਤਾ। ਤਕਰੀਬਨ ਤਿੰਨ ਸੌ ਦੀ ਭੀੜ ਨੇ ਲੁੱਟਮਾਰ ਕੀਤੀ। ਇਸ ਇਲਾਕੇ ਵਿਚ ਜਾਨੀ ਨੁਕਸਾਨ ਨਹੀਂ ਹੋਇਆ।

ਅੱਗ ਲਾਉਣ ਲਈ ਪੁਰਾਣੇ ਟਾਇਰ ਵਰਤੇ ਗਏ। ਆਉਣ ਜਾਣ ਵਾਲੇ ਵਾਹਨ ਰੋਕ ਕੇ ਤੇਲ ਕੱਢ ਲਿਆ ਜਾਂਦਾ ਤੇ ਕੱਪੜਾ ਭਿਉਂ ਕੇ ਅੱਗ ਲਾ ਦਿੱਤੀ ਜਾਂਦੀ। ਗੁਰਦੁਆਰੇ 'ਤੇ ਵੀ ਹਮਲਾ ਹੋਇਆ, ਪਰ ਭੀੜ ਅੰਦਰ ਨਹੀਂ ਜਾ ਸਕੀ। ਲਾਟੂਸ਼ ਰੋਡ ਗੁਰਦੁਆਰੇ ਦਾ ਬਾਜ਼ਾਰ ਬਾਂਸ ਮੰਡੀ ਪੁਲੀਸ ਚੌਕੀ ਤੇ ਥਾਣਾ ਅਨਵਰਗੰਜ ਦੇ ਵਿਚਕਾਰ ਹੈ। 31 ਅਕਤੂਬਰ ਰਾਤ ਤੋਂ ਹੀ ਇੰਦਿਰਾ ਕਾਂਗਰਸ ਦੇ ਮੈਂਬਰ ਸੁਰੇਸ਼ ਸੋਨਕਰ ਨੇ ਲੁੱਟ ਸ਼ੁਰੂ ਕਰ ਦਿੱਤੀ ਜੋ ਕਮਲਾ ਦਰਿਆਬਾਦੀ ਦਾ ਸਮਰਥਕ ਹੈ ਤੇ ਬਾਅਦ ਵਿਚ ਬਣੀ ਸਦਭਾਵਨਾ ਕਮੇਟੀ ਦਾ ਵੀ ਮੈਂਬਰ ਸੀ।



ਸ੍ਰੀ ਮਕਬੂਲ ਹੁਸੈਨ ਕੁਰੈਸ਼ੀ, ਜਿਨ੍ਹਾਂ ਬਹੁਤ ਸਾਰੇ ਸਿੱਖਾਂ ਦੀ ਜਾਨ ਬਚਾਈ, ਨੇ ਦੱਸਿਆ ਕਿ ਇਸ ਕੌਮ ਨੂੰ ਬਚਾਉਣ ਲਈ ਕੋਈ ਕਾਨੂੰਨ ਨਹੀਂ ਸੀ ਕਿਉਂਕਿ ਪੁਲੀਸ ਆਪ ਤਾਲੇ ਤੋੜ ਕੇ ਲੁੱਟਮਾਰ ਕਰ ਰਹੀ ਸੀ। ਜਦੋਂ ਮਾਲ ਬਰਾਮਦਗੀ ਦਾ ਮੌਕਾ ਆਇਆ ਤਾਂ ਸਭ ਥਾਵਾਂ 'ਤੇ ਜਾ ਕੇ ਐਲਾਨ ਕੀਤਾ ਕਿ ਲੁੱਟ ਦਾ ਸਾਰਾ ਸਾਮਾਨ ਬਾਹਰ ਰੱਖ ਦਿੱਤਾ ਜਾਵੇ। ਇਸਪੈਕਟਰ ਹਰੀ ਸਿੰਘ ਲਾਮ ਨੇ ਦੰਗਾਈਆਂ ਨੂੰ ਹੱਲਾਸ਼ੇਰੀ ਦਿੱਤੀ। ਉਸ ਨੂੰ ਅੱਗ ਬੁਝਾਉਣ ਲਈ ਕਿਹਾ ਤਾਂ ਜਵਾਬ ਮਿਲਿਆ ਕਿ 'ਅੱਗ ਲੱਗੀ ਰਹਿਣ ਦਿਉ।'

ਇਸ ਬਜ਼ਾਰ ਵਿਚ 16-17 ਸਿਲਾਈ ਮਸ਼ੀਨ ਦੀਆਂ ਦੁਕਾਨਾਂ ਨੇ ਤੇ ਇਕ ਵੀ ਬੈਲਟ ਦੀ। ਕੁੱਲ ਨੁਕਸਾਨ 40-50 ਲੱਖ ਦਾ ਹੋਇਆ। ਪੀ.ਵੀ.ਸੀ. ਦੁਕਾਨ ਵੀ ਅੱਗ ਫ਼ਾਇਰ ਬ੍ਰਿਗੇਡ ਵਾਲਿਆਂ ਇਸ ਸ਼ਰਤ 'ਤੇ ਬੁਝਾਈ ਕਿ ਉਹ ਜੋ ਸਾਮਾਨ ਚਾਹੁਣਗੇ, ਉਨ੍ਹਾਂ ਨੂੰ ਲੈਣ ਦਿੱਤਾ ਜਾਵੇਗਾ। ਇਸੇ ਸਮਝੌਤੇ ਤਹਿਤ ਉਨ੍ਹਾਂ ਕਈ ਸਿਲਾਈ ਮਸ਼ੀਨਾਂ ਤੇ ਪੀ.ਵੀ.ਸੀ. ਪਾਈਪ ਦੇ ਰੋਲ ਲੁੱਟੇ। ਪਲਾਈਵੁੱਡ ਦੀ ਦੁਕਾਨ ਵਿਚੋਂ 500 ਰੁਪਏ ਅੱਗ ਬੁਝਾਉਣ ਲਈ ਲਏ ਗਏ। ਭੀੜ ਨੇ ਸਿਲਾਈ ਮਸ਼ੀਨਾਂ ਤੇ ਘਰਾਂ ਨੂੰ ਲੁੱਟਿਆ। ਦੋ ਸਕੂਟਰ ਵੀ ਲੁੱਟ ਲਏ ਗਏ।

## ਕਾਨਪੁਰ ਸਟੇਸ਼ਨ

ਦਵਿੰਦਰ ਸਿੰਘ 111/9, ਅਸ਼ੋਕ ਨਗਰ ਨੇ ਦੱਸਿਆ ਕਿ ਉਹ ਬੰਬੇ ਵੀ.ਟੀ. 'ਤੇ ਕਾਨਪੁਰ ਆ ਰਿਹਾ ਸੀ ਜੋ 31 ਅਕਤੂਬਰ ਦਿਨ ਦੇ ਬਾਰ੍ਹਾਂ ਵਜੇ ਬੰਬਈ ਤੋਂ ਚੱਲੀ। ਡੇਢ ਵਜੇ ਕਲਿਆਨ ਸਟੇਸ਼ਨ 'ਤੇ ਭਿਣਕ ਪਈ ਕੀ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਹੈ। ਪੂਰੇ ਡੱਬੇ ਵਿਚ ਅਸੀਂ ਦੋ ਹੀ ਸਿੱਖ ਸਾਂ। ਪੂਰਾ ਰਾਹ ਕੋਈ ਹਾਦਸਾ ਨਹੀਂ ਹੋਇਆ। ਪਹਿਲੀ ਨਵੰਬਰ ਦੁਪਹਿਰ ਇਕ ਵਜੇ ਜਦੋਂ ਗੱਡੀ ਭੀਮਸੈਨ ਸਟੇਸ਼ਨ ਜੋ ਕਾਨਪੁਰ ਤੋਂ ਤੀਹ ਕਿਲੋਮੀਟਰ ਦੂਰ ਪੁੱਜੀ ਤਾਂ ਇਕ ਛੋਲੇ ਵੇਚਣ ਵਾਲਾ ਡੱਬੇ ਵਿਚ ਚੜ੍ਹ ਆਇਆ ਤੇ ਸਾਨੂੰ ਦੱਸਿਆ ਕਿ ਅੱਗੇ ਗੱਡੀਆਂ ਵਿਚ ਸਿੱਖਾਂ ਦਾ ਕਤਲੇਆਮ ਹੋ ਰਿਹਾ ਹੈ। ਗੱਡੀ ਉਸ ਵੇਲੇ ਰਫ਼ਤਾਰ ਫੜ ਚੁੱਕੀ ਸੀ, ਨਹੀਂ ਤਾਂ ਅਸੀਂ ਉਥੇ ਹੀ ਉਤਰ ਜਾਂਦੇ। ਅਗਲੇ ਸਟੇਸ਼ਨ ਗੋਬਿੰਦਪੁਰ ਜੋ ਕਾਨਪੁਰ ਦਾ ਹੀ ਸਬ ਸਟੇਸ਼ਨ ਹੈ, ਗੱਡੀ ਰੋਕ ਲਈ ਗਈ। ਉਥੇ ਡੇਢ ਦੋ ਸੌ ਆਦਮੀਆਂ ਦੀ ਭੀੜ ਰੌਲਾ ਪਾ ਰਹੀ ਸੀ। ਅਸਾਂ ਖਿੜਕੀਆਂ ਬੰਦ ਕਰ ਲਈਆਂ। ਸਾਡੇ ਨਾਲ ਦੋ ਔਰਤਾਂ ਸਫ਼ਰ ਕਰ ਰਹੀਆਂ ਸਨ ਜੋ ਸੋਸ਼ਲ ਵਰਕਰ ਵੀ ਸਨ। ਅਸਾਂ ਆਪਣਾ ਸਾਰਾ ਸਾਮਾਨ ਬੈਗ, ਘੜੀਆਂ, ਅੰਗੂਠੀਆਂ ਤੇ ਕੈਸ਼ ਸਭ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਤੇ ਘਰ ਦਾ ਪਤਾ ਵੀ ਦੇ ਦਿੱਤਾ ਕਿ ਕੁਝ ਅਨਹੋਣੀ ਵਾਪਰ ਜਾਵੇ ਤਾਂ ਸਾਡੇ ਘਰਾਂ ਵਿਚ ਇਤਲਾਹ ਦੇ ਦੇਣ।

ਅਸੀਂ ਦੋਵੇਂ ਚਾਦਰਾਂ ਲਪੇਟ ਕੇ ਉਪਰਲੀ ਬਰਥ 'ਤੇ ਪੈ ਗਏ। ਕਿਸੇ ਦੇ ਦਰਵਾਜ਼ਾ ਖੋਲ੍ਹਣ 'ਤੇ ਭੀੜ ਅੰਦਰ ਆ ਗਈ ਤੇ ਚਾਦਰ ਘਸੀਟ ਕੇ ਸਾਨੂੰ ਥੱਲੇ ਲਾਹ ਲਿਆ। ਉਨ੍ਹਾਂ ਸਾਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕੀਤਾ। ਉਨ੍ਹਾਂ ਔਰਤਾਂ ਨੇ ਸਾਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਤੇ ਕਿਹਾ ਕਿ ਇਨ੍ਹਾਂ ਵਿਚਾਰਿਆਂ ਦਾ ਕੀ ਦੋਸ਼ ਹੈ, ਤਾਂ ਉਨ੍ਹਾਂ ਨੂੰ ਵੀ ਮਾਰਿਆ ਗਿਆ ਤੇ ਸਾਡੇ ਸਾਮਾਨ ਦੇ ਨਾਲ ਉਨ੍ਹਾਂ ਵਿਚਾਰੀਆਂ ਦਾ ਸਾਮਾਨ ਵੀ ਲੁੱਟ ਲਿਆ ਗਿਆ।

ਭੀੜ ਨੇ ਸਾਨੂੰ ਗੱਡੀ ਤੋਂ ਥੱਲੇ ਘਸੀਟ ਕੇ ਡੰਡਿਆਂ ਨਾਲ ਇਤਨਾ ਮਾਰਿਆ ਕਿ ਮੇਰਾ ਸਿਰ ਪਾਟ ਗਿਆ ਤੇ ਮੈਂ ਬੇਹੋਸ਼ ਹੋ ਗਿਆ। ਫਿਰ ਮੈਨੂੰ ਕੁਝ ਪਤਾ ਨਹੀਂ ਕਿ ਕਿਸ ਵੇਲੇ ਉਨ੍ਹਾਂ ਫਿਰ ਮੈਨੂੰ ਗੱਡੀ ਵਿਚ ਸੁੱਟ ਦਿੱਤਾ ਤੇ ਗੱਡੀ ਚਲ ਪਈ।

ਗੰਗਾਪੁਲ 'ਤੇ ਜਾ ਕੇ ਮੈਨੂੰ ਹੋਸ਼ ਆਈ ਤਾਂ ਸੁਣਿਆ ਕਿ ਦੰਗਾਈ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਹਾਲੀ ਇਹਨੂੰ ਸਾਹ ਆ ਰਿਹੈ। ਸਾਲੇ ਦੋਵੇਂ ਜੀਉਂਦੇ ਹਨ, ਚੁੱਕ ਕੇ ਗੰਗਾ ਵਿਚ ਸੁੱਟ ਦੇਈਏ। ਇਸ ਦੇ ਨਾਲ ਹੀ ਉਨ੍ਹਾਂ ਜ਼ੰਜੀਰ ਖਿਚ ਕੇ ਗੱਡੀ ਰੋਕ ਲਈ। ਸਾਨੂੰ ਰੇਲਵੇ ਟਰੈਕ ਵਿਚ ਖਿੱਚ ਕੇ ਉਤੇ ਪੱਤੇ ਪਾ ਕੇ ਅੱਗ ਲਾ ਦਿੱਤੀ ਗਈ। ਅੱਗ ਦੀ ਗਰਮੀ ਨਾਲ ਮੈਂ ਚੇਤੰਨ ਹੋਇਆ ਤੇ ਆਪਣੇ ਕੱਪੜੇ ਪਾੜਨੇ ਸ਼ੁਰੂ ਕਰ ਦਿੱਤੇ। ਏਨੇ ਵਿਚ ਦੋ ਪੁਲੀਸ ਕਾਂਸਟੇਬਲ ਪਤਾ ਨਹੀਂ ਕਿਧਰੋਂ ਆ ਗਏ ਤੇ ਉਨ੍ਹਾਂ ਡੰਡਿਆਂ ਨਾਲ ਭੀੜ ਨੂੰ ਖਦੇੜਿਆ। ਫਿਰ ਉਨ੍ਹਾਂ ਨਾਲ ਦੇ ਪਿੰਡੋਂ ਦੋ ਮੰਜੀਆਂ ਮੰਗਵਾ ਕੇ ਸਾਨੂੰ ਉਤੇ ਪਾਇਆ ਤੇ ਟਰੱਕ 'ਤੇ ਲੱਦ ਕੇ ਉਰਸਿਲਾ ਹਸਪਤਾਲ ਲੈ ਆਏ। ਉਸ ਵਕਤ ਤਕ ਮੈਨੂੰ ਹੋਸ਼ ਸੀ। ਸਾਰਾ ਸਰੀਰ ਖੂਨ ਤੇ ਜ਼ਖ਼ਮਾਂ ਨਾਲ ਲੱਥਪੱਥ ਸੀ। ਬਾਂਹ, ਛਾਤੀ ਤੇ ਪਿੱਠ ਬੁਰੀ ਤਰ੍ਹਾਂ ਸੜ ਚੁੱਕੀਆਂ ਸਨ। ਬਹੁਤ ਜ਼ਿਆਦਾ ਮਾਰ ਪੈਣ ਕਰਕੇ ਪੂਰਾ ਸਰੀਰ ਨੀਲਾ ਹੋ ਚੁਕਿਆ ਸੀ ਤੇ ਚਿਹਰਾ ਸੁੱਜ ਕੇ ਭਿਆਨਕ ਹੋ ਚੁੱਕਾ ਸੀ। ਏਥੋਂ ਤੱਕ ਕਿ ਹਸਪਤਾਲ ਵਿਚ ਜਦੋਂ ਮੇਰੇ ਡਾਕਟਰ ਦੋਸਤ ਦੀ ਸਪੁਰਦਗੀ ਵਿਚ ਮੈਨੂੰ ਲਿਆਂਦਾ ਗਿਆ ਤਾਂ ਉਸ ਨੇ ਮੈਨੂੰ ਪਛਾਣਿਆ ਤਕ ਨਹੀਂ ਸਗੋਂ ਮੈਂ ਹੀ ਉਹਨੂੰ ਆਪਣੇ ਬਾਰੇ ਦੱਸ ਕੇ ਬੇਹੋਸ਼ ਹੋ ਗਿਆ ਤੇ ਕਈ ਦਿਨਾਂ ਤਕ ਹੋਸ਼ ਨਹੀਂ ਆਈ।



ਤਾਰਨ ਗੁਜਰਾਲ
ਫ਼ੋਨ 98557-19660

ਉਰਸਿਲਾ ਹਸਪਤਾਲ ਮੇਰਾ ਇਕ ਹਫ਼ਤਾ ਇਲਾਜ ਚਲਿਆ, ਪਰ ਗੁਰਦੇ ਡੈਮਿਜ ਹੋਣ ਕਰਕੇ ਪੇਸ਼ਾਬ ਬੰਦ ਹੋ ਗਿਆ ਤੇ ਡਾਕਟਰਾਂ ਜੁਆਬ ਦੇ ਦਿੱਤਾ। ਸੱਜੀ ਬਾਂਹ ਵੀ ਟੁੱਟੀ ਹੋਈ ਸੀ, ਪਰ ਜ਼ਖ਼ਮ ਤੇ ਸਾੜ ਦੀ ਵਜ੍ਹਾ ਕਰਕੇ ਪਲਸਤਰ ਨਹੀਂ ਸੀ ਲਗ ਸਕਦਾ। ਦਿੱਲੀ ਵਾਲਿਆਂ ਸਕਿਨ ਗ੍ਰਾਫਟਿੰਗ ਕੀਤੀ ਹੈ, ਲੱਤਾਂ ਦਾ ਮਾਸ ਬਾਹਾਂ ਅਤੇ ਸਰੀਰ 'ਤੇ ਲਾਇਆ ਹੈ। ਹਾਲੀ ਕਾਫ਼ੀ ਤਕਲੀਫ਼ ਹੈ, ਪਰ ਗੁਰਦੇ ਹੁਣ ਠੀਕ ਕੰਮ ਕਰ ਰਹੇ ਨੇ। ਇਸ ਗੱਲ ਨੂੰ ਵੀ ਹੁਣ ਚਾਰ ਮਹੀਨੇ ਹੋ ਗਏ ਨੇ। ਬੱਤੀ ਬੋਤਲਾਂ ਖੂਨ ਅਤੇ ਦੋ ਸੌ ਬੋਤਲਾਂ ਗਲੂਕੋਜ਼ ਮੈਨੂੰ ਚੜ੍ਹਾਇਆ ਗਿਆ ਤੇ ਸਿਰ ਦੇ ਵਾਲ ਕਤਲ ਕਰਕੇ ਪੂਰੇ ਸੌ ਟਾਂਕੇ ਲਗਾਏ ਗਏ। ਸਾੜ ਠੀਕ ਹੋਣ ਤੋਂ ਬਾਅਦ ਬਾਂਹ ਦੀ ਹੱਡੀ ਜੋ ਗ਼ਲਤ ਥਾਂ 'ਤੇ ਹੀ ਠਹਿਰੀ ਹੋਈ ਹੈ, ਦੁਬਾਰਾ ਕੱਚੀ ਕਰਕੇ ਜੋੜਨਗੇ ਤੇ ਪਲਸਤਰ ਲਾਉਣਗੇ।

ਹਸਪਤਾਲ ਵਿਚ ਮਰੀਜ਼ਾਂ ਨਾਲ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਸੀ। ਕੋਈ ਡਾਕਟਰ ਨਰਸ ਨਾ ਤਾਂ ਉਨ੍ਹਾਂ ਨੂੰ ਦਵਾਈ ਦੇ ਰਹੇ ਸਨ ਤੇ ਨਾ ਹੀ ਉਨ੍ਹਾਂ ਦੇ ਚੀਕਣ ਚਿਲਾਉਣ ਵੱਲ ਹੀ ਕੰਨ ਧਰ ਰਹੇ ਸਨ। ਪੂਰਾ ਹਸਪਤਾਲ ਸਿੱਖ ਜ਼ਖ਼ਮੀਆਂ ਨਾਲ ਭਰਿਆ ਪਿਆ ਸੀ। ਕਿੰਨੇ ਤਾਂ ਬਿਨਾਂ ਇਲਾਜ ਤੋਂ ਤੜਪ ਤੜਪ ਕੇ ਮਰ ਗਏ।

ਮੇਰੇ ਸਾਹਮਣੇ ਨਿਰਾਲਾ ਨਗਰ ਦੇ ਕਾਲਾ ਸਿੰਘ ਜਿਸ ਦੇ ਪੇਟ ਵਿਚ ਗੋਲੀਆਂ ਲੱਗੀਆਂ ਸਨ, ਦਰਦ ਨਾਲ ਤੜਪਦਾ ਰਿਹਾ ਪਰ ਚੌਵੀ ਘੰਟਿਆਂ ਪਿਛੋਂ ਉਹਦੀਆਂ ਗੋਲੀਆਂ ਕੱਢੀਆਂ ਗਈਆਂ ਤੇ ਉਹ ਮਰ ਗਿਆ। ਉਸ ਦੇ ਪਿਤਾ ਗੁਰਮੁਖ ਸਿੰਘ ਭਾਟੀਏ ਦੇ ਮੱਥੇ ਵਿਚ ਅਤੇ ਗਲੇ ਵਿਚ ਦੋ ਦੋ ਗੋਲੀਆਂ ਲੱਗੀਆਂ। ਮੱਥੇ ਦੀਆਂ ਗੋਲੀਆਂ ਬਿਨਾਂ ਬੇਹੋਸ਼ ਕੀਤਿਆਂ ਜਾਂ ਦਰਦ ਰੋਕੂ ਟੀਕਾ ਲਾਉਣ ਦੇ, ਉਪਰੇਸ਼ਨ ਕਰਕੇ ਕੱਢੀਆਂ ਗਈਆਂ, ਪਰ ਗਰਦਨ ਦੀਆਂ ਛੱਡ ਦਿੱਤੀਆਂ ਕਿ ਕੱਢਣ ਦੀ ਲੋੜ ਨਹੀਂ।

ਦਲੇਰ ਸਿੰਘ 17 ਰਾਮ ਬਿਹਾਰ ਕੌਸ਼ਲਪੁਰੀ ਨੇ ਦੱਸਿਆ ਕਿ 31 ਅਕਤੂਬਰ 1984 ਰਾਤੀ ਉਹ ਗੋਮਤੀ ਐਕਸਪ੍ਰੈਸ 'ਤੇ ਕਾਨਪੁਰ ਸੈਂਟਰਲ ਪਹੁੰਚਿਆ। ਸਟੇਸ਼ਨ ਦੰਗਾਈਆਂ ਨਾਲ ਭਰਿਆ ਹੋਇਆ ਸੀ ਜੋ ਸਿੱਖਾਂ ਨੂੰ ਗੰਦੀਆਂ ਗਾਲ੍ਹਾਂ ਕੱਢ ਰਹੇ ਸਨ। ਵੇਖਦਿਆਂ ਵੇਖਦਿਆਂ ਭੀੜ ਗੱਡੀ ਵਿਚ ਚੜ੍ਹ ਆਈ ਤੇ ਸਿੱਖ ਯਾਤਰੀਆਂ ਨੂੰ ਚੁਣ ਚੁਣ ਕੇ ਕੁੱਟਿਆ ਜਾਣ ਲਗਾ। ਮੇਰੇ ਹੱਥਾਂ ਦੀਆਂ ਹੱਡੀਆਂ ਟੁੱਟ ਗਈਆਂ ਕਿਉਂਕਿ ਮੈਂ ਸਿਰ 'ਤੇ ਵਾਰ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ। ਮੇਰੀ ਪੱਗ ਉਤਰ ਕੇ ਪਤਾ ਨਹੀਂ ਕਿਥੇ ਜਾ ਡਿੱਗੀ। ਮੈਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਪਿਆ। ਮੈਨੂੰ ਮੋਇਆ ਸਮਝ ਕੇ ਭੀੜ ਉਥੋਂ ਹਟ ਗਈ। ਬਾਅਦ ਵਿਚ ਰੇਲਵੇ ਪੁਲੀਸ ਮੈਨੂੰ ਜੀਪ 'ਤੇ ਘਰ ਛੱਡ ਗਈ।

ਜਸਬੀਰ ਸਿੰਘ ਨੇ ਦੱਸਿਆ ਕਿ 31 ਅਕਤੂਬਰ 1984 ਨੂੰ ਨੀਲਾਂਚਲ ਐਕਸਪ੍ਰੈਸ 'ਤੇ ਜੋ ਰਾਤੀ ਸਾਢੇ ਸੱਤ ਵਜੇ ਕਾਨਪੁਰ ਪਹੁੰਚਦੀ ਹੈ, ਉਤੇ ਸਵਾਰ ਹੋਇਆ। ਉਹਦੇ ਨਾਲ ਚਾਰ ਹੋਰ ਸਰਦਾਰ ਮੁੰਡੇ ਸਨ, ਜਿਨ੍ਹਾਂ ਕਾਨਪੁਰ ਤੋਂ ਅੱਗੇ ਜਾਣਾ ਸੀ। ਦਿੱਲੀ ਸਟੇਸ਼ਨ 'ਤੇ ਹੀ ਇਨ੍ਹਾਂ ਵੇਖਿਆ ਕਿ ਦਹਿਸ਼ਤ ਪਸਰੀ ਹੋਈ ਹੈ। ਇਹ ਸਾਰੇ ਇਕ ਡੱਬੇ ਵਿਚ ਬਹਿ ਗਏ। ਉਥੇ ਕੁਝ ਪਰਿਵਾਰ ਵੀ ਸਫ਼ਰ ਕਰ ਰਹੇ ਸਨ ਜਿਨ੍ਹਾਂ ਇਨ੍ਹਾਂ ਸਿੱਖਾਂ ਨੂੰ ਸਲਾਹ ਦਿੱਤੀ ਕੀ ਲੇਡੀਜ਼ ਕੰਪਾਰਟਮੈਂਟ ਵਿਚ ਬਹਿ ਕੇ ਅੰਦਰੋਂ ਲੌਕ ਕਰ ਲੈਣ ਤੇ ਖਿੜਕੀਆਂ ਵੀ ਬੰਦ ਰੱਖਣ। ਪੂਰਾ ਰਾਹ ਇਹ ਵੇਖਦੇ ਰਹੇ ਕਿ ਕਈ ਥਾਂਵਾਂ ਗੱਡੀਆਂ ਰੋਕ ਕੇ ਕਤਲੇਆਮ ਕੀਤਾ ਗਿਆ ਸੀ। ਇਨ੍ਹਾਂ ਦੀ ਗੱਡੀ ਦੇ ਕਿਸੇ ਹੋਰ ਡੱਬੇ ਵਿਚੋਂ ਇਕ ਨੰਗੀ ਔਰਤ ਦੀ ਲਾਸ਼ ਥੱਲੇ ਸੁੱਟੀ ਗਈ। ਗੋਬਿੰਦ ਨਗਰ ਦੇ ਪੁਰਾਣੇ ਪੁਲ ਤੋਂ ਇਕ ਲਾਸ਼ ਹੇਠਾਂ ਸੁੱਟੀ ਜਾਂਦੀ ਵੀ ਇਨ੍ਹਾਂ ਵੇਖੀ। ਗੱਡੀ ਗੋਬਿੰਦਪੁਰੀ ਸਟੇਸ਼ਨ 'ਤੇ ਰੋਕ ਲਈ ਗਈ। ਉਥੇ ਚਾਰ ਪੰਜ ਸੌ ਦੀ ਭੀੜ ਨੇ ਇਕ ਇਕ ਡੱਬੇ ਵਿਚ ਚੜ੍ਹ ਕੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਇਹ ਪੰਜੇ ਵੀ ਬਾਹਰ ਨਿਕਲ ਕੇ ਬਚਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਦੰਗਾਈਆਂ ਦੀ ਪਕੜ ਵਿਚ ਆ ਗਏ। ਚਾਰਾਂ ਨੂੰ ਤਾਂ ਉਨ੍ਹਾਂ ਡੰਡੇ ਤੇ ਪੱਥਰ ਮਾਰ ਮਾਰ ਕੇ ਜਾਨੋਂ ਖ਼ਤਮ ਕਰ ਦਿੱਤਾ, ਪਰ ਜਸਬੀਰ ਕਿਸੇ ਤਰ੍ਹਾਂ ਬਚ ਕੇ ਦੁਬਾਰਾ ਗੱਡੀ ਵਿਚ ਜਾ ਲੁਕਿਆ। ਥੋੜ੍ਹੀ ਦੇਰ ਪਿੱਛੋਂ ਉਹਨੇ ਫਿਰ ਭੀੜ ਹਟਣ 'ਤੇ ਬਾਹਰ ਨਿਕਲ ਕੇ ਬਚਣ ਦੀ ਕੋਸ਼ਿਸ਼ ਕੀਤੀ ਤਾਂ ਭੀੜ ਰੌਲਾ ਪਾਉਂਦੀ ਇਹਦੇ ਵਲ ਵਧੀ। ਏਨੇ ਨੂੰ ਇਕ ਬੁੱਢਾ ਕਾਂਸਟੇਬਲ ਇਹਦੇ ਕੋਲ ਆ ਗਿਆ ਤੇ ਜਸਬੀਰ ਨੇ ਉਹਦੇ ਪੈਰ ਫੜ ਲਏ ਕਿ ਕਿਸੇ ਤਰ੍ਹਾਂ ਬਚਾਅ ਲਏ। ਉਸ ਨੇ ਹਜ਼ਾਰ ਰੁਪਿਆ ਮੰਗਿਆ ਜੋ ਇਹਨੇ ਦੇ ਦਿੱਤਾ। ਏਨੇ ਵਿਚ ਦੰਗਾਈਆਂ ਨੇ ਕੋਲ ਆ ਕੇ ਜਸਬੀਰ ਮਾਰਨ ਲਈ ਮੰਗਿਆ ਤਾਂ ਸਿਪਾਹੀ ਨੇ ਜਸਬੀਰ ਨੂੰ ਕਾਲਰ ਤੋਂ ਫੜ ਲਿਆ ਤੇ ਕਿਹਾ ਕਿ ਇਹਨੂੰ ਤਾਂ ਮੈਂ ਆਪ ਮਾਰਾਂਗਾ। ਇਸ 'ਤੇ ਦੰਗਾਈ ਦੂਜੇ ਪਾਸੇ ਚਲੇ ਗਏ। ਸਿਪਾਹੀ ਜਸਬੀਰ ਨੂੰ ਘਸੀਟਦਾ ਹੋਇਆ ਜੀ.ਆਰ.ਪੀ. ਲੈ ਗਿਆ ਤੇ ਕਮਰੇ ਵਿਚ ਐਂਜ ਧੱਕਾ ਦਿੱਤਾ ਜਿਵੇਂ ਉਹਨੇ ਕੋਈ ਕਤਲ ਕੀਤਾ ਹੋਵੇ। ਜਸਬੀਰ ਨੇ ਹੋਸ਼ ਆਉਣ 'ਤੇ ਵੇਖਿਆ ਕਿ ਪੂਰਾ ਕਮਰਾ ਜ਼ਖ਼ਮੀ ਔਰਤਾਂ ਬੱਚਿਆਂ ਤੇ ਆਦਮੀਆਂ ਨਾਲ ਭਰਿਆ ਪਿਆ ਹੈ। ਫਿਰ ਉਹਨੂੰ ਘਰ ਜਾਂ ਜਾਨ ਦੀ ਫ਼ਿਕਰ ਨਹੀਂ ਰਹੀ ਤੇ ਉਸ ਨੇ ਇਕ ਲੜਕੀ ਜੋ ਅਲਫ਼ ਨੰਗੀ ਸੀ ਤੇ ਰੋਂਦੀ ਹੋਈ ਵੀਰ ਜੀ, ਵੀਰ ਜੀ, ਪੁਕਾਰ ਰਹੀ ਸੀ, ਵੱਲ ਆਪਣੀ ਕਮੀਜ਼ ਲਾਹ ਕੇ ਸੁੱਟੀ। ਜ਼ਖ਼ਮਾਂ ਦਾ ਖੂਨ ਬੰਦ ਕਰਨ ਲਈ ਪਾਏ ਹੋਏ ਕੱਪੜਿਆਂ ਨੂੰ ਪਾੜ ਪਾੜ ਕੇ ਜ਼ਖ਼ਮਾਂ ਵਿਚ ਭਰਿਆ ਗਿਆ। ਰਾਤੀਂ ਭੀੜ ਦੇ ਜਾਣ ਮਗਰੋਂ ਉਸ ਨੇ ਬਾਹਰਲੇ ਢਾਬੇ 'ਤੇ ਚਾਹ ਬਣਵਾਈ, ਖਾਣਾ ਜੋ ਮਿਲ ਸਕਿਆ ਬਣਵਾਇਆ ਤੇ ਸਭ ਨੂੰ ਖੁਆਇਆ। ਦੋ ਤਾਰੀਖ਼ ਰਾਤ ਤੱਕ ਇਹ ਸਭ ਸਟੇਸ਼ਨ ਦੇ ਕਮਰੇ ਵਿਚ ਬੰਦ ਰਹੇ। ਬਾਅਦ ਵਿਚ ਮਿਲਟਰੀ ਟਰੱਕਾਂ ਵਿਚ ਭਰ ਕੇ ਇਨ੍ਹਾਂ ਨੂੰ ਗੋਬਿੰਦ ਨਗਰ ਕੈਂਪ ਵਿਚ ਪਹੁੰਚਾਇਆ ਗਿਆ।

ਖਾਨਪੁਰ ਸੈਂਟਰਲ 'ਤੇ ਵੀ ਗੱਡੀਆਂ ਰੋਕ ਕੇ ਸਿੱਖ ਮੁਸਾਫ਼ਰਾਂ ਨੂੰ ਬੁਰੀ ਤਰ੍ਹਾਂ ਕੁਟਿਆ ਗਿਆ। ਜੀ.ਆਰ.ਪੀ. ਵਾਲਿਆਂ ਵਿਚੋਂ ਕੁਝ ਸਿਪਾਹੀਆਂ ਨੇ ਸਿੱਖਾਂ ਦੀ ਮਦਦ ਕੀਤੀ ਤੇ ਉਨ੍ਹਾਂ ਨੂੰ ਬਚਾਅ ਕੇ ਕਮਰੇ ਵਿਚ ਲੈ ਗਏ। ਉਨ੍ਹਾਂ ਨੂੰ ਚਾਹ ਪਾਣੀ ਤੇ ਰੋਟੀ ਵੀ ਖੁਆਈ, ਪਰ ਸਾਮਾਨ ਕਿਸੇ ਦਾ ਵੀ ਨਹੀਂ ਮਿਲ ਸਕਿਆ ਤੇ ਸਾਰਾ ਲੁੱਟ ਲਿਆ ਗਿਆ।

(ਬਾਕੀ ਅਗਲੇ ਅੰਕ ਵਿਚ)

# ਸਿਆਸੀ ਤਾਕਤ ਤੇ ਹਥਿਆਰ ਵੱਸ 'ਚ ਕਰ ਲੈਂਦੇ ਹਨ ਦਿਮਾਗ਼ ਨੂੰ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
(ਮੋਬਾਈਲ : 0175-2216783)

**ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਇਨਸਾਨ ਜੇ ਹੱਥ ਵਿਚ ਅਸਲਾ ਲੈ ਕੇ ਫਿਰ ਰਿਹਾ ਹੋਵੇ ਤੇ ਨਾਲ ਸ਼ਰਾਬ ਜਾਂ ਨਸ਼ੇ ਦਾ ਸੇਵਨ ਵੀ ਕਰ ਲਵੇ ਤਾਂ ਸਚੇਤ ਮਨ ਵੱਲੋਂ ਆਉਂਦੇ ਸੁਨੇਹੇ ਉੱਕਾ ਹੀ ਬੰਦ ਹੋ ਜਾਂਦੇ ਹਨ। ਅਜਿਹਾ ਇਨਸਾਨ ਤੁਰਦਾ ਫਿਰਦਾ ਬਾਰੂਦ ਹੁੰਦਾ ਹੈ ਜਿਹੜਾ ਹਲਕੀ ਚਿੰਗਾਰੀ ਨਾਲ ਹੀ ਫਟ ਜਾਂਦਾ ਹੈ। ਇਸ ਤਰ੍ਹਾਂ ਦੇ ਬਾਰੂਦ ਸਾਹਮਣੇ ਕੋਈ ਰਿਸ਼ਤਾ-ਮਾਂ, ਭੈਣ, ਪਿਓ, ਭਰਾ, ਰਿਸ਼ਤੇਦਾਰ, ਆਂਢੀ-ਗੁਆਂਢੀ, ਪੁਲੀਸ, ਕਾਨੂੰਨ, ਮਾਇਨੇ ਨਹੀਂ ਰੱਖਦਾ ਕਿਉਂਕਿ ਸੋਚਣ ਸਮਝਣ ਦੀ ਸਮਰਥਾ ਖ਼ਤਮ ਹੋ ਚੁੱਕੀ ਹੁੰਦੀ ਹੈ।**

ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਇੱਕੋ ਗਰੁੱਪ ਦੇ ਬੰਦਿਆਂ ਵਿਚੋਂ ਜਦੋਂ ਕੋਈ ਇਕ ਬਾਕੀਆਂ ਨਾਲੋਂ ਉੱਚੀ ਪਦਵੀ ਉੱਤੇ ਪਹੁੰਚ



ਜਾਂਦਾ ਹੈ ਤਾਂ ਉਸ ਦੇ ਵਿਹਾਰ ਵਿਚ ਇਕਦਮ ਤਬਦੀਲੀ ਦਿਸਣ ਲੱਗ ਪੈਂਦੀ ਹੈ। ਕਈ ਵਾਰ ਅਜਿਹੇ ਬੰਦੇ ਨੂੰ ਆਪ ਪਤਾ ਹੀ ਨਹੀਂ ਲਗਦਾ ਕਿ ਉਸ ਦੇ ਵਿਹਾਰ ਵਿਚ ਕੋਈ ਤਬਦੀਲੀ ਆ ਚੁੱਕੀ ਹੈ। ਸਟੈਨਫੋਰਡ ਦੇ ਸਾਈਕੋਲੋਜਿਸਟ ਜੇਮਜ਼ ਗਰੌਸ ਤੇ ਹਾਵਰਡ ਯੂਨੀਵਰਸਿਟੀ ਦੀ ਪੂਰੀ ਟੀਮ ਨੇ ਅਜਿਹੇ ਮਾਮਲਿਆਂ ਵਿਚ ਲੰਮੇ ਸਮੇਂ ਤਕ ਖੋਜ ਕਰ ਕੇ ਇਹ ਤੱਥ ਸਾਰਿਆਂ ਦੇ ਸਾਹਮਣੇ ਰੱਖੇ ਹਨ :

ਆਮ ਹੀ ਸੋਚਿਆ ਜਾਂਦਾ ਹੈ ਕਿ ਤਾਕਤ ਵਾਲੀ ਪੋਸਟ ਹਾਸਲ ਕਰਨ ਵਾਲਿਆਂ ਨੂੰ ਵੱਧ ਤਣਾਓ ਸਹੇੜਨਾ ਪੈਂਦਾ ਹੈ। ਖੋਜ ਰਾਹੀਂ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਵੱਧ ਦੀ ਥਾਂ ਅਜਿਹਾ ਰੁਤਬਾ ਹਾਸਲ ਕਰਨ ਵਾਲਿਆਂ ਦੇ ਸਰੀਰ ਅੰਦਰ ਤਣਾਓ ਦੇ ਹਾਰਮੋਨ ਘੱਟ ਹੋ ਜਾਂਦੇ ਹਨ। ਨਾ ਸਿਰਫ਼ ਤਣਾਓ ਬਲਕਿ ਘਬਰਾਹਟ ਵੀ ਕਾਫ਼ੀ ਘੱਟ ਹੁੰਦੀ ਹੈ।

ਵਾਈਟਹਾਲ ਸਟੱਡੀ ਜੋ ਕਿ ਰੌਬਰਟ ਸਪੌਲਸਕੀ ਨੇ ਬ੍ਰਿਟਿਸ਼ ਸਿਵਲ ਸਰਵਿਸਿਜ਼ ਵਿਚਲੇ ਉੱਚ ਅਧਿਕਾਰੀਆਂ ਦੇ ਲਹੂ ਦੇ ਸੈਂਪਲ ਲੈ ਕੇ ਕੀਤੀ, ਵਿਚ ਵੀ ਸਪਸ਼ਟ ਹੋਇਆ ਕਿ ਜਿੰਨੀ ਵੱਧ ਤਾਕਤਵਰ ਪੋਜ਼ੀਸ਼ਨ ਹਾਸਲ ਕਰੀ ਬੈਠੇ ਅਫ਼ਸਰ ਸਨ, ਓਨਾ ਹੀ ਉਨ੍ਹਾਂ ਨੇ ਘੱਟ ਤਣਾਓ ਸਹੇੜਿਆ ਸੀ ਤੇ ਉਨ੍ਹਾਂ ਦੀ ਬਿਮਾਰੀ ਨੂੰ ਝੱਲਣ ਦੀ ਸਮਰਥਾ ਵੀ ਵੱਧ ਸੀ।

ਸਪਸ਼ਟ ਹੋ ਗਿਆ ਕਿ ਕੈਂਸਰ ਤਕ ਵਰਗੀ ਬਿਮਾਰੀ ਸਹੇੜ ਲੈਣ ਬਾਅਦ ਵੀ ਤਾਕਤਵਰ ਲੋਕਾਂ ਵਿਚ ਬਚਣ ਦੇ ਆਸਾਰ ਬਾਕੀਆਂ ਨਾਲੋਂ ਕਾਫ਼ੀ ਵੱਧ ਹੁੰਦੇ ਹਨ। ਬਿਲਕੁਲ ਇੰਜ ਹੀ ਸ਼ੱਕਰ ਰੋਗ ਜਾਂ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਦੇ ਮਾੜੇ ਅਸਰਾਂ ਤੋਂ ਅਜਿਹੇ ਲੋਕ ਕਾਫੀ ਦੇਰ ਤਕ ਬਚੇ ਰਹਿੰਦੇ ਹਨ ਤੇ ਬਾਕੀਆਂ ਦੇ ਮੁਕਾਬਲੇ ਲੰਮੀ ਉਮਰ ਭੋਗਦੇ ਹਨ।

ਸਟੈਨਫੋਰਡ ਯੂਨੀਵਰਸਿਟੀ ਵਿਚ ਹੋਈ ਖੋਜ ਰਾਹੀਂ ਇਹ ਗੱਲ ਸਾਹਮਣੇ ਆਈ ਕਿ ਜਿੰਨੇ ਉੱਚੀ ਪਦਵੀ ਉੱਤੇ ਬੈਠੇ ਲੋਕ ਹਨ, ਉਨ੍ਹਾਂ ਦੇ ਦਿਮਾਗ਼ ਇਹ ਸੁਨੇਹਾ ਫੜ ਲੈਂਦੇ ਹਨ ਕਿ ਸਭ ਕੁੱਝ ਉਨ੍ਹਾਂ ਦੇ ਕੰਟਰੋਲ ਵਿਚ ਹੈ। ਇਹ ਬਿਲਕੁਲ ਉਸੇ ਤਰ੍ਹਾਂ ਦੀ ਖੇਡ ਹੁੰਦੀ ਹੈ ਜਿਵੇਂ ਪਾਸਾ ਸੁੱਟਣ ਵਾਲੇ ਨੂੰ ਪਤਾ ਹੁੰਦਾ ਹੈ ਕਿ ਮੈਂ ਕਿਵੇਂ 6 ਲਿਆਉਣੇ ਨੇ ਤੇ ਕਿਵੇਂ ਲੋੜ ਪੈਣ ਉੱਤੇ ਦੋ!

ਦਿਮਾਗ਼ ਅੰਦਰ ਉਪਜ ਚੁੱਕੀ ਅਜਿਹੀ ਸੋਚ ਬਹੁਤ ਸਾਰੇ ਗ਼ਲਤ ਫ਼ੈਸਲੇ ਲੈਣ ਉੱਤੇ ਮਜਬੂਰ ਕਰ ਦਿੰਦੀ ਹੈ ਤੇ ਕਈ ਵਾਰ ਅਜਿਹੇ ਫ਼ੈਸਲਿਆਂ ਉੱਤੇ ਦੁਨੀਆ ਦਾ ਇਤਿਹਾਸ ਤੱਕ ਬਦਲ ਜਾਂਦਾ ਹੈ। ਇਸ ਤਰ੍ਹਾਂ ਦੀ ਸੋਚ ਹਾਵੀ ਹੋਣ ਨਾਲ ਸਰੀਰ ਅੰਦਰ ਹਉਮੈ ਉਪਜ ਪੈਂਦੀ ਹੈ, ਸਕਾਰਾਤਮਕ ਊਰਜਾ ਪੈਦਾ ਹੁੰਦੀ ਹੈ ਤੇ ਬੰਦਾ ਬਾਕੀਆਂ ਨੂੰ ਆਪਣੇ ਤੋਂ ਹੀਣ ਸਮਝਣ ਉੱਤੇ ਮਜਬੂਰ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸੋਚ ਹੀ ਆਚੇਤ ਮਨ ਰਾਹੀਂ ਸਾਹਮਣੇ ਬੈਠੇ ਇਨਸਾਨ ਨੂੰ ਆਪਣੇ ਤੋਂ ਨੀਵਾਂ ਮੰਨ ਕੇ ਉਸ ਨਾਲ ਬੋਲ ਚਾਲ ਵੇਲੇ ਖੁਰਦਰੇ ਜਾਂ ਰੁੱਖੇ ਬੋਲ ਬੋਲਣ ਉੱਤੇ ਮਜਬੂਰ ਕਰ ਦਿੰਦੀ ਹੈ।

ਨੌਰਥ ਵੈਸਟਰਨ ਯੂਨੀਵਰਸਿਟੀ ਵਿਖੇ ਹੋਈ ਖੋਜ ਰਾਹੀਂ ਇਹ ਪਤਾ ਲੱਗਿਆ ਕਿ ਜਿੰਨੀ ਉੱਚੀ ਪਦਵੀ ਉੱਤੇ ਕੋਈ ਪਹੁੰਚ ਜਾਏ, ਓਨੀ ਹੀ ਉਸ ਦੀ ਹਉਮੈ ਵਧਦੀ ਜਾਂਦੀ ਹੈ। ਇਸੇ ਲਈ ਜੋ ਵੀ ਜਣਾ ਉਸ ਹਉਮੈ ਨੂੰ ਪੱਠੇ ਪਾ ਦੇਵੇ, ਉਸ ਨੂੰ ਬੰਦਾ ਆਪਣਾ ਕਰੀਬੀ ਮੰਨ ਕੇ ਆਪਣੇ ਨਾਲ ਰੱਖਣ ਲੱਗ ਪੈਂਦਾ ਹੈ। ਇਸ ਤਰ੍ਹਾਂ ਦੇ ਚੇਲਿਆਂ ਦੀ ਭੀੜ ਵਿਚ ਜਿਹੜਾ ਫਸ ਜਾਵੇ, ਉਹ ਹੌਲੀ-ਹੌਲੀ ਚਾਪਲੂਸਾਂ ਦੀ ਲੇਸਨੁਮਾ ਗੱਲਬਾਤ ਵਿਚ ਅੜ ਕੇ ਗ਼ਲਤ ਫ਼ੈਸਲੇ ਲੈਣ ਲੱਗ ਪੈਂਦਾ ਹੈ ਤੇ ਆਪਣੇ ਆਪ ਨੂੰ ਰਬ ਮੰਨਣ ਲੱਗ ਪੈਂਦਾ ਹੈ।

ਮਨੋਵਿਗਿਆਨੀ ਗੈਲਿਨਸਕੀ ਨੇ ਆਪਣੀ ਪੂਰੀ ਟੀਮ ਨਾਲ ਅਨੇਕ ਉੱਚੇ ਅਹੁਦਿਆਂ ਉੱਤੇ ਬੈਠੇ ਅਧਿਕਾਰੀਆਂ ਉੱਤੇ ਅਧਿਐਨ ਕਰਨ ਬਾਅਦ ਇਹ ਤੱਥ ਕੱਢੇ ਕਿ ਲੋੜਵੰਦਾਂ ਵੱਲੋਂ ਕੱਢੇ ਹਾੜ੍ਹਿਆਂ ਨਾਲ ਇਹ ਛੇਤੀ ਪਸੀਜਦੇ ਨਹੀਂ ਤੇ ਇਸੇ ਲਈ ਕਈ ਵਾਰ ਹੱਦੋਂ ਵੱਧ ਕਠੋਰ ਫ਼ੈਸਲੇ ਲੈ ਕੇ ਗ਼ਰੀਬਾਂ ਉੱਤੇ ਅੱਤਿਆਚਾਰ ਵੀ ਕਰ ਜਾਂਦੇ ਹਨ ਖੋਜੀ ਦੇਬੋਰਾ ਨੇ ਆਪਣੇ ਅੰਕੜਿਆਂ ਰਾਹੀਂ ਸਾਬਤ ਕੀਤਾ ਹੈ ਕਿ ਬਹੁਤ ਸਾਰੇ ਤਾਕਤਵਰ ਲੋਕ ਆਪਣੇ ਗ਼ਲਤ ਫ਼ੈਸਲਿਆਂ ਨੂੰ ਸੋਧਣ ਤੇ ਆਪਣੀ ਗ਼ਲਤੀ ਮੰਨਣ ਦੀ ਬਜਾਏ ਲੋਕਾਂ ਦੀ ਤਕਲੀਫ਼ ਸਮਝੇ ਬਗ਼ੈਰ ਜ਼ੋਰ ਜਬਰ ਨਾਲ ਆਪਣੀ ਗੱਲ ਮਨਵਾਉਣ ਨੂੰ ਉਦੋਂ ਤਕ ਤਰਜੀਹ ਦਿੰਦੇ ਹਨ ਜਦ ਤਕ ਕਿ ਉਨ੍ਹਾਂ ਦੀ ਤਾਕਤ ਉਨ੍ਹਾਂ ਹੱਥੋਂ ਖੁਸ ਨਾ ਜਾਏ। ਯਾਨੀ ਆਪਣੀ ਹਾਰ ਮੰਨਣ ਵਿਚ ਉਨ੍ਹਾਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਆਪਣੀ ਗ਼ਲਤ ਗੱਲ ਮਨਵਾਉਣ ਲਈ ਤਾਕਤਵਰ ਲੋਕ ਵਿਰੋਧੀ ਸੁਰ ਦਾ ਕਤਲ ਤੱਕ ਕਰ ਜਾਂਦੇ ਹਨ। ਅਜਿਹਾ ਕਰਨ ਲਈ ਉਨ੍ਹਾਂ ਦਾ ਮਨ ਉਨ੍ਹਾਂ ਨੂੰ ਇਸ ਹਦ ਤਕ ਉਕਸਾਉਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੀ ਹੋਸ਼ ਨਹੀਂ ਰਹਿੰਦੀ ਤੇ ਨਾ ਹੀ ਸਹੀ ਗ਼ਲਤ ਦੀ। ਉਸ ਸਮੇਂ ਬਸ ਇੱਕੋ ਧੁਨ ਹੁੰਦੀ ਹੈ ਕਿ ਮੈਂ ਲੋਕਾਂ ਵਿਚ ਆਪਣੀ ਹੇਠੀ ਨਹੀਂ ਕਰਵਾਉਣੀ।

ਸੇਰੇਨਾ ਚੈਨ ਨੇ ਦੱਸਿਆ ਕਿ ਉਸ ਦੀ ਖੋਜ ਅਧੀਨ 37 ਫੀਸਦੀ ਅਮਰੀਕਨ ਕਾਮੇ (54 ਮਿਲੀਅਨ ਬੰਦੇ) ਇਸ ਗ਼ੱਲ ਦੀ ਹਮਾਇਤ ਭਰਦੇ ਸਨ ਕਿ ਉਨ੍ਹਾਂ ਦਾ ਅਫ਼ਸਰ ਉਨ੍ਹਾਂ ਦੀ ਬੇਇਜ਼ਤੀ ਕਰਦਾ ਹੈ ਤੇ ਚਮਚਿਆਂ ਦੀ ਭੀੜ ਵਿਚ ਘਿਰਿਆ ਕਾਮਿਆਂ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰਦਾ ਹੈ।

ਕੁੱਝ ਕਾਮੇ ਮੰਨੇ ਕਿ ਉਨ੍ਹਾਂ ਦਾ ਅਫ਼ਸਰ ਜਦੋਂ ਜ਼ਿਆਦਾ ਕੰਮ ਲੈਣਾ ਹੋਵੇ ਤਾਂ ਉਨ੍ਹਾਂ ਨਾਲ ਚੰਗਾ ਵਿਹਾਰ ਕਰਨ ਲੱਗ ਪੈਂਦਾ ਹੈ ਪਰ ਜਦੋਂ ਕਿਸੇ ਨਾਲ ਜ਼ਿੱਦ ਵਿਚ ਫਸ ਜਾਵੇ ਤਾਂ ਉਸ ਅਫ਼ਸਰ ਤੋਂ ਭੈੜਾ ਹੋਰ ਕੋਈ ਨਹੀਂ ਹੁੰਦਾ।

ਸੰਨ 2011 ਵਿਚ ਨੀਦਰਲੈਂਡ ਦੀ ਟਿਲਬਰਗ ਯੂਨੀਵਰਸਿਟੀ ਵਿਚ 1561 ਉੱਚ ਅਧਿਕਾਰੀਆਂ ਦੀ ਜ਼ਿੰਦਗੀ ਬਾਰੇ ਪ੍ਰੋਫਾਰਮੇ ਭਰੇ ਗਏ ਤਾਂ ਪਤਾ ਲੱਗਿਆ ਕਿ 86 ਫੀਸਦੀ ਔਰਤਾਂ ਤੇ ਮਰਦ ਆਪਣੇ ਵਿਆਹੁਤਾ ਜੀਵਨ ਤੋਂ ਬਾਹਰ ਸਰੀਰਕ ਸੰਬੰਧ ਰੱਖ ਰਹੇ ਸਨ।

ਲਗਭਗ ਸਾਰੀਆਂ ਹੀ ਖੋਜਾਂ ਵਿਚ ਇਕ ਗ਼ੱਲ ਸਾਂਝੀ ਸੀ ਕਿ ਇਹ ਤੱਥ 100 ਫੀਸਦੀ ਉੱਚ ਅਧਿਕਾਰੀਆਂ ਉੱਤੇ ਲਾਗੂ ਨਹੀਂ ਹੁੰਦੇ ਤੇ ਕੁੱਝ ਗਿਣੇ ਚੁਣੇ ਅਫ਼ਸਰ ਜਾਂ ਲੀਡਰ ਲੋਕ-ਪੱਖੀ ਵੀ ਹੁੰਦੇ ਹਨ। ਇਸ ਤੋਂ ਇਲਾਵਾ ਲੰਮੇ ਸਮੇਂ ਤਕ ਇੱਕੋ ਤਾਕਤਵਰ ਸੀਟ ਉੱਤੇ ਬੈਠਾ ਬੰਦਾ ਹੌਲੀ-ਹੌਲੀ ਆਪਣੇ ਤੋਂ ਹੇਠਲਿਆਂ ਨੂੰ ਆਪਣਾ ਗ਼ੁਲਾਮ ਮੰਨਣ ਲੱਗ ਪੈਂਦਾ ਹੈ। ਜਿਹੜਾ ਬੰਦੂਕਾਂ



ਜਾਂ ਅਸਲੇ ਦੇ ਸਿਰ ਉੱਤੇ ਤਾਕਤ ਹਾਸਲ ਕਰ ਰਿਹਾ ਹੋਵੇ, ਉਸ ਦੀ ਮੌਤ ਵੀ ਅਸਲੇ ਨਾਲ ਜਾਂ ਲੋਕ ਵਿਦਰੋਹ ਨਾਲ ਹੁੰਦੀ ਹੈ। ਜਿੱਥੋਂ ਤਕ ਹਥਿਆਰਾਂ ਦਾ ਸਵਾਲ ਹੈ, ਵੱਖੋ-ਵੱਖ ਮੁਲਕਾਂ ਵਿਚਲੇ ਅੰਕੜੇ ਦੱਸਦੇ ਹਨ ਕਿ ਜਿਸ ਥਾਂ ਉੱਤੇ ਅਸਲਾ ਵੱਧ ਹੈ, ਉੱਥੇ ਲਗਭਗ ਸੱਤ ਗੁਣਾ ਵੱਧ ਲੁੱਟ-ਖਸੁੱਟ ਤੇ ਕਤਲ ਵਰਗੇ ਸੰਗੀਨ ਜੁਰਮ ਹੁੰਦੇ ਹਨ। ਅਮਰੀਕਨ ਜਰਨਲ ਔਫ ਪ੍ਰਵੈਂਟਿਵ ਮੈਡੀਸਨ ਵਿਚ ਛਪੀ ਖੋਜ ਵੀ ਸਪਸ਼ਟ ਕਰ ਰਹੀ ਹੈ ਕਿ ਘਰ ਵਿਚ ਅਸਲਾ ਪਏ ਹੋਣ ਨਾਲ ਖ਼ੁਦਕੁਸ਼ੀ ਜਾਂ ਕਤਲ ਦੇ ਮਾਮਲੇ 8 ਤੋਂ 9 ਫੀਸਦੀ ਵੱਧ ਹੋ ਜਾਂਦੇ ਹਨ। ਜੇ ਅਸਲਾ ਘਰੋਂ ਬਾਹਰ ਲਿਜਾਇਆ ਜਾ ਰਿਹਾ ਹੋਵੇ ਤਾਂ ਉਸ ਦੀ ਵਰਤੋਂ ਕਰਨ ਨੂੰ ਮਨ ਉਕਸਾਉਂਦਾ ਰਹਿੰਦਾ ਹੈ। ਸਚੇਤ ਮਨ ਅਜਿਹਾ ਕਰਨ ਤੋਂ ਰੋਕਦਾ ਹੈ, ਪਰ ਸ਼ਰਾਬ ਦੇ ਅਸਰ ਹੇਠ ਸਚੇਤ ਮਨ ਵੱਲੋਂ ਆਉਂਦੇ ਸੁਨੇਹੇ ਦੱਬੇ ਜਾਣ ਉੱਤੇ ਹਲਕੀ ਭੜਕਾਹਟ ਉੱਤੇ ਵੀ ਖ਼ੁਦਕੁਸ਼ੀ ਜਾਂ ਕਤਲ ਤੱਕ ਕਰਨਾ ਅਜਿਹੇ ਬੰਦੇ ਲਈ ਮਾਮੂਲੀ ਗੱਲ ਬਣ ਜਾਂਦੀ ਹੈ।

ਹੁਣ ਗ਼ੱਲ ਕਰੀਏ ਕਿ ਤਿੰਨੋ ਗੱਲਾਂ ਇਕੱਠੇ ਹੋ ਜਾਣ ਉੱਤੇ ਇਨਸਾਨੀ ਦਿਮਾਗ਼ ਉੱਤੇ ਕੀ ਕਹਿਰ ਢਹਿੰਦਾ ਹੈ। ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਇਨਸਾਨ ਜੇ ਹੱਥ ਵਿਚ ਅਸਲਾ ਲੈ ਕੇ ਫਿਰ ਰਿਹਾ ਹੋਵੇ ਤੇ ਨਾਲ ਸ਼ਰਾਬ ਜਾਂ ਨਸ਼ੇ ਦਾ ਸੇਵਨ ਵੀ ਕਰ ਲਵੇ ਤਾਂ ਸਚੇਤ ਮਨ ਵੱਲੋਂ ਆਉਂਦੇ ਸੁਨੇਹੇ ਉੱਕਾ ਹੀ ਬੰਦ ਹੋ ਜਾਂਦੇ ਹਨ। ਅਜਿਹਾ ਇਨਸਾਨ ਤੁਰਦਾ ਫਿਰਦਾ ਬਾਰੂਦ ਹੁੰਦਾ ਹੈ ਜਿਹੜਾ ਹਲਕੀ ਚਿੰਗਾਰੀ ਨਾਲ ਹੀ ਫਟ ਜਾਂਦਾ ਹੈ। ਇਸ ਤਰ੍ਹਾਂ ਦੇ ਬਾਰੂਦ ਸਾਹਮਣੇ ਕੋਈ ਰਿਸ਼ਤਾ-ਮਾਂ, ਭੈਣ, ਪਿਓ, ਭਰਾ, ਰਿਸ਼ਤੇਦਾਰ, ਆਂਢੀ-ਗੁਆਂਢੀ, ਪੁਲੀਸ, ਕਾਨੂੰਨ, ਮਾਇਨੇ ਨਹੀਂ ਰੱਖਦਾ ਕਿਉਂਕਿ ਸੋਚਣ ਸਮਝਣ ਦੀ ਸਮਰਥਾ ਖ਼ਤਮ ਹੋ ਚੁੱਕੀ ਹੁੰਦੀ ਹੈ। ਏਸੇ ਲਈ ਕਈ ਵਾਰ ਹਥਿਆਰ ਫੜੀ ਦੋ ਬੰਦਿਆਂ ਦੇ ਝਗੜਨ ਸਮੇਂ ਕੋਈ ਰਾਹਗੀਰ, ਜੋ ਸਮਝਾਉਣ ਆਇਆ ਹੋਵੇ ਤੇ ਲੜਾਈ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਅਜਿਹੇ ਗੁੱਸੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਉਨ੍ਹਾਂ ਦੀ ਗੋਲੀ ਖਾ ਕੇ ਮਰ ਜਾਂਦਾ ਹੈ ਕਿਉਂਕਿ ਉਸ ਸਮੇਂ ਦੋਵਾਂ ਨੂੰ ਇਹ ਤੀਜਾ ਵਿਚ ਆ ਕੇ ਫਸਿਆ ਉਨ੍ਹਾਂ ਦੀ ਹਉਮੈ ਨੂੰ ਢਾਅ ਲਾ ਰਿਹਾ ਮਹਿਸੂਸ ਹੁੰਦਾ ਹੈ।

ਵਿਆਹਾਂ ਦੇ ਸਮਾਗਮਾਂ ਉੱਤੇ, ਸਿਆਸਤਦਾਨਾਂ ਦੀਆਂ ਰੈਲੀਆਂ ਵਿਚ, ਜਾਇਦਾਦਾਂ ਦੇ ਝਗੜਿਆਂ ਵਿਚ, ਜਾਂ ਅਜਿਹੇ ਹੀ ਕਿਸੇ ਹੋਰ ਥਾਂ ਜਿੱਥੇ ਤਾਕਤ ਦਾ ਨਸ਼ਾ ਹੋਵੇ, ਅਸਲਾ ਹੋਵੇ ਤੇ ਨਾਲ ਸ਼ਰਾਬ ਦੀ ਵਰਤੋਂ ਵੀ ਹੋਵੇ, ਨਿੱਕੀ ਮੋਟੀ ਕਹਾ-ਸੁਣੀ ਉੱਤੇ ਗੋਲੀ ਚਲਣੀ ਲਾਜ਼ਮੀ ਹੈ ਤੇ ਕਿਸੇ ਨਾ ਕਿਸੇ ਬੇਕਸੂਰੇ ਦੀ ਮੌਤ ਵੀ।

ਇਸੇ ਲਈ ਵਿਕਸਤ ਦੇਸ਼ਾਂ ਵਿਚਲੀਆਂ ਕੋਈ ਵੀ ਖੋਜਾਂ ਹਥਿਆਰਾਂ ਨੂੰ ਹੱਲਾਸ਼ੇਰੀ ਨਹੀਂ ਦਿੰਦੀਆਂ। ਪਰ, ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋਏ ਅਧਿਕਾਰੀ ਇਨ੍ਹਾਂ ਖੋਜਾਂ ਦੀ ਪਰਵਾਹ ਨਹੀਂ ਕਰਦੇ ਤੇ ਨਾ ਹੀ ਇਤਿਹਾਸ ਵਿਚ ਝਾਕਦੇ ਹਨ। ਉਨ੍ਹਾਂ ਲਈ ਉਨ੍ਹਾਂ ਦਾ ਅੱਜ, ਤਾਕਤ ਦਾ ਨਸ਼ਾ ਤੇ ਚਮਚਿਆਂ ਦੀ ਭੀੜ ਹੀ ਰਬ ਬਣਾਉਣ ਲਈ ਬਥੇਰੀ ਹੁੰਦੀ ਹੈ, ਜਿੱਥੇ ਮੌਤ ਦਾ ਭੈਅ ਖ਼ਤਮ ਹੋ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਜਿੰਨੀ ਵਾਰ ਅਜਿਹੇ ਹਾਕਮਾਂ ਦਾ ਭਰਵਾਂ ਵਿਰੋਧ ਹੋਇਆ ਹੈ ਜਾਂ ਕਤਲ ਹੋਇਆ ਹੈ, ਉਸ ਸਮੇਂ ਮੌਤ ਨੂੰ ਸਾਹਮਣੇ ਵੇਖ ਉਹ ਰੋਂਦੇ ਤੇ ਗਿੜਗਿੜਾਉਂਦੇ ਵੇਖੇ ਗਏ ਹਨ ਕਿਉਂਕਿ ਉਸ ਸਮੇਂ ਅਕਲ ਤੋਂ ਪਰਦਾ ਪਰ੍ਹਾਂ ਹੋ ਜਾਂਦਾ ਹੈ ਤੇ ਹਉਮੈ ਕਿਧਰੇ ਉੱਡ ਪੁੱਡ ਜਾਂਦੀ ਹੈ।

ਬਹੁਤ ਸਾਰੇ ਤਾਕਤਵਰ ਅਧਿਕਾਰੀ ਜਦੋਂ ਅਹੁਦੇ ਤੋਂ ਮੁਕਤ ਕੀਤੇ ਜਾਂਦੇ ਹਨ ਤਾਂ ਉਸ ਤੋਂ ਬਾਅਦ ਬਹੁਤੀ ਦੇਰ ਜੀਅ ਨਹੀਂ ਸਕਦੇ ਕਿਉਂਕਿ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਘੱਟ ਜਾਂਦੀ ਹੈ ਤੇ ਬਿਮਾਰੀਆਂ ਦੇ ਮਾੜੇ ਅਸਰ ਵੀ ਦਿਸਣ ਲੱਗ ਪੈਂਦੇ ਹਨ।

ਇਨ੍ਹਾਂ ਵਿੱਚੋਂ ਸਿਰਫ਼ ਸਿਆਸਤਦਾਨ ਕੁਰਸੀ ਖੁੱਸਣ ਉੱਤੇ ਢਹਿੰਦੀ ਕਲਾ ਵਿਚ ਸੌਖਿਆਂ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਦੇ ਪੱਕੇ ਚਮਚੇ ਉਨ੍ਹਾਂ ਦੇ ਦੁਆਲੇ ਘੁੰਮਦੀ ਹਉਮੈ ਦੀ ਚਮਕ ਵਿਚੋਂ ਰੌਸ਼ਨੀ ਭਾਲਦੇ ਚਿਪਕੇ ਰਹਿੰਦੇ ਹਨ, ਕੀ ਪਤਾ ਕਦੋਂ ਦੁਬਾਰਾ ਕੁਰਸੀ ਮਿਲ ਜਾਵੇ!

ਖ਼ੈਰ! ਖੋਜਾਂ ਜੋ ਵੀ ਤੱਥ ਸਾਹਮਣੇ ਲਿਆ ਰੱਖਣ, ਅਖ਼ੀਰ ਸਭ ਤੋਂ ਵੱਧ ਮਾਰ ਸਹਿੰਦਾ ਹੈ ਆਮ ਬੰਦਾ ਜੋ ਤਾਕਤਵਰ ਥੱਲੇ ਪਿਸਦਾ ਰੋਜ਼ੀ ਰੋਟੀ ਦੇ ਜੁਗਾੜ ਵਿਚ ਕਿਸੇ ਭਟਕੀ ਗੋਲੀ ਦਾ ਸ਼ਿਕਾਰ ਹੋ ਕੇ ਆਪ ਤਾਂ ਚਿੰਤਾ-ਮੁਕਤ ਹੋ ਜਾਂਦਾ ਹੈ ਪਰ ਪਿੱਛੇ ਛੱਡੇ ਆਪਣੇ ਟੱਬਰ ਨੂੰ ਮੁਥਾਜ ਕਰ ਜਾਂਦਾ ਹੈ।

ਨਾ ਕਿਸੇ ਮਨੋਵਿਗਿਆਨੀ ਜਾਂ ਖੋਜੀ ਦੇ ਤੱਥਾਂ ਨੂੰ ਵੇਖ ਕੇ ਕਿਸੇ ਨੇ ਅਸਲੇ ਦੀ ਵਰਤੋਂ ਘਟਾਉਣੀ ਹੈ, ਨਾ ਮੇਰੇ ਦੱਸਣ ਜਾਂ ਸਮਝਾਉਣ ਉੱਤੇ, ਪਰ ਸਟੀਫਨ ਕਿੰਗ ਦਾ ਕਿਹਾ ਸ਼ਾਇਦ ਕਿਸੇ ਉੱਤੇ ਅਸਰ ਕਰ ਜਾਏ, ਜਿਸ ਕਿਹਾ ਸੀ-ਕਿੰਨੇ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੀ ਉਡੀਕ ਕਰਾਂਗੇ ਜਦੋਂ ਕਾਨੂੰਨ ਜਾਗ ਕੇ ਇਨ੍ਹਾਂ ਖ਼ਤਰਨਾਕ ਖਿਡੌਣਿਆਂ ਉੱਤੇ ਰੋਕ ਲਾਏਗਾ?

ਬੇਨਜ਼ੀਰ ਭੁੱਟੋ ਨੇ ਵੀ ਕਿਹਾ ਸੀ-ਫ਼ੌਜੀ ਤਾਨਾਸ਼ਾਹੀ ਬੰਦੂਕ ਦੇ ਸਿਰ ਉੱਤੇ ਪਨਪਦੀ ਹੈ। ਇਸੇ ਲਈ ਇਸ ਹੇਠ ਕਾਨੂੰਨ ਦੱਬਿਆ ਜਾਂਦਾ ਹੈ ਤੇ ਫਿਰ ਜਨਮ ਹੁੰਦਾ ਹੈ ਤਾਕਤ ਦੇ ਅੰਨ੍ਹੇ ਲੋਕਾਂ ਦਾ, ਜੋ ਹਥਿਆਰਾਂ ਦੀ ਸੰਘਣੀ ਛਾਂ ਹੇਠ ਜ਼ੁਲਮ, ਜਬਰ ਤੇ ਅਸਹਿਣਸ਼ੀਲਤਾ ਨੂੰ ਜਨਮ ਦਿੰਦੇ ਹਨ। ਅਮਰੀਕਾ ਵਰਗਾ ਮੁਲਕ ਵੀ ਮੰਨ ਚੁੱਕਿਆ ਹੈ ਕਿ ਹਥਿਆਰਾਂ ਸਦਕਾ ਉੱਥੇ ਜੁਰਮ 26 ਫੀਸਦੀ ਵੱਧ ਚੁੱਕਿਆ ਹੈ ਤੇ ਕਾਰਨ ਹੈ ਕਿ ਗਰੀਬ ਤਬਕਾ ਹਿੰਮਤ ਨਹੀਂ ਵਿਖਾਉਂਦਾ, ਡਰ ਕੇ ਦੁਬਕ ਜਾਂਦਾ ਹੈ; ਮੱਧ ਵਰਗ ਆਪੋ ਆਪਣੇ ਕੰਮਾਂ ਵਿਚ ਮਸਤ ਹੈ ਤੇ ਉਸ ਕੋਲ ਇਸ ਵਾਸਤੇ ਫੁਰਸਤ ਨਹੀਂ ਹੈ। ਇਸੇ ਲਈ ਗਿਣਤੀ ਦੇ ਅਮੀਰ, ਤਾਕਤਵਰ ਤੇ ਸ਼ੌਕੀਨ ਲੋਕ ਹਥਿਆਰਾਂ ਨੂੰ ਜ਼ਰੂਰਤ ਮੰਨ ਆਪਣੀ ਚੌਧਰ ਜਮਾਉਣ ਲਈ ਬਾਕੀਆਂ ਉੱਤੇ ਹਕੂਮਤ ਕਰੀ ਜਾਂਦੇ ਹਨ। ਹੁਣ ਫ਼ੈਸਲਾ ਲੋਕਾਂ ਹੱਥ ਕਿ ਉਨ੍ਹਾਂ ਹਿਟਲਰ ਤੇ ਬਗਦਾਦੀ ਦੀ ਪੌਦ ਵਧਾਉਣੀ ਹੈ ਕਿ ਬੁੱਧ, ਨਾਨਕ ਜਾਂ ਈਸਾ ਮਸੀਹ ਵਰਗੇ ਮਹਾਂਪੁਰਖਾਂ ਦੀ ਸੋਚ ਅਗਾਂਹ ਤੋਰਨੀ ਹੈ!

# ਸਿੱਖ ਜਥੇਬੰਦੀ ਪੰਜਾਬ ਪਾਣੀਆਂ ਦਾ ਮੁੱਦਾ ਕੌਮਾਂਤਰੀ ਟ੍ਰਿਬਿਊਨਲ ਕੋਲ ਉਠਾਏਗੀ

## ਪੰਜਾਬ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਕਰਵਾਈ ਜਾਵੇਗੀ ਵਾਟਰ ਰਿਫਰੈਂਡਮ ਵੋਟਿੰਗ

**ਲੰਡਨ/ਬਿਊਰੋ ਨਿਊਜ਼ :** ਅਮਰੀਕਾ ਸਥਿਤ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਪੰਜਾਬ ਦੇ ਲੋਕਾਂ ਦਾ ਆਰਥਿਕ ਕਤਲੇਆਮ ਅਤੇ ਉਸ ਨੂੰ ਉਸ ਦੇ ਦਰਿਆਵਾਂ ਦੇ ਪਾਣੀ ਤੋਂ ਵਾਂਝੇ ਕਰਨ ਲਈ ਭਾਰਤ ਸਰਕਾਰ ਖਿਲਾਫ ਹੇਗ ਸਥਿਤ ਅੰਤਰਰਾਸ਼ਟਰੀ ਟ੍ਰਿਬਿਊਨਲ ਵਿਚ ਕੇਸ ਦਾਇਰ ਕਰੇਗੀ।

ਨਿਊਯਾਰਕ ਸਥਿਤ ਅਟਾਰਨੀ ਅਤੇ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕਿਉਂਕਿ ਭਾਰਤ ਦਾ ਸਿਸਟਮ ਪੰਜਾਬ ਦੇ ਪਾਣੀ ਦਾ ਝਗੜਾ ਨਿਪਟਾਉਣ ਵਿਚ ਨਾਕਾਮ ਰਿਹਾ ਹੈ, ਇਸ ਲਈ ਪੰਜਾਬ ਦੇ ਲੋਕਾਂ ਲਈ ਆਪਣੀ ਆਵਾਜ਼ ਉਠਾਉਣ ਅਤੇ ਆਪਣੇ ਪਾਣੀ ਦਾ ਅਧਿਕਾਰ ਪਾਉਣ ਲਈ ਹੁਣ ਅੰਤਰਰਾਸ਼ਟਰੀ ਅਦਾਲਤ ਹੀ ਇਕੋ ਇਕ ਫੋਰਮ ਰਹਿ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲੀ ਵਾਰ ਨਹੀਂ ਕਿ ਪਾਣੀ ਦੇ ਝਗੜੇ ਦੇ ਮਾਮਲੇ ਵਿਚ ਭਾਰਤ ਖਿਲਾਫ ਅੰਤਰਰਾਸ਼ਟਰੀ ਸੰਸਥਾ ਵਿਚ ਕੇਸ ਦਾਇਰ ਕੀਤਾ ਜਾ ਰਿਹਾ ਹੈ ਸਗੋਂ ਇਸ ਤੋਂ ਪਹਿਲਾਂ 1960 ਵਿਚ ਭਾਰਤ ਤੇ ਪਾਕਿਸਤਾਨ ਵਿਚਕਾਰ ਇੰਡਸ ਪਾਣੀ ਸੰਧੀ ਨੂੰ ਵਿਸ਼ਵ ਬੈਂਕ ਨੇ ਨਿਪਟਾਇਆ ਸੀ ਅਤੇ 2010 ਵਿਚ ਪਾਕਿਸਤਾਨ ਇੰਡਸ ਵਾਟਰਸ ਕਿਸ਼ਨਗੰਗਾ ਆਰਬਿਟ੍ਰੇਸ਼ਨ ਨੂੰ ਕੌਮਾਂਤਰੀ ਟ੍ਰਿਬਿਊਨਲ ਅੱਗੇ ਲੈ ਕੇ ਗਿਆ ਸੀ।



ਪਾਣੀ ਦੇ ਮਾਮਲੇ ਵਿਚ ਪੰਜਾਬੀ ਭਾਈਚਾਰੇ ਦੀ ਰਾਏ ਜਾਣਨ ਲਈ ਸਿਖਸ ਫਾਰ ਜਸਟਿਸ ਪੰਜਾਬ ਵਾਟਰ ਰਿਫਰੈਂਡਮ ਕਰਵਾ ਰਿਹਾ ਹੈ ਜਿਸ ਵਿਚ ਪੰਜਾਬ ਦੇ ਵਾਸੀਆਂ ਨੂੰ ਕਿਹਾ ਜਾਵੇਗਾ ਕਿ ਉਹ ਇਸ ਸਵਾਲ 'ਤੇ ਵੋਟ ਪਾਉਣ ਕਿ ਕੀ ਉਹ ਐਸ ਵਾਈ ਐਲ ਬਾਰੇ ਸੁਪਰੀਮ ਕੋਰਟ ਦੇ 10 ਨਵੰਬਰ ਦੇ ਫੈਸਲੇ ਨੂੰ ਹੇਗ ਸਥਿਤ ਅੰਤਰਰਾਸ਼ਟਰੀ ਟ੍ਰਿਬਿਊਨਲ ਅੱਗੇ ਚੁਣੌਤੀ ਦੇਣ ਦਾ ਸਮਰਥਨ ਕਰਦੇ ਹਨ। ਵਾਟਰ ਰਿਫਰੈਂਡਮ ਲਈ ਵੋਟਿੰਗ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਹੋਵੇਗੀ। ਪੰਜਾਬ ਦੇ ਪਾਣੀ ਦੇ ਮੁੱਦੇ ਨੂੰ ਹੇਗ ਸਥਿਤ ਅੰਤਰਰਾਸ਼ਟਰੀ ਟ੍ਰਿਬਿਊਨਲ ਅੱਗੇ ਲਿਜਾਣ ਦੇ ਇਸ ਫੈਸਲੇ ਨੂੰ ਪੰਜਾਬ ਸਥਿਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਯੂਰਪੀਨ ਅਤੇ ਉਤਰੀ ਅਮਰੀਕੀ ਜਥੇਬੰਦੀਆਂ ਦੇ ਨਾਲ ਸਿੱਖ ਕੌਂਸਲ ਯੂ ਕੇ, ਦਲ ਖਾਲਸਾ, ਅਖੰਡ ਕਿਰਤਨੀ ਜਥਾ, ਸਿਖ ਰਿਲੀਫ, ਕੇਸਰੀ ਲਹਿਰ ਅਤੇ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸਮਰਥਨ ਦਿੱਤਾ ਜਾ ਰਿਹਾ ਹੈ।

*ਸਫ਼ਾ 10 ਦੀ ਬਾਕੀ*

## ਵਿਚਾਰਧਾਰਕ ਹਮਲੇ ਅਤੇ ਕੌਮਾਂ ਦੀ ਬਚਾਅ ਰਣਨੀਤੀ

ਫਰੈਡਰਿਕ ਬਾਰਥ ਵਿਚਾਰਧਾਰਕ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖ ਰਹੀਆਂ ਕੌਮਾਂ ਅਤੇ ਸਮੂਹਾਂ ਦੇ ਇਨ੍ਹਾਂ ਯਤਨਾਂ ਨੂੰ ਆਪਣੀਆਂ ਹੱਦਾਂ ਬਰਕਰਾਰ ਰੱਖਣ (Boundary Maintenance) ਦੇ ਨਾਅ ਨਾਲ ਪਰਿਭਾਸ਼ਤ ਕਰਦਾ ਹੈ। ਉਹ ਆਖਦਾ ਹੈ, ਇਹ ਆਖਣਾ ਗਲਤ ਹੈ ਕਿ ਕੌਮਾਂ ਆਪਣੀ ਨਿਆਰੀ ਹੋਂਦ ਅਤੇ ਹਸਤੀ ਬਿਲਕੁਲ ਇਕੱਲੇ ਰਹਿ ਕੇ ਹੀ ਬਚਾ ਸਕਦੀਆਂ ਹਨ। ਬਾਰਥ ਦਾ ਆਖਣਾ ਹੈ ਕਿ ਬਹੁਤ ਸਾਰੇ ਵੱਖਰੇ ਸਮੂਹਾਂ ਅਤੇ ਵੱਖਰੀਆਂ ਕੌਮਾਂ ਦੇ ਨਾਲ ਰਹਿੰਦੇ ਹੋਏ ਅਤੇ ਉਨ੍ਹਾਂ ਨਾਲ ਸਮਾਜਕ ਰਿਸ਼ਤੇ ਰੱਖਦੇ ਹੋਏ ਵੀ ਨਿਆਰੀਆਂ ਕੌਮਾਂ ਆਪਣੇ ਵੱਖਰੇਪਣ ਨੂੰ ਬਚਾਅ ਕੇ ਰੱਖਦੀਆਂ ਹਨ। ਇਹੋ ਹੀ ਆਪਣੀਆਂ ਹੱਦਾਂ ਨੂੰ ਬਰਕਾਰ ਰੱਖਣ ਦਾ ਯਤਨ ਹੈ। ਉਹ ਆਖਦਾ ਹੈ ਕਿ ਇਤਿਹਾਸ ਦੀ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਮਾਜਕ ਸੰਪਰਕ ਹੋਣ ਦੇ ਬਾਵਜੂਦ ਵੀ ਕੌਮਾਂ ਅਤੇ ਘੱਟ-ਗਿਣਤੀਆਂ ਆਪਣੇ ਵੱਖਰੇਪਣ ਦੇ ਤੱਤ ਬਰਕਰਾਰ ਰੱਖਦੀਆਂ ਹਨ। ਆਪਸੀ ਸੰਪਰਕ, ਇੱਕ ਦੂਜੇ ਨਾਲ ਮਿਲਵਰਤਣ ਅਤੇ ਸੂਚਨਾ ਦੇ ਪਸਾਰ ਦੇ ਬਾਵਜੂਦ ਵੀ ਕੌਮਾਂ ਆਪਣੇ ਅਤੇ ਸਿਰਫ ਆਪਣੇ ਵੱਖਰੇ ਤੱਤਾਂ ਬਾਰੇ ਸੁਚੇਤ ਰਹਿੰਦੀਆਂ ਹਨ।

ਇਹ ਫੈਸਲਾ ਕੌਮਾਂ ਆਪ ਕਰਦੀਆਂ ਹਨ ਕਿ ਕਿਹੜੇ ਸਮਾਜਕ, ਧਾਰਮਕ ਅਤੇ ਰਾਜਸੀ ਤੱਤ ਉਸਦੀ ਨਿਆਰੀ ਹਸਤੀ ਲਈ ਜਰੂਰੀ ਹਨ ਅਤੇ ਉਨ੍ਹਾਂ ਦੀ ਸੰਭਾਲ ਬਿਖੜੇ ਸਮੇਂ ਵਿੱਚ ਵੀ ਕਿਵੇਂ ਕਰਨੀ ਹੈ। ਉਹ ਆਖਦਾ ਹੈ ਕਿ ਘੱਟ-ਗਿਣਤੀਆਂ ਅਤੇ ਕੌਮਾਂ ਉਹ ਸਮੂਹ ਹੁੰਦੇ ਹਨ ਜੋ ਆਪਣੀ ਪਹਿਚਾਣ ਅਤੇ ਨਿਆਰੇਪਣ ਬਾਰੇ ਆਪਣੀ ਪਰਿਭਾਸ਼ਾ ਆਪ ਘੜਦੇ ਹਨ। ਬਾਰਥ ਆਖਦਾ ਹੈ ਕਿ ਬੇਸ਼ੱਕ ਕੋਈ ਕੌਮ, ਕਈ ਕੌਮੀ ਸਮੂਹਾਂ ਦੇ ਨਾਲ ਰਹਿੰਦੀ ਰਹੇ ਪਰ ਉਸਦੇ ਮੈਂਬਰ ਆਪਣੇ ਬਾਰੇ ਜੋ ਪਰਿਭਾਸ਼ਾ ਘੜਦੇ ਹਨ ਉਸ ਵਿੱਚ ਅਜਿਹੇ ਵਿਸ਼ੇਸ਼ ਲੱਛਣ ਪ੍ਰਮੁੱਖ ਹੁੰਦੇ ਹਨ ਜੋ ਉਸਨੂੰ ਬਾਕੀ ਸਮੂਹਾਂ ਅਤੇ ਕੌਮਾਂ ਤੋਂ ਵਖਰਿਆਉਂਦੇ ਹਨ। ਉਹ ਆਖਦਾ ਹੈ ਕਿ ਇੱਕੱਠੇ ਰਹਿਣ ਕਾਰਨ ਕਈ ਵਾਰ ਕੌਮਾਂ ਵਿੱਚ ਕਈ ਸੱਭਿਆਚਾਰਕ ਗੁਣਾਂ ਦਾ ਸੁਮੇਲ ਹੋ ਜਾਂਦਾ ਹੈ, ਪਰ ਸੁਚੇਤ ਕੌਮਾਂ ਆਪਣੀ ਪਹਿਚਾਣ ਅਤੇ ਆਪਣੀ ਪਰਿਭਾਸ਼ਾ ਘੜਨ ਵੇਲੇ ਅਜਿਹੇ ਗੰਧਲੇ ਤੱਤਾਂ ਨੂੰ ਪ੍ਰਮੁੱਖਤਾ ਨਹੀ ਦੇਂਦੀਆਂ ਉਹ ਹਮੇਸ਼ਾ ਅਜਿਹੇ ਤੱਤਾਂ (Diacritical Features) ਨੂੰ ਪ੍ਰਮੁੱਖਤਾ ਦੇਂਦੀਆਂ ਹਨ ਜੋ ਉਸ ਕੌਮ ਨੂੰ ਬਾਕੀ ਕੌਮੀ ਸਮੂਹਾਂ ਨਾਲੋਂ ਸਿਫਤੀ ਤੌਰ ਤੇ ਵਖਰਿਆਉਂਦੇ ਹਨ। ਇਨ੍ਹਾਂ ਵਿਸ਼ੇਸ਼ ਤੱਤਾਂ ਕਾਰਨ ਹੀ ਉਸ ਕੌਮ ਦੇ ਲੋਕਾਂ ਨੂੰ ਆਪਣਿਆਂ ਵੱਲੋਂ ਅਤੇ ਬੇਗਾਨਿਆਂ ਵੱਲੋਂ ਦੇਖਿਆ ਜਾਂਦਾ ਹੈ। ਇਹ ਤੱਤ ਸਰੀਰਕ ਅਤੇ ਨੈਤਿਕ ਦੋਵੇਂ ਤਰ੍ਹਾਂ ਦੇ ਹੁੰਦੇ ਹਨ। ਇਨ੍ਹਾਂ ਵਿੱਚ ਵੱਖਰਾ ਪਹਿਰਾਵਾ, ਵੱਖਰੀ ਭਾਸ਼ਾ, ਘਰਾਂ ਦਾ ਵੱਖਰਾ ਡਿਜ਼ਾਇਨ ਅਤੇ ਵੱਖਰਾ ਜੀਵਨ-ਜਾਂਚ। ਇਸਦੇ ਨਾਲ ਹੀ ਉਸ ਕੌਮ ਦੇ ਜੀਵਨ ਨਾਲ ਜੁੜੀਆਂ ਹੋਈਆਂ ਨੈਤਿਕ ਕਦਰਾਂ-ਕੀਮਤਾਂ ਦੀ ਇੱਥੇ ਵੱਡੀ ਮਹੱਤਤਾ ਹੁੰਦੀ ਹੈ। ਬਾਰਥ ਆਖਦਾ ਹੈ ਕਿ ਮੌਲਿਕ ਕਦਰਾਂ ਕੀਮਤਾਂ ਦਾ ਅਨੁਕੂਲਣ (Basic Value Orientation) ਸਦਾਚਾਰ ਅਤੇ ਉੱਤਮਤਾ ਦਾ ਪੱਧਰ (Standards of Morality and Excellence) ਅਜਿਹੇ ਗੁਣ ਹਨ ਜੋ ਕੌਮਾਂ ਦੇ ਨੈਤਿਕ ਚਰਿੱਤਰ ਦਾ ਅੰਗ ਬਣਦੇ ਹਨ ਅਤੇ ਇਹੋ ਤੱਤ ਹੀ ਕੌਮ ਨੂੰ ਦੂਜੀਆਂ ਕੌਮਾਂ ਤੋਂ ਵਖਰਿਆਉਂਦੇ ਹਨ। ਇਹੋ ਕਿਸੇ ਕੌਮੀ ਪਰਿਭਾਸ਼ਾ ਦਾ ਅਸਲ ਤੱਤ ਹੁੰਦਾ ਹੈ ਕਿ ਉਹ ਮਹਿਜ਼ ਆਪਣੇ ਬਾਰੇ ਹੀ ਨਾ ਦੱਸੇ ਬਲਕਿ ਆਪਣੇ ਗਵਾਂਢੀਆਂ ਨਾਲੋਂ ਆਪਣੇ ਫਰਕਾਂ ਨੂੰ ਵੀ ਪਰਿਭਾਸ਼ਤ ਕਰੇ. (Fredrik Barth-Ethnic Groups and Boundaries).

ਅਜ਼ਰ ਗੈਟ ਦਾ ਆਖਣਾ ਹੈ ਕਿ ਕੋਈ ਸਮੂਹ ਉਦੋਂ ਕੌਮ ਬਣਦਾ ਹੈ ਜਦੋਂ ਉਹ ਰਾਜਸੀ ਤੌਰ ਤੇ ਅਜ਼ਾਦ ਹੋ ਜਾਵੇ ਜਾਂ ਕਿਸੇ ਬਹੁ-ਕੌਮੀ ਸਟੇਟ ਵਿੱਚ ਭਾਰੂ ਗਿਣਤੀ ਦੇ ਤੌਰ ਤੇ ਹੋਵੇ। ਜੇ ਕਿਸੇ ਕੌਮ ਕੋਲ ਆਪਣਾ ਵੱਖਰਾ ਅਤੇ ਅਜ਼ਾਦ ਮੁਲਕ ਨਹੀ ਹੈ ਤਾਂ ਉਸ ਨੂੰ ਵੀ ਕੌਮ ਦਾ ਦਰਜਾ ਦਿੱਤਾ ਜਾ ਸਕਦਾ ਹੈ ਜੇ ਉਸ ਵਿੱਚ ਰਾਜਸੀ ਸਵੈ-ਨਿਰਣੇ ਅਤੇ ਸਵੈ-ਸ਼ਾਸ਼ਨ ਦੀ ਰੀਝ ਪਈ ਹੋਵੇ। ਗੈਟ ਆਖਦਾ ਹੈ ਕਿ ਬਹੁ-ਕੌਮੀ ਰਾਜਾਂ ਵਿੱਚ ਘੱਟ-ਗਿਣਤੀ ਕੌਮਾਂ ਦਾ ਆਪਣੇ ਵਜੂਦ ਨੂੰ ਕਾਇਮ ਰੱਖਣਾ ਇਤਿਹਾਸਕ ਤੌਰ ਤੇ ਬਹੁਤ ਔਖਾ ਕਾਰਜ ਹੈ ਕਿਉਂਕਿ ਸਟੇਟ ਤੇ ਰਾਜ ਕਰ ਰਹੀ ਬਹੁ-ਗਿਣਤੀ ਛੋਟੀਆਂ ਕੌਮਾਂ ਦੇ ਇਤਿਹਾਸ ਅਤੇ ਖਾਸ ਕਰ ਭਾਸ਼ਾ ਨੂੰ ਖਤਮ ਕਰਨ ਅਤੇ ਉਸਦੀ ਜਗ੍ਹਾ ਆਪਣੀ ਭਾਸ਼ਾ ਥੋਪ ਕੇ ਆਪਣੇ ਵਿਚਾਰਧਾਰਕ ਅਧਾਰ ਨੂੰ ਮਜਬੂਤ ਕਰਨ ਦੇ ਯਤਨ ਕਰਦੀ ਹੈ। ਇਸ ਸਥਿਤੀ ਵਿੱਚ ਛੋਟੀਆਂ ਕੌਮਾਂ ਲਈ ਆਪਣੀ ਹੋਂਦ ਨੂੰ ਬਚਾਉਣ ਦਾ ਕਾਰਜ ਬਹੁਤ ਜਰੂਰੀ ਹੋ ਜਾਂਦਾ ਹੈ। ਉਹ ਆਖਦਾ ਹੈ ਕਿ ਲੰਬੀ ਗੁਲਾਮੀ ਕੌਮਾਂ ਦੀ ਭਾਸ਼ਾ ਅਤੇ ਇਤਿਹਾਸ ਨੂੰ ਵਿਗਾੜ ਦੇਂਦੀ ਹੈ। ਪਰ ਆਪਣੇ ਜਜਬੇ ਨਾਲ ਖੜ੍ਹੀਆਂ ਕੌਮਾਂ ਇਹ ਮਾਰ ਵੀ ਝੱਲ ਜਾਂਦੀਆਂ ਹਨ ਅਤੇ ਆਪਣੀ ਕੌਮੀ ਹੋਂਦ ਬਚਾਅ ਲੈਂਦੀਆਂ ਹਨ।

ਇਸ ਸਬੰਧ ਵਿੱਚ ਗੈਟ ਨੇ ਰੂਸ ਦੇ ਉੱਤਰੀ ਖਿੱਤੇ ਵਿੱਚ ਰਹਿੰਦੇ ਬਾਲਟਿਕ ਅਤੇ ਫਿਨੋ-ਉਗਰਿਕ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਉਦਾਹਰਨ ਦਿੱਤੀ ਹੈ। ਉਹ ਆਖਦਾ ਹੈ ਕਿ ਉਸ ਖਿੱਤੇ ਵਿੱਚ ਕੁਦਰਤੀ ਸਾਧਨਾਂ ਦੀ ਭਰਮਾਰ ਕਰਕੇ ਅਬਾਦੀ ਬਹੁਤ ਸੰਘਣੀ ਸੀ ਅਤੇ ਸਟੇਟ ਨੇ ਆਪਣੀ ਭਾਸ਼ਾ ਰਾਹੀਂ ਉਸ ਇਲਾਕੇ ਨੂੰ ਆਪਣੇ ਵਿਚਾਰਧਾਰਕ ਕਬਜੇ ਹੇਠ ਲੈਣ ਦੇ ਯਤਨ ਕੀਤੇ ਪਰ ਬਾਲਟਿਕ ਅਤੇ ਫਿਨੋ-ਉਗਰਿਕ ਲੋਕਾਂ ਨੇ ਆਪਣੀ ਭਾਸ਼ਾ ਅਤੇ ਇਤਿਹਾਸ ਦੇ ਬਲਬੂਤੇ ਤੇ ਆਪਣੀ ਪਹਚਾਣ ਨਹੀ ਖੁਰਨ ਦਿੱਤੀ ਅਤੇ ਖੂੰਖਾਰੂ ਗਵਾਂਢੀਆਂ ਦੇ ਦਰਮਿਆਨ ਰਹਿੰਦੇ ਹੋਏ ਵੀ ਇਹ ਲੋਕ ਅੱਜ ਤੱਕ ਆਪਣੇ ਆਪ ਨੂੰ ਬਚਾ ਕੇ ਰੱਖ ਰਹੇ ਹਨ।

ਉਹ ਆਖਦਾ ਹੈ ਕਿ ਕੌਮਾਂ ਦੀ ਆਪਸੀ ਅੰਦਰੂਨੀ ਸਮਝ ਆਪਣੇ ਲੱਖਾਂ ਅੰਦਰੂਨੀ ਵਖਰੇਵਿਆਂ ਦੇ ਬਾਵਜੂਦ ਕੌਮੀ ਸੰਕਟ ਵੇਲੇ ਏਕਤਾ ਕਰਵਾ ਦੇਂਦੀ ਹੈ ਅਤੇ ਸਮੁੱਚੀ ਕੌਮ ਫਿਰ ਆਪਣੇ ਸਾਂਝੇ ਦੁਸ਼ਮਣ ਦੇ ਖਿਲਾਫ ਮੈਦਾਨ ਵਿੱਚ ਡਟ ਜਾਂਦੀ ਹੈ।

ਗੈਟ ਅਨੁਸਾਰ ਭਾਸ਼ਾ ਦੇ ਨਾਲ ਨਾਲ ਧਰਮ ਇੱਕ ਅਜਿਹਾ ਹਥਿਆਰ ਹੈ ਜਿਸਨੂੰ ਰਾਜ ਕਰ ਰਹੀ ਸਟੇਟ ਆਪਣੀ ਵਿਚਾਰਧਾਰਕ ਚੌਧਰ ਬਰਕਰਾਰ ਕਰਨ ਲਈ ਵਰਤਦੀ ਹੈ ਅਤੇ ਜਿਸਨੂੰ ਗੁਲਾਮ ਕੌਮਾਂ ਆਪਣੀ ਹੋਂਦ ਬਚਾਈ ਰੱਖਣ ਲਈ ਸਮੇਂ ਸਮੇਂ ਤੇ ਵਰਤਦੀਆਂ ਰਹੀਆਂ ਹਨ। ਅਕਸਰ ਸਰਕਾਰਾਂ, ਸਰਕਾਰੀ ਧਰਮ ਨੂੰ ਬਾਕੀ ਕੌਮਾਂ ਤੇ ਥੋਪਣ ਦਾ ਯਤਨ ਕਰਦੀਆਂ ਹਨ, ਪਰ ਛੋਟੀਆਂ ਕੌਮਾਂ ਲਈ ਧਰਮ ਇੱਕ ਅਜਿਹੀ ਪਨਾਹਗਾਹ ਅਤੇ ਪਵਿੱਤਰ ਜਜਬਾ ਹੈ ਜੋ ਕੌਮ ਦੀ ਹੋਂਦ ਨੂੰ ਬਚਾਅ ਕੇ ਰੱਖਦਾ ਹੈ। ਇਸ ਸਬੰਧੀ ਗੈਟ ਨੇ ਇਜ਼ਰਾਈਲ ਦੀ ਫਿਰਨੀ ਤੇ ਰਹਿ ਰਹੀਆਂ ਕੌਮਾਂ ਅਮੋਨ, ਮਾਓਬ ਅਤੇ ਐਡਮ ਦੀ ਉਦਾਹਰਨ ਦਿੱਤੀ ਹੈ। ਉਹ ਆਖਦਾ ਹੈ ਕਿ ਇਨ੍ਹਾਂ ਕੌਮਾਂ ਨੂੰ ਅਸੀਰੀਆ ਦੀ ਮਜਬੂਤ ਸਟੇਟ ਨੇ ਆਪਣੇ ਵਿੱਚ ਜਜਬ ਕਰ ਲੈਣਾ ਸੀ ਅਤੇ ਇਨ੍ਹਾਂ ਦਾ ਖੁਰਾ ਖੋਜ ਮਿਟਾ ਦੇਣਾ ਸੀ। ਪਰ ਉਨ੍ਹਾਂ ਦੇ ਧਰਮ ਨਾਲ ਜੁੜੀ ਹੋਈ ਯਹੂਦੀ ਪਹਿਚਾਣ ਅਤੇ ਕੌਮੀ ਜਜਬਾ ਹੀ ਉਨਾਂ ਦੇ ਰਾਜਸੀ ਤੌਰ ਤੇ ਗੁਲਾਮ ਹੋ ਜਾਣ ਦੇ ਬਾਵਜੂਦ ਵੀ ਇਨ੍ਹਾਂ ਛੋਟੀਆਂ ਕੌਮਾਂ ਨੂੰ ਬਚਾਅ ਗਿਆ।

ਗੈਟ ਇਹ ਵੀ ਆਖਦਾ ਹੈ ਕਿ ਵਿਚਾਰਧਾਰਕ ਅਤੇ ਸਿਆਸੀ ਜੰਗਾਂ ਹਮੇਸ਼ਾ ਗਵਾਂਢੀਆਂ ਦਰਮਿਆਨ ਹੀ ਹੁੰਦੀਆਂ ਹਨ ਜੋ ਲੰਬੇ ਸਮੇਂ ਤੋਂ ਇਕੱਠੇ ਰਹਿ ਰਹੇ ਹੁੰਦੇ ਹਨ। ਇਸ ਸਬੰਧ ਵਿੱਚ ਉਸਨੇ ਯੂਰਪ ਦੇ ਸਿਟੀ-ਸਟੇਟ ਸਿਸਟਮ ਦੀ ਉਦਾਹਾਰਨ ਦਿੱਤੀ ਹੈ ਜਿੱਥੇ ਲੋਕ ਕਿਸੇ ਹੋਰ ਕੌਮ ਦੇ ਗਵਾਂਢੀਆਂ ਨੂੰ ਹੀ ਆਪਣੇ ਸਭ ਤੋਂ ਖਤਰਨਾਕ ਹੋਰ' (ਦੁਸ਼ਮਣ) ਸਮਝਦੇ ਸਨ। (Azar Gatt- Nations)

ਫਰੈਡਰਿਕ ਹਰਟਜ਼ ਛੋਟੀਆਂ ਕੌਮਾਂ ਦੇ ਇਸ ਸਵਾਲ ਨੂੰ ਹੋਰ ਵਿਸਥਾਰ ਦੇਂਦਾ ਹੋਇਆ ਆਖਦਾ ਹੈ ਕਿ ਕਈ ਵਾਰ ਇਤਿਹਾਸ ਕੌਮਾਂ ਨੂੰ ਅਜਿਹੀ ਸਟੇਟ ਵਿੱਚ ਰਹਿਣ ਲਈ ਮਜਬੂਰ ਕਰ ਦੇਂਦਾ ਹੈ ਜਿਸਨੂੰ ਉਹ ਘੋਰ ਨਫਰਤ ਕਰਦੀਆਂ ਹੁੰਦੀਆਂ ਹਨ। ਉਹ ਕਨੂੰਨੀ ਤੌਰ ਤੇ ਅਜਿਹੀ ਸਰਕਾਰ ਅਤੇ ਸਟੇਟ ਅਧੀਨ ਰਹਿਣ ਲਈ ਮਜਬੂਰ ਹੋ ਜਾਂਦੀਆਂ ਹਨ ਜਿਸਦਾ ਕੁਝ ਵੀ ਉਸਦੇ ਇਤਿਹਾਸ ਨਾਲ ਸਾਂਝਾ ਨਹੀ ਹੁੰਦਾ ਅਤੇ ਉਹ ਉਸ ਸਟੇਟ ਨੂੰ ਅਸਲ ਅਰਥਾਂ ਵਿੱਚ ਕੌਮੀ ਸਟੇਟ ਦਾ ਦਰਜਾ ਨਹੀ ਦੇਂਦੀਆਂ। ਇਸੇ ਲਈ ਹਰਟਜ਼ ਆਖਦਾ ਹੈ ਕਿ ਸਾਡੇ ਇਤਿਹਾਸ ਵਿੱਚ ਕੌਮਵਾਦ ਨੂੰ ਪਰਿਭਾਸ਼ਤ ਕਰਨ ਵਾਲੀ ਸ਼ਕਤੀ ਕਨੂੰਨੀ ਬੰਧਸ਼ ਨਹੀ ਬਲਕਿ ਕੌਮੀ ਚੇਤੰਨਤਾ ਦੀ ਸਮਾਜਕ ਸ਼ਕਤੀ ਹੈ।

ਹਰਟਜ਼ ਆਖਦਾ ਹੈ ਕਿ ਆਪਣਿਆਂ' ਅਤੇ ਬੇਗਾਨਿਆਂ' ਦੀ ਪਹਿਚਾਣ ਦੀ ਰੁਚੀ ਕੇਵਲ ਮਨੁੱਖਾਂ ਵਿੱਚ ਹੀ ਨਹੀ ਹੁੰਦੀ ਬਲਕਿ ਜਾਨਵਰ ਵੀ ਇਸ ਬਿਰਤੀ ਦਾ ਸਤਿਕਾਰ ਕਰਦੇ ਹਨ। ਉਸਦਾ ਕਹਿਣਾਂ ਹੈ ਕਿ ਸੰਗਚਾਰਿਤਾ (Gregariousness) ਨਾ ਕੇਵਲ ਆਪਣਿਆਂ ਨਾਲ ਰਹਿਣ ਦੀ ਅਮੋੜਤਾ ਹੈ ਬਲਕਿ ਬੇਗਾਨਿਆਂ' ਅਤੇ ਬਾਹਰਲਿਆਂ' ਨੂੰ ਆਪਣੇ ਸਮੂਹ ਤੋਂ ਬਾਹਰ ਧੱਕ ਦੇਣ ਦੀ ਆਦਤ ਵੀ ਹੈ। ਬੇਗਾਨਿਆਂ ਨੂੰ ਬਾਹਰ ਧੱਕ ਦੇਣ ਦੀ ਇਸ ਕੁਦਰਤੀ ਆਦਤ ਕਾਰਨ ਹੀ ਬਹੁਤੀ ਵਾਰੀ ਸਿਰਫ ਸਮੂਹਕ ਭਾਵਨਾ ਅਧੀਨ ਹੀ ਬਿਨਾ ਕਿਸੇ ਕਾਰਨ ਤੋਂ ਵੱਡੇ ਖੂਨੀ ਵਿਰੋਧ ਖੜ੍ਹੇ ਹੋ ਜਾਂਦੇ ਹਨ। ਇਸ ਵਿੱਚ ਆਪਣੇ ਸਮੂਹ ਦੀ ਪਵਿੱਤਰਤਾ ਹੀ ਸੰਘਰਸ਼ ਦਾ ਕਾਰਨ ਬਣ ਜਾਂਦੀ ਹੈ। ਹਰਟਜ਼ ਦਾ ਕਹਿਣਾਂ ਹੈ ਕਿ ਕੌਮੀ ਜਜਬਾ ਇੱਕ ਅਜਿਹੀ ਅੰਤਰਪ੍ਰੇਰਨਾ ਹੈ ਜੋ ਨਾ ਕਿਸੇ ਸਪਸ਼ਟੀਕਰਨ ਦੀ ਮੰਗ ਕਰਦੀ ਹੈ ਅਤੇ ਨਾ ਹੀ ਸਫਾਈ ਦੀ। ਕੌਮੀ ਲੋਕ ਇਸ ਅੰਤਰਪ੍ਰੇਰਨਾ ਤੋਂ ਵਿਰਵੇ ਸਮੂਹਾਂ ਅਤੇ ਵਿਅਕਤੀਆਂ ਨੂੰ ਹੀਣੇ ਅਤੇ ਅਪੂਰਨ ਮਨੁੱਖਾਂ ਤੇ ਸਮੂਹਾਂ ਵੱਜੋਂ ਦੇਖਦੇ ਹਨ। ਸਮੂਹਕਤਾ ਅਤੇ ਕੌਮੀ ਜਜਬੇ ਦੀ ਇਸ ਭਾਵਨਾ ਦੀ ਮੁੱਖ ਪ੍ਰੇਰਨਾ ਸ਼ਕਤੀ ਸਮੂਹ ਦਾ ਧਰਮ, ਭਾਸ਼ਾ ਅਤੇ ਰਵਾਇਤਾਂ ਹੁੰਦੀਆਂ ਹਨ। ਕੋਈ ਵੀ ਕੌਮੀ ਸਮੂਹ ਆਪਣੇ ਧਰਮ, ਭਾਸ਼ਾ ਅਤੇ ਰਵਾਇਤਾਂ ਨਾਲ ਸਮਝੌਤਾ ਨਹੀ ਕਰਦਾ ਭਾਵੇਂ ਉਸਨੂੰ ਕਿਸੇ ਬੇਗਾਨੇ ਸਮੂਹ ਦੀ ਭਾਸ਼ਾ ਤੋਂ ਕਿੰਨਾ ਵੀ ਆਰਥਕ ਅਤੇ ਸਮਾਜਕ ਲਾਭ ਕਿਉਂ ਨਾ ਹੁੰਦਾ ਹੋਵੇ।

ਇਸੇ ਲਈ ਹਰਟਜ਼ ਆਖਦਾ ਹੈ ਕਿ ਜਦੋਂ ਕੋਈ ਕੌਮ ਅਜਿਹੀ ਸਟੇਟ ਵਿੱਚ ਰਹਿ ਰਹੀ ਹੁੰਦੀ ਹੈ ਜਿਸਨੂੰ ਉਹ ਨਫਰਤ ਕਰਦੀ ਹੈ ਤਾਂ ਭਾਰੂ ਸਟੇਟ ਹਮੇਸ਼ਾ ਉਸ ਕੌਮ ਦੇ ਧਰਮ, ਬੋਲੀ ਅਤੇ ਰਵਾਇਤਾਂ ਤੇ ਹੀ ਵਾਰ ਕਰਦੀ ਹੈ।

ਇਸ ਸਬੰਧੀ ਉਸਨੇ ਨੈਪੋਲੀਅਨ ਦੀ ਉਦਾਹਰਨ ਦਿੱਤੀ ਹੈ ਜਿਸਦਾ ਮੰਨਣਾ ਸੀ ਕਿ ਬਹੁ-ਕੌਮੀ ਸਟੇਟ ਵਿੱਚ ਆਪਣੀ ਸਿਆਸੀ ਸੱਤਾ ਮਜਬੂਤ ਰੱਖਣ ਲਈ ਜਾਂ ਤਾਂ ਕੌਮੀ ਜਜਬੇ ਅਤੇ ਧਰਮ ਨੂੰ ਆਪਣੇ ਹਿੱਤ ਲਈ ਵਰਤ ਲਓ ਜਾਂ ਫਿਰ ਤਬਾਹ ਕਰ ਦਿਓ। ਫ਼ਰਾਂਸ ਦੇ ਇਨਕਲਾਬ ਤੋਂ ਬਾਅਦ ਜੈਕੋਬੀਅਨਜ਼ ਨੇ ਵੱਖ ਵੱਖ ਕੌਮਾਂ ਦੇ ਕੌਮੀ ਸਰੂਪ ਨੂੰ ਤਬਾਹ ਕਰਨ ਦੀ ਸੰਗਠਿਤ ਮੁਹਿਮ ਚਲਾਈ।

ਜਦੋਂ ਧਰਮ ਤੇ ਅਜਿਹਾ ਹਮਲਾ ਹੁੰਦਾ ਹੈ ਤਾਂ ਧਾਰਮਕ ਆਗੂ ਆਪਣੇ ਕਿਰਦਾਰ ਦੇ ਬਲਬੂਤੇ ਤੇ ਮੈਦਾਨ ਵਿੱਚ ਨਿੱਤਰਦੇ ਹਨ। ਫਰਾਂਸ ਅਤੇ ਇੰਗਲੈਂਡ ਦੇ ਕੌਮੀ ਜਜਬੇ ਦੇ ਇਤਿਹਾਸ ਵਿੱਚ ਗਿਰਜਾਘਰਾਂ ਦੇ ਵੱਡੇ ਪਾਦਰੀਆਂ ਨੇ ਧਰਮ ਉਤੇ ਹੋਏ ਇਸ ਹਮਲੇ ਵਿਰੁੱਧ ਲੋਕਾਂ ਦੀ ਬਾਂਹ ਫੜੀ ਅਤੇ ਅਗਵਾਈ ਕੀਤੀ ਉਹ ਧਰਮ ਨੂੰ ਰਾਜਿਆਂ ਦੀ ਸੇਵਾ ਵਿੱਚ ਭੁਗਤਾਉਣ ਦੀਆਂ ਸੈਂਕੜੇ ਕੋਸ਼ਿਸ਼ਾਂ ਦਾ ਡਟਕੇ ਮੁਕਾਬਲਾ ਕਰਦੇ ਰਹੇ।

ਇਸੇ ਲਈ ਹਰਟਜ਼ ਆਖਦਾ ਹੈ ਕਿ ਕੌਮੀ ਜਜਬੇ ਨੂੰ ਬਚਾਉਣ ਵਿੱਚ ਧਾਰਮਕ ਆਗੂਆਂ ਦਾ ਰੋਲ ਬਹੁਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਕੌਮ ਕੋਈ ਅਜਿਹੀ ਭੀੜ ਨਹੀ ਹੁੰਦੀ ਜੋ ਕਿਸੇ ਚੁਰਾਹੇ ਵਿੱਚ ਕਿਸੇ ਬੁਲਾਰੇ ਨੂੰ ਸੁਣਨ ਲਈ ਇਕੱਠੀ ਹੋਈ ਹੁੰਦੀ ਹੈ ਬਲਕਿ ਪੂਰੀ ਤਰ੍ਹਾਂ ਸੰਗਠਿਤ ਲੋਕਾਂ ਦਾ ਸਮੂਹ ਹੁੰਦਾ ਹੈ ਜੋ ਆਪਣੇ ਅਕੀਦੇ ਅਤੇ ਪ੍ਰਤੀਬੱਧਤਾ ਲਈ ਇਮਾਨਦਾਰ ਹੁੰਦਾ ਹੈ। ਜੇ ਧਾਰਮਕ ਆਗੂ ਕੌਮ ਤੇ ਪਏ ਸੰਕਟ ਵੇਲੇ ਸੱਚੇ ਦਿਲੋ ਅਗਵਾਈ ਨਾ ਕਰਨ ਤਾਂ ਕੋਈ ਹਿਟਲਰ ਆਪਣੇ ਨੀਵੇਂ ਪ੍ਰਾਪਗੰਡੇ ਨਾਲ ਹੀ ਇੱਕ ਸੱਭਿਅਕ ਕੌਮ ਨੂੰ ਬਿਫਰੀ ਹੋਈ ਭੀੜ ਵਿੱਚ ਤਬਦੀਲ ਕਰ ਸਕਦਾ ਹੈ। ਇਸ ਲਈ ਭਾਸ਼ਾ ਅਤੇ ਧਰਮ ਨੂੰ ਕੌਮੀ ਤੌਰ ਤੇ ਚੇਤੰਨ ਸਮੂਹ, ਸਿਰਫ ਆਪਣੇ ਸੱਭਿਆਚਾਰਕ ਵਿਕਾਸ ਲਈ ਹੀ ਨਹੀ ਵਰਤਦੇ ਬਲਕਿ ਰਾਜਸੀ ਕੌਮਪ੍ਰਸਤੀ ਲਈ ਵੀ ਵਰਤਦੇ ਹਨ। (Fredrik Hertz-Nationalism in History and Politics)

ਸਟੇਟ ਦੀ ਲੋਕਾਂ ਨੂੰ ਦਬਾਉਣ ਅਤੇ ਉਨ੍ਹਾਂ ਦੇ ਕੌਮੀ ਬਿੰਬ ਨੂੰ ਤਬਾਹ ਕਰਨ ਦੀ ਸੋਚ ਦਾ ਹੀਗਲ ਵੀ ਡਟ ਕੇ ਵਿਰੋਧ ਕਰਦਾ ਹੈ। ਉਹ ਆਖਦਾ ਹੈ ਕਿ ਸਟੇਟ ਨੂੰ ਇੱਕ ਰੁਹਾਨੀ ਸੰਗਠਨ ਵੱਜੋਂ ਕੰਮ ਕਰਨਾ ਚਾਹੀਦਾ ਹੈ। ਹੀਗਲ ਦਾ ਕਹਿਣਾਂ ਹੈ ਕਿ ਜਿਹੜੀ ਸਟੇਟ ਆਪਣੇ ਨਾਗਰਿਕਾਂ ਦੀ ਅਜ਼ਾਦੀ ਅਤੇ ਰੁਚੀਆਂ ਨੂੰ ਦਬਾਉਂਦੀ ਹੈ ਉਹ ਹਵਾ ਵਿੱਚ ਬਣਾਏ ਹੋਏ ਇੱਕ ਮਹੱਲ ਤੋਂ ਵੱਧ ਕੁਝ ਨਹੀ ਹੈ।

ਅਜਿਹੀ ਸਥਿਤੀ ਵਿੱਚ ਹੀਗਲ ਆਖਦਾ ਹੈ ਕਿ ਹਰ ਕੌਮੀ ਸਮੂਹ ਦੀ ਆਪਣੀ ਕੌਮੀ ਸਟੇਟ ਹੋਣੀ ਚਾਹੀਦੀ ਹੈ। ਸਟੇਟ ਤੋਂ ਬਿਨਾ ਕੋਈ ਕੌਮ ਆਪਣੇ ਜਜਬਿਆਂ ਅਤੇ ਰੀਝਾਂ ਦਾ ਪ੍ਰਗਟਾਵਾ ਨਹੀ ਕਰ ਸਕਦੀ। (Ethics of Hegel by J Macbride)

ਐਂਥਨੀ ਸਮਿੱਥ ਨੇ ਜਿੱਥੇ ਕੌਮਾਂ ਦੇ ਜਨਮ ਅਤੇ ਵਿਕਾਸ ਦਾ ਅਧਿਐਨ ਕੀਤਾ ਹੈ ਉੱਥੇ ਉਸਨੇ ਭਾਰੂ ਬਹੁ-ਗਿਣਤੀ ਦੇ ਖਤਰੇ-ਮੂੰਹ ਆਈਆਂ ਕੌਮਾਂ ਦਾ ਵੀ ਡੂੰਘਾ ਅਧਿਐਨ ਕੀਤਾ ਹੈ। ਸਮਿੱਥ ਦਾ ਆਖਣਾ ਹੈ ਕਿ ਜਿਸ ਦੇਸ਼ ਵਿੱਚ ਭਾਰੂ-ਬਹੁਗਿਣਤੀ ਰਾਜ ਕਰਦੀ ਹੈ ਉਹ ਆਪਣੇ ਧਰਮ, ਰਵਾਇਤਾਂ ਅਕੀਦੇ ਅਤੇ ਸੱਭਿਆਚਾਰ ਨੂੰ ਦੇਸ਼ ਦਾ ਸੱਭਿਆਚਾਰ ਬਣਾ ਕੇ ਪੇਸ਼ ਕਰ ਦੇਂਦੀ ਹੈ ਕਿਉਂਕਿ ਰਾਜਸੀ ਅਤੇ ਫੌਜੀ ਤਾਕਤ ਉਸ ਬਹੁ-ਗਿਣਤੀ ਕੋਲ ਹੁੰਦੀ ਹੈ। ਪਰ ਕਿਸੇ ਬਹੁ-ਗਿਣਤੀ ਦੀ ਗੁਲਾਮੀ ਅਧੀਨ ਰਹਿ ਰਹੀਆਂ ਕੌਮਾਂ ਵਾਸਤੇ ਆਪਣੇ ਵਜੂਦ ਨੂੰ ਬਚਾਉਣ ਦਾ ਕਾਰਜ ਕਾਫੀ ਕਠਿਨ ਹੁੰਦਾ ਹੈ। ਅਜਿਹੀ ਹਾਲਤ ਵਿੱਚ ਰਹਿ ਰਹੀਆਂ ਕੌਮਾਂ ਫਿਰ ਆਪਣੇ ਨਿਵੇਕਲੇ ਧਰਮ, ਬੋਲੀ, ਨਿਆਰੇ ਜੀਵਨ ਅਤੇ ਨਿਆਰੀਆਂ ਰਵਾਇਤਾਂ ਦੇ ਸਹਾਰੇ ਆਪਣੇ ਆਪ ਨੂੰ ਵਿਰੋਧੀਆਂ ਦੇ ਹਮਲੇ ਤੋਂ ਬਚਾ ਕੇ ਰੱਖਦੀਆਂ ਹਨ। ਅਜਿਹੀਆਂ ਕੌਮਾਂ ਦੇ ਮੈਂਬਰਾਂ ਲਈ ਹੋਰ ਸਭ ਕਾਸੇ ਨਾਲੋਂ ਆਪਣੀ ਕੌਮ ਅਤੇ ਉਸਦੀਆਂ ਰੀਝਾਂ ਹੀ ਕੇਂਦਰੀ ਬਿੰਦੂ ਹੁੰਦੀਆਂ ਹਨ। ਕੌਮੀ ਸਾਂਝੇਦਾਰੀ ਦੀ ਭਾਵਨਾ ਜਿਉਂਦੀਆਂ ਕੌਮਾਂ ਵਿੱਚ ਏਨੀ ਮਜਬੂਤ ਹੁੰਦੀ ਹੈ ਕਿ ਬੇਗਾਨਿਆਂ ਦੇ ਭਿਆਨਕ ਹਮਲਿਆਂ ਵੇਲੇ ਕੌਮ ਦੇ ਬੀਰ ਜਵਾਨ ਆਪਣੀਆਂ ਜਾਨਾਂ ਵਾਰਨ ਤੋਂ ਵੀ ਗੁਰੇਜ ਨਹੀ ਕਰਦੇ।

ਸਮਿੱਥ ਆਖਦਾ ਹੈ ਕਿ ਅਜਿਹਾ ਕੌਮੀ ਜਜਬਾ ਐਵੇਂ ਹੀ ਪ੍ਰਾਪਤ ਨਹੀਂ ਹੋ ਜਾਂਦਾ ਬਲਕਿ ਇਸ ਨੂੰ ਪ੍ਰਾਪਤ ਕਰਨ ਲਈ ਕੌਮ ਨੂੰ ਆਪਣੇ ਰੁਹਾਨੀ ਨਿਆਰੇਪਣ ਦਾ ਪੱਲਾ ਘੁੱਟ ਕੇ ਫੜਨਾ ਪੈਂਦਾ ਹੈ। ਪੈਰ ਪੈਰ ਤੇ ਆਪਣੇ ਗਵਾਂਢੀਆਂ ਅਤੇ ਵਿਰੋਧੀਆਂ ਨਾਲੋਂ ਆਪਣੇ ਵਖਰੇਵੇਂ ਨੂੰ ਪ੍ਰਗਟ ਕਰਨ ਵਾਲੀਆਂ ਕੌਮਾਂ ਹੀ ਅਜਿਹੇ ਜਜਬੇ ਨੂੰ ਹਾਸਲ ਕਰ ਸਕਦੀਆਂ ਹਨ।

ਸਮਿੱਥ ਆਖਦਾ ਹੈ ਕਿ ਕੌਮੀ-ਕੇਂਦਦੀਕਰਨ (Ethnocentrism) ਦਾ ਮਤਲਬ ਹੀ ਇਹ ਹੈ ਕਿ ਕੌਮ ਦੇ ਲੋਕਾਂ ਵਿੱਚ ਸਮੂਹਕ ਭਾਵਨਾ ਹੁੰਦੀ ਹੈ, ਆਪਣੇ ਸੱਭਿਆਚਾਰ ਅਤੇ ਰਵਾਇਤਾਂ ਦੇ ਨਿਆਰੇਪਣ ਦਾ ਅਹਿਸਾਸ ਹੁੰਦਾ ਹੈ ਅਤੇ ਸਭ ਤੋਂ ਵਧ ਕੇ ਹੋਰਨਾਂ ਕੌਮਾਂ ਨਾਲੋਂ ਆਪਣੀ ਕੌਮ ਦੀ ਉੱਤਮਤਾ ਦਾ ਨਿਆਰਾ ਅਹਿਸਾਸ ਹੁੰਦਾ ਹੈ। ਕੌਮ ਵਿੱਚ ਇਹ ਭਾਵਨਾ ਮਜਬੂਤ ਹੁੰਦੀ ਹੈ ਕਿ ਪਰਮਾਤਮਾ ਨੇ ਸਾਨੂੰ ਆਪਣੇ ਸਭ ਤੋਂ ਪਿਆਰੇ ਲੋਕਾਂ ਵੱਜੋਂ ਸਿਰਜਿਆ ਹੈ ਅਤੇ ਸਾਡੇ ਜਿੰਮੇ ਖਲਕਤ ਦੇ ਦੁਖਾਂ ਨੂੰ ਹਰਨ ਦੀ ਰੁਹਾਨੀ ਡਿਊਟੀ ਲਗਾਈ ਗਈ ਹੈ। ਸਾਡੀ ਸਿਰਜਣਾ ਕਿਤੇ ਐਵੇਂ ਹੀ ਨਹੀ ਹੋ ਗਈ, ਬਲਕਿ ਪਰਮਾਤਮਾ ਨੇ ਕਿਸੇ ਖਾਸ ਰੁਹਾਨੀ ਮਿਸ਼ਨ ਨੂੰ ਸਰ ਕਰਨ ਲਈ ਸਾਡੀ ਸਿਰਜਣਾਂ ਕੀਤੀ ਹੈ ਇਸੇ ਲਈ ਅਸੀਂ ਪਰਮਾਤਮਾ ਦੇ ਵਿਸ਼ੇਸ਼ ਬੱਚੇ ਹਾਂ। ਹੋਰਨਾਂ ਕੌਮਾਂ ਨਾਲੋਂ ਆਪਣੀ ਉੱਤਮਤਾ ਅਤੇ ਨਿਆਰੇਪਣ ਦਾ ਇਹ ਅਹਿਸਾਸ ਏਨਾ ਪਰਬਲ ਅਤੇ ਪਵਿੱਤਰ ਹੁੰਦਾ ਹੈ ਕਿ ਸਿਆਸੀ ਤੌਰ ਤੇ ਗੁਲਾਮ ਹੋ ਜਾਣ ਦੇ ਬਾਵਜੂਦ ਵੀ ਅਜਿਹੀਆਂ ਨਿਆਰੀਆਂ ਕੌਮਾਂ ਆਪਣੀ ਪਹਿਚਾਣ ਨਹੀ ਤਿਆਗਦੀਆਂ। ਜਾਂ ਕਹਿ ਲਵੋ ਕਿ ਸਿਆਸੀ ਗੁਲਾਮੀ ਉਨ੍ਹਾਂ ਦੀ ਨਿਆਰੀ ਹਸਤੀ ਨੂੰ ਖਤਮ ਨਹੀਂ ਕਰ ਸਕਦੀ।

ਇਹ ਨਿਆਰਾਪਣ ਸਮਿੱਥ ਅਨੁਸਾਰ ਕੌਮਾਂ ਦੀ ਹੋਂਦ ਨਾਲ ਜੁੜੇ ਇਤਿਹਾਸਕ ਮਿੱਥ-ਸੰਕੇਤਾਂ ਨਾਲ ਗੂੜ੍ਹੇ ਪਿਆਰ ਵਿੱਚੋਂ ਪੈਦਾ ਹੁੰਦਾ ਹੈ। ਆਪਣੀ ਬੋਲੀ, ਧਰਮ ਰਵਾਇਤਾਂ, ਸੰਗੀਤ ਅਤੇ ਕਲਾ ਵਰਗੇ ਮਿੱਥ-ਸੰਕੇਤ ਸਮਿੱਥ ਅਨੁਸਾਰ ਕੌਮਾਂ ਦੀਆਂ ਹੱਦਾਂ ਦੇ ਪਹਿਰੇਦਾਰ (Border Guards) ਹੁੰਦੇ ਹਨ।

ਉਹ ਆਖਦਾ ਹੈ ਕਿ ਕੌਮਾਂ ਦੀਆਂ ਇਤਿਹਾਸਕ ਮਿੱਥਾਂ ਦਾ ਭੰਡਾਰ, ਉਨ੍ਹਾਂ ਦੀਆਂ ਨਿਆਰੀਆਂ ਕਦਰਾਂ, ਉਨ੍ਹਾਂ ਦੇ ਨਿਆਰੇ ਬਾਹਰੀ ਨਿਸ਼ਾਨ ਕੌਮ ਨੂੰ ਆਪਣੀ ਸਵੈ-ਪਹਿਚਾਣ ਬਾਰੇ ਚੇਤੰਨ ਕਰਦੇ ਹਨ। ਇਹ ਮਿੱਥ-ਸੰਕੇਤ ਕੌਮ ਨੂੰ ਉਸਦੀ ਉਤਪਤੀ ਅਤੇ ਰੁਹਾਨੀ ਸਫਰ ਵਿੱਚ ਉਸਦੀ ਥਾਂ ਬਾਰੇ ਚੇਤੰਨ ਕਰਦੇ ਰਹਿੰਦੇ ਹਨ।

ਕੌਮੀ ਜਜਬੇ ਦੀ ਇਸ ਪ੍ਰਬਲ ਰੀਝ ਦਾ ਪ੍ਰਮੁੱਖ ਨਿਸ਼ਾਨਾ ਕੌਮ ਨੂੰ ਬਾਹਰੀ ਹਮਲਿਆਂ ਅਤੇ ਅੰਦਰੂਨੀ ਖੋਰੇ ਤੋਂ ਬਚਾਉਣਾ ਹੁੰਦਾ ਹੈ। ਕੌਮੀ ਲੀਡਰਸ਼ਿੱਪ ਫਿਰ ਆਪਣੇ ਯਤਨਾਂ ਰਾਹੀਂ ਕੌਮ ਦੇ ਮੈਂਬਰਾਂ ਵਿੱਚ ਆਪਣੀਆਂ ਰਵਾਇਤਾਂ ਨੂੰ ਸਾਂਭ ਕੇ ਰੱਖਣ ਅਤੇ ਸਮੇਂ ਦੇ ਬੀਤਣ ਨਾਲ ਉਨ੍ਹਾਂ ਰਵਾਇਤਾਂ ਦੀ ਆਧੁਨਿਕ ਵਿਆਖਿਆ ਨਾਲ ਉਨ੍ਹਾਂ ਨੂੰ ਜਿੰਦਾ ਰੱਖਦੀ ਹੈ ਅਤੇ ਕੌਮੀ ਜਜਬੇ ਨੂੰ ਆਪਣੇ ਗਵਾਚ ਗਏ ਹੋਮਲੈਂਡ ਦੀ ਪ੍ਰਾਪਤੀ ਲਈ ਵਰਤਦੀ ਰਹਿੰਦੀ ਹੈ। ਸਮਿੱਥ ਆਖਦਾ ਹੈ ਕਿ ਨਿਆਰੀਆਂ ਕੌਮਾਂ ਦਾ ਨਿਸ਼ਾਨਾ ਕੋਈ ਸਲਤਨਤਾਂ ਕਾਇਮ ਕਰਨ ਦਾ ਨਹੀ ਹੁੰਦਾ ਬਲਕਿ ਉਹ ਤਾਂ ਇਤਿਹਾਸ ਦੇ ਕਿਸੇ ਮੋੜ ਤੇ ਆਪਣੇ ਗਵਾਚ ਗਏ ਹੋਮਲੈਂਡ, ਆਪਣੇ ਪੁਰਖਿਆਂ ਦੀ ਪਵਿੱਤਰ ਧਰਤੀ ਨੂੰ ਹਾਸਲ ਕਰ ਲੈਣ ਦੇ ਜਜਬੇ ਨੂੰ ਹੀ ਪ੍ਰਣਾਈਆਂ ਹੁੰਦੀਆਂ ਹਨ। (Anthony Smith – Ethnic Origins of The Nations)

ਇਤਿਹਾਸ ਦੇ ਕਿਸੇ ਮੋੜ ਤੇ ਆ ਕੇ, ਫਰੈਡਰਿਕ ਹਰਟਜ਼ ਆਖਦਾ ਹੈ ਕਿ ਜੇ ਅਜਿਹੀਆਂ ਜਿੰਦਾ ਅਤੇ ਨਿਆਰੀਆਂ ਕੌਮਾਂ ਸਿਆਸੀ ਤੌਰ ਤੇ ਗੁਲਾਮ ਹੋ ਜਾਣ ਤਾਂ ਉਨ੍ਹਾਂ ਦੇ ਜੇਤੂ ਹਾਕਮਾਂ ਦਾ ਸਭ ਤੋਂ ਪਹਿਲਾ ਹਮਲਾ ਹੀ ਉਸ ਕੌਮ ਦੇ ਧਾਰਮਕ ਗੁਰਧਾਮਾਂ ਅਤੇ ਨਿਆਰੇ ਸੱਭਿਆਚਾਰ ਤੇ ਹੁੰਦਾ ਹੈ। ਇੱਥੇ ਉਹ ਮਾਰਟਿਨ ਲੂਥਰ ਕਿੰਗ ਦੇ ਪ੍ਰੋਟੈਸਟੈਂਟਵਾਦ ਦੀ ਉਦਾਹਰਨ ਦੇਦਾ ਹੈ ਜੋ ਆਪਣੇ ਰੁਹਾਨੀ ਅਕੀਦੇ ਦੇ ਬਾਵਜੂਦ ਵੀ ਜੇਤੂ ਹਾਕਮਾਂ ਦੀਆਂ ਘਟੀਆਂ ਰੀਝਾਂ ਤੋਂ ਬਚ ਨਾ ਸਕਿਆ। ਜੇਤੂ ਹਾਕਮਾਂ ਨੇ ਸਭ ਤੋਂ ਪਹਿਲਾਂ ਪ੍ਰੋਟੈਸਟੈਂਟ ਚਰਚ ਨੂੰ ਆਪਣੀ ਗੁਲਾਮੀ ਅਧੀਨ ਲੈਣ ਦਾ ਕਾਰਜ ਕੀਤਾ। ਉਨ੍ਹਾਂ ਚਰਚ ਨੂੰ ਆਪਣੇ ਘਟੀਆ ਰਾਜਸੀ ਮਨੋਰਥਾਂ ਲਈ ਵਰਤਣ ਦਾ ਯਤਨ ਕੀਤਾ। ਇਸੇ ਲਈ ਕਾਲਵਿਨ ਨੇ ਸਭ ਤੋਂ ਪਹਿਲਾਂ ਚਰਚ ਦੀ ਅਜ਼ਾਦੀ ਦਾ ਬੀੜਾ ਚੁੱਕਿਆ। ਉਸਨੇ ਆਖਿਆ ਕਿ ਚਰਚ ਦੀ ਅਜ਼ਾਦੀ ਤੋਂ ਬਿਨਾ ਸਿਆਸੀ ਅਜ਼ਾਦੀ ਹਾਸਲ ਨਹੀ ਹੋ ਸਕੇਗੀ। ਇਸੇ ਲਈ ਹਰਟਜ਼ ਆਖਦਾ ਹੈ ਕਿ ਧਰਮ ਹਾਲੇ ਵੀ ਕੌਮਾਂ ਦੀ ਉਤਪਤੀ ਅਤੇ ਵਿਕਾਸ ਲਈ ਸਭ ਤੋਂ ਜਰੂਰੀ ਤੱਤ ਹੈ। ਇਹ ਬੋਲੀ ਨਾਲੋਂ ਵੀ ਵੱਧ ਜਰੂਰੀ ਤੱਤ ਹੈ। ਧਰਮ ਦੀ ਅਜ਼ਾਦੀ ਤੋਂ ਬਿਨਾ ਕੌਮ ਦੀ ਅਜ਼ਾਦੀ ਬਾਰੇ ਸੋਚਣਾ ਔਖਾ ਹੈ। ਇਸੇ ਲਈ ਸਮਿੱਥ ਵੀ ਕੌਮਾਂ ਦੇ ਵੱਖਰੇਪਣ ਅਤੇ ਨਿਆਰੇਪਣ ਤੇ ਜੋਰ ਦੇਂਦਾ ਹੋਇਆ ਆਖਦਾ ਹੈ ਕਿ ਜੇ ਕਿਸੇ ਕੌਮ ਨੇ ਸਿਆਸੀ ਤੌਰ ਤੇ ਅਜ਼ਾਦ ਅਤੇ ਵੱਖ ਹੋਣਾ ਹੈ ਤਾਂ ਪੈਰ ਪੈਰ ਤੇ ਉਸਨੂੰ ਵੱਖਰੇ ਬਣ ਕੇ ਦੱਸਣਾ ਪਵੇਗਾ। ਤੁਹਾਡੇ ਹਰ ਕਦਮ, ਹਰ ਬੋਲ ਅਤੇ ਹਰ ਕਾਰਜ ਵਿੱਚੋਂ ਵੱਖਰੇਪਣ ਦੀ ਖੁਸ਼ਬੋ ਝਲਕਣੀ ਚਾਹੀਦੀ ਹੈ। ਸਿਰਫ ਸਰੀਰਕ ਤੌਰ ਤੇ ਹੀ ਬਲਕਿ ਕਿਰਦਾਰ ਅਤੇ ਜੀਵਨ ਜਾਂਚ ਵਿੱਚੋਂ ਵੀ। ਉਹ ਆਖਦਾ ਹੈ ਕਿ ਕੌਮੀ ਜਜਬੇ ਦਾ ਕੇਂਦਰੀ ਤੱਤ ਹੀ ਆਪਣੇ ਹੋਮਲੈਂਡ ਦੀ ਪ੍ਰਾਪਤੀ ਹੁੰਦੀ ਹੈ। ਬੇਸ਼ੱਕ ਕੌਮੀ ਜਜਬੇ ਅਤੇ ਕੌਮਵਾਦ ਨਾਲ ਆਪਣੀ ਨਿਆਰੀ ਹਸਤੀ ਨੂੰ ਬਚਾ ਕੇ ਰੱਖਣ, ਜੇਤੂ ਹਾਕਮਾਂ ਦਾ ਮੁਕਾਬਲਾ ਕਰਨ, ਜੇਤੂ ਕੌਮ ਵਿੱਚ ਜਜਬ ਹੋ ਜਾਣ ਤੋਂ ਬਚਾਉਣ ਦੇ ਕਾਰਜ ਵੀ ਕੌਮਵਾਦ ਨਾਲ ਜੁੜੇ ਹੁੰਦੇ ਹਨ ਪਰ ਕੌਮਵਾਦ ਦਾ ਅੰਤਿਮ ਨਿਸ਼ਾਨਾ ਆਪਣੇ ਪੁਰਖਿਆਂ ਦੀ ਪਵਿੱਤਰ ਧਰਤੀ ਆਪਣੇ ਹੋਮਲੈਂਡ ਨੂੰ ਪ੍ਰਾਪਤ ਕਰਨ ਦਾ ਹੀ ਹੁੰਦਾ ਹੈ। ਇਹ ਤਾਂ ਹੀ ਹੋ ਸਕੇਗਾ ਕਿ ਕੌਮ ਆਪਣੇ ਨਿਆਰੇ ਸਰੂਪ ਅਤੇ ਨਿਆਰੇ ਕਿਰਦਾਰ ਨੂੰ ਬਚਾ ਕੇ ਰੱਖ ਸਕੇਗੀ। (Anthony Smith-Myths and Memories of The Nations)

ਹੁਣ ਇਸ ਵਿਚਾਰ ਚਰਚਾ ਦੇ ਸੰਦਰਭ ਵਿੱਚ ਸਿੱਖ ਪੰਥ ਤੇ ਮੌਜੂਦਾ ਸਮੇਂ ਹੋ ਰਹੇ ਵਿਚਾਰਧਾਰਕ ਹਮਲਿਆਂ ਦੇ ਸਰੂਪ ਅਤੇ ਸੱਚ ਨੂੰ ਜਾਨਣ ਲਈ ਸਾਨੂੰ ਹਰਿੰਦਰ ਸਿੰਘ ਮਹਿਬੂਬ ਨੂੰ ਦੇਖਣਾ ਚਾਹੀਦਾ ਹੈ।

ਹਰਿੰਦਰ ਸਿੰਘ ਮਹਿਬੂਬ ਆਖਦੇ ਹਨ ਕਿ, ਬਿਪਰ ਸੰਸਕਾਰ ਮਨੁੱਖ ਦੀ ਧਰਮ-ਅਨੁਭੂਤੀ ਦੇ ਨਿਰਾਕਾਰ ਅਤੇ ਸਥੂਲ ਖੇਤਰਾਂ ਥੀਂ ਵਿਚਰਦੀ ਅਜਿਹੀ ਨਿਸ਼ੇਧ ਪ੍ਰਕਿਰਆ ਹੈ, ਜਿਹੜੀ ਇੱਕੋ ਸਮੇਂ ਵਿਅਕਤੀ ਅਤੇ ਜਾਤੀ ਦੀ ਲਿਵ-ਨਿਰੰਤਰਤਾ ਨੂੰ ਰੱਬੀ ਮਿਹਰ ਅਤੇ ਰੱਬੀ ਹੁਕਮ ਦੀ ਵਿਸ਼ਾਲਤਾ ਨਾਲੋਂ ਤੋੜਦੀ ਹੋਈ ਕੇਵਲ ਮਨੁੱਖ ਦੀ ਇੰਦ੍ਰਆਵੀ ਅਨੁਭਵ ਵਿੱਚੋਂ ਉਪਜਣ ਵਾਲੀ ਗਿਆਨ ਹਉਮੈ ਦੇ ਅਧੀਨ ਕਰ ਦੇਂਦੀ ਹੈ। ਮਨੁੱਖ ਦੀ ਲਿਵ ਮਹਾਂ-ਕਾਵਿਕ ਸ਼ਾਨ ਤੋਂ ਸੱਖਣੇ ਪਦਾਰਥਕ ਸੁਆਦ, ਖਿਆਲੀ ਉਤਰਾਵਾਂ-ਚੜ੍ਹਾਵਾਂ ਦੀ ਲੀਲਾ ਅਤੇ ਉਪਰਪ੍ਰਕ੍ਰਿਤਕ ਖੇਡਾਂ ਦੀਂ ਲਾਲਸਾ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਸੋਚੇ ਢੰਗ ਨੂੰ ਮਨੁੱਖ ਦਾ ਇਸ਼ਟ ਬਣਾ ਦੇਂਦੀ ਹੈ। ਬਿਪਰ ਸੰਸਕਾਰ ਖੂਬਸੂਰਤੀ ਦੀ ਤਰਲ ਅਵਸਥਾ ਨੂੰ ਨੁਕਸਾਨ ਪਹੁੰਚਾਉਣ ਵਾਲੀ ਨਿਸ਼ੇਧ-ਗਤੀ ਹੈ ਅਤੇ ਮਜ੍ਹਬ ਦੇ ਬੇਦਾਗ ਤਜਰਬੇ ਨਾਲ ਪਰਛਾਵੇਂ ਵਾਂਗ ਚਲਦਾ ਹੋਇਆ ਇੱਕ ਰੋਗੀ ਦਾਗ ਹੈ। ਜਦੋਂ ਹਿੰਦੂ-ਖਿਆਲ ਨੇ ਧਾਰਮਕ ਸੂਖਮਤਾ ਰੱਖਣ ਵਾਲੀ ਨਿਰਾਕਾਰਤਾ ਦੇ ਪ੍ਰਬੰਧ ਨੂੰ ਅਪਣਾਇਆ ਹੁੰਦਾ ਹੈ, ਉਦੋਂ ਵੀ ਇਸਦੀ ਕਿਸੇ ਅਦ੍ਰਿਸ਼ਟ ਤਹਿ ਵਿੱਚ ਬਿਪਰ ਸੰਸਕਾਰ ਦੀ ਕੋਈ ਲੁਕਵੀਂ ਵਿਧੀ ਕੰਮ ਕਰ ਰਹੀ ਹੁੰਦੀ ਹੈ।

ਹਰਿੰਦਰ ਸਿੰਘ ਮਹਿਬੂਬ ਆਖਦੇ ਹਨ ਕਿ ਹਿੰਦੂ-ਪੌਰਾਣ ਦਾ ਅਧਿਐਨ ਦੱਸਦਾ ਹੈ, ਕਿ ਹਿੰਦੂ-ਕੌਮ ਦੀ ਇਤਿਹਾਸਕ ਗਤੀ ਵਿੱਚ ਕਦੇ ਵੀ ਕੋਈ ਐਸਾ ਮੋੜ ਨਹੀ ਆਇਆ, ਜਦੋਂ ਕਿ ਇਨਸਾਨੀਅਤ ਨੇ ਇੱਕ ਦੈਵੀ ਸਿਖਰ ਪ੍ਰਾਪਤ ਕਰਕੇ ਅਜਿਹਾ ਸੰਯੁਕਤ ਇਤਿਹਾਸ ਆਪਣੇ ਦੁਆਲੇ ਵਲ ਲਿਆ ਹੋਵੇ, ਜਿਸ ਵਿੱਚ ਸਦੀਵੀ ਕਾਲ ਲਈ ਦੈਵੀ ਸੁਨੇਹਾ ਹੋਵੇ, ਅਰਥਾਤ ਹਰ ਸਮੇਂ ਮਨੁੱਖ ਵਿੱਚ ਦੈਵੀਪਣ ਦਾ ਇੱਕ ਸਿਰਜਣਾਤਮਕ ਪਹਿਲੂ

ਬਣਾਉਣ ਦੀ ਤਾਕਤ ਹੋਵੇ। (ਹਰਿੰਦਰ ਸਿੰਘ ਮਹਿਬੂਬ-ਸਹਿਜੇ ਰਚਿਓ ਖਾਲਸਾ)

ਬਿਪਰ ਸੰਸਕਾਰ ਦੀ ਇਸ ਕਿਸਮ ਦੀ ਬਿਰਤੀ ਨੂੰ ਕੁਝ ਹੱਦ ਤੱਕ ਹੈਨਰੀ ਕਸਿੰਗਰ ਨੇ ਵੀ ਫੜਿਆ ਹੈ। ਬੇਸ਼ੱਕ ਹੈਨਰੀ ਕਸਿੰਗਰ ਬਿਪਰ ਸੰਸਕਾਰ ਦੀ ਉਹ ਥਹੁ ਨਹੀ ਪਾ ਸਕਿਆ ਜੋ ਹਰਿੰਦਰ ਸਿੰਘ ਮਹਿਬੂਬ ਨੇ ਪਾਈ ਹੈ ਪਰ ਫਿਰ ਵੀ ਕੁਝ ਅਜਿਹੇ ਝਲਕਾਰੇ ਮਿਲਦੇ ਹਨ ਜੋ ਬਿਪਰ ਸੰਸਕਾਰ ਦੀ ਨਿਸ਼ੇਧ ਗਤੀ ਨੂੰ ਸਮਝਣ ਲਈ ਕਾਫੀ ਹਨ। ਕਸਿੰਗਰ ਨੇ ਹਿੰਦੂ ਵਿਦਵਾਨ ਕੌਟੱਲਿਆ ਦੇ ਨੀਤੀ ਗਰੰਥ, ਅਰਥਸ਼ਾਸ਼ਤਰ ਦਾ ਹਵਾਲਾ ਦੇਂਦਿਆਂ ਆਖਿਆ ਹੈ ਕਿ ਕੌਟੱਲਿਆ ਸੱਤਾ ਦੀ ਪ੍ਰਾਪਤੀ ਨੂੰ ਪ੍ਰਮੁੱਖ ਨਿਸ਼ਾਨਾ ਮੰਨਦਾ ਹੈ। ਉਹ ਸੱਤਾ ਦੀ ਪ੍ਰਾਪਤੀ ਅਤੇ ਉਸ ਸੱਤਾ ਨੂੰ ਕਾਇਮ ਰੱਖਣ ਲਈ ਆਪਣੇ ਵਿਰੋਧੀਆਂ ਅਤੇ ਦੁਸ਼ਮਣਾਂ ਨੂੰ ਤਬਾਹ ਕਰ ਦੇਣ ਦਾ ਗਿਆਨ ਦੱਸਦਾ ਹੈ। ਕੌਟੱਲਿਆ ਅਨੁਸਾਰ ਸੱਤਾ ਅਤੇ ਤਾਕਤ ਸਭ ਤੋਂ ਪ੍ਰਮੁੱਖ ਸਚਾਈ ਹੈ। ਇਸ ਲਈ ਸੱਤਾ ਨੂੰ ਚਲਾ ਰਹੇ ਲੀਡਰ ਦੀਆਂ ਇਛਾਵਾਂ ਨੂੰ ਪੂਰਾ ਕਰਨ ਲਈ, ਭੁਗੋਲ, ਫੌਜ, ਆਰਥਿਕਤਾ, ਡਿਪਲੋਮੇਸੀ, ਫੌਜੀ ਤਾਕਤ, ਜਸੂਸੀ, ਕਨੂੰਨ, ਖੇਤੀ, ਜਨਤਕ ਰਾਇ ਅਤੇ ਅਫਵਾਹਾਂ ਸਭ ਨੂੰ ਆਪਣੇ ਹਿੱਤ ਵਿੱਚ ਵਰਤ ਲੈਣਾਂ ਚਾਹੀਦਾ ਹੈ। ਹੈਨਰੀ ਕਸਿੰਗਰ ਆਖਦਾ ਹੈ ਕਿ ਜਿੱਥੇ ਯੂਰਪੀ ਸ਼ਕਤੀਆਂ ਆਪਣੇ ਨੀਤੀ-ਸ਼ਾਸ਼ਤਰ ਵਿੱਚ ਸ਼ਕਤੀਆਂ ਦੇ ਸਮਤੋਲ (Balance of Powers) ਦਾ ਸਿਧਾਂਤ ਲੈ ਕੇ ਚਲਦੀਆਂ ਹਨ ਉੱਥੇ ਕੌਟੱਲਿਆ ਆਪਣੇਂ ਗਵਾਂਢੀਆਂ ਨਾਲ ਹਮੇਸ਼ਾ ਦੁਸ਼ਮਣੀ ਬਣਾਈ ਰੱਖਣ ਦੀ ਸਿਖਆ ਦੇਂਦਾ ਹੈ। ਉਹ ਆਖਦਾ ਹੈ ਕਿ ਆਪਣੇ ਰਾਜ ਦੇ ਵਿਸਥਾਰ ਲਈ ਰਾਜੇ ਨੂੰ ਹਰ ਕਿਸਮ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਦਰ ਕਿਨਾਰ ਕਰ ਦੇਣਾਂ ਚਾਹੀਦਾ ਹੈ। ਕੌਟੱਲਿਆ ਆਖਦਾ ਹੈ ਕਿ, ਮੁਕਾਬਲੇ ਦੇ ਘਿਨਾਉਣੇ ਤਰਕ ਵਿੱਚ ਕੋਈ ਢਿਲਮੱਠ ਨਹੀ ਦਿਖਾਉਣੀ ਚਾਹੀਦੀ। ਜੇਤੂ ਹਾਕਮ ਨੂੰ ਹਰ ਵੇਲੇ ਆਪਣੀ ਤਾਕਤ ਅਤੇ ਆਪਣੀਆਂ ਨਿੱਜੀ ਖੁਸ਼ੀਆਂ ਵਧਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਸਦਾ ਕਹਿਣਾ ਹੈ, ਹਾਕਮ ਨੂੰ ਜੇ ਕੋਈ ਗੱਠਜੋੜ ਵੀ ਕਰਨਾ ਪਵੇ ਤਾਂ ਉਹ ਬਰਾਬਰ ਦੀ ਧਿਰ ਬਣ ਕੇ ਨਹੀ ਬਲਕਿ ਆਪ ਸਭ ਤੋਂ ਉਚਾ ਹੋ ਕੇ ਅਤੇ ਬਾਕੀਆਂ ਨੂੰ ਆਪਣੇ ਮੰਤਵਾਂ ਦੀ ਪੂਰਤੀ ਲਈ ਆਪਣੇ ਸਹਾਇਕ ਬਣਾ ਕੇ ਹੀ ਗੱਠਜੋੜ ਕਰਨਾ ਚਾਹੀਦਾ ਹੈ। ਤਾਂ ਹੀ ਜੇਤੂ ਹਾਕਮ ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰ ਸਕਦਾ ਹੈ। ਉਹ ਇਹ ਵੀ ਆਖਦਾ ਹੈ ਕਿ ਹਰ ਧਰਮੀ ਪੁਰਸ਼, ਫੌਜੀ, ਦੁਕਾਨਦਾਰਾਂ ਆਦਿ ਨੂੰ ਰਾਜੇ ਦੇ ਦੁਸ਼ਮਣਾਂ ਨੂੰ ਤਬਾਹ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ।(Henry Kissinger- World Order)[

ਐਨਥਨੀ ਸਮਿੱਥ ਆਖਦਾ ਹੈ ਕਿ ਕਿਸੇ ਅੰਦਰੂਨੀ ਦੁਸ਼ਮਣ ਨਾਲ ਰਹਿਣ ਲਈ ਮਜਬੂਰ ਕੌਮ ਫਿਰ ਆਪਣੇ ਇਤਿਹਾਸ, ਧਰਮ ਗਰੰਥ, ਬੋਲੀ ਅਤੇ ਸ਼ਹੀਦਾਂ ਦੀ ਯਾਦ ਨੂੰ ਮਨ ਵਿੱਚ ਵਸਾ ਕੇ ਹੀ ਆਪਣਾ ਵਜੂਦ ਕਾਇਮ ਰੱਖ ਸਕਦੀ ਹੈ। ਉਹ ਆਖਦਾ ਹੈ ਕਿ ਘੱਟ-ਗਿਣਤੀ ਕੌਮਾਂ ਆਪਣੇ ਸਾਂਝੇ ਇਤਿਹਾਸਕ ਤਜਰਬਿਆਂ, ਸਾਂਝੇ ਸਦਾਚਾਰ ਅਤੇ ਇੱਕ ਸਾਂਝੇ ਪਿਤਾ ਦੀ ਸੰਤਾਨ ਹੋਣ ਦੇ ਮਾਣ ਨਾਲ ਆਪਣੇ ਆਪ ਨੂੰ ਬਚਾ ਲੈਂਦੀਆਂ ਹਨ। ਉਹ ਆਖਦਾ ਹੈ ਕਿ ਬਹੁਤੇ ਸਮਾਜਾਂ ਵਿੱਚ ਸਾਂਝੇ ਸਦਾਚਾਰ, ਵਿਲੱਖਣ ਨਿਸ਼ਾਨ-ਚਿੰਨ੍ਹ, ਮਿੱਥਾਂ, ਅਤੀਤ ਦੇ ਇਤਿਹਾਸ ਦੀਆਂ ਸਾਂਝੀਆਂ ਯਾਦਾਂ ਜਿੱਥੇ ਇੱਕ ਸਮੂਹ ਨੂੰ ਆਪਸ ਵਿੱਚ ਜੋੜ ਕੇ ਰੱਖਦੀਆਂ ਹਨ ਉੱਥੇ ਉਹ ਉਸ ਸਮੂਹ ਨੂੰ ਹੋਰਨਾਂ ਨਾਲੋਂ ਵਖਰਿਆਉਂਦੀਆਂ ਵੀ ਹਨ। ਸਾਂਝਾ ਧਰਮ ਗਰੰਥ, ਸਾਂਝੀ ਬੋਲੀ, ਸਾਂਝੇ ਸ਼ਹੀਦ, ਸਾਂਝੇ ਸੰਤ, ਨਿਆਰਾ ਕੈਲੰਡਰ, ਕੌਮ ਨੂੰ ਬਾਹਰੀ ਵਿਚਾਰਧਰਕ ਹਮਲੇ ਤੋਂ ਬਚਾ ਲੈਂਦਾ ਹੈ। ਇੱਕ ਕੌਮੀ ਸਮੂਹ ਵਿੱਚ ਰਹਿ ਰਹੇ ਲੋਕਾਂ ਵਿੱਚ ਇੱਕੋ ਪਿਤਾ ਦੀ ਸਾਂਝੀ ਔਲਾਦ ਹੋਣ ਅਤੇ ਸਾਂਝੇ ਪਰਿਵਾਰ ਦੇ ਮੈਂਬਰ ਹੋਣ ਦਾ ਅਹਿਸਾਸ ਇੱਕ ਜੁਟਤਾ ਦਾ ਅਹਿਸਾਸ ਪੈਦਾ ਕਰਦਾ ਹੈ। ਜੇ ਕਿਤੇ ਉਸਦਾ ਕੌਮੀ ਪਿਤਾ ਕੋਈ ਮਹਾਂਪੁਰਖ ਹੋਵੇ ਫਿਰ ਤਾਂ ਕੌਮ ਵਿੱਚ ਇੱਕਜੁਟਤਾ ਦੀ ਭਾਵਨਾ ਹੋਰ ਵੀ ਦੂਣ-ਸਵਾਈ ਹੋ ਜਾਂਦੀ ਹੈ।

ਸਮਿੱਥ ਆਖਦਾ ਹੈ ਕਿ ਕੋਈ ਕੌਮ ਮਹਿਜ਼ ਆਪਣੇ ਸਾਂਝੇ ਨਿਸ਼ਾਨ ਚਿੰਨ੍ਹਾਂ ਅਤੇ ਸਾਂਝੀਆਂ ਯਾਦਾਂ ਕਰਕੇ ਹੀ ਸੰਪੂਰਨ ਨਹੀ ਹੋ ਜਾਂਦੀ ਬਲਕਿ ਉਸਦੀ ਯਾਦ ਵਿੱਚ ਆਪਣੇ ਗਵਾਚੇ ਹੋਏ ਹੋਮਲੈਂਡ ਦੀ ਕਸਕ ਅਤੇ ਉਸ ਇਤਿਹਾਸਕ ਧਰਤੀ ਨਾਲ ਲਗਾਅ ਵੀ ਕੌਮੀ ਭਾਵਨਾ ਨੂੰ ਮਜਬੂਤ ਕਰਨ ਦਾ ਵੱਡਾ ਕਾਰਨ ਹੈ। ਇਹ ਸਾਂਝੀਆਂ ਯਾਦਾਂ ਅਤੇ ਸਾਂਝੇ ਦਰਦ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਦੇ ਨਾਅ ਇੱਕ ਅਜਿਹੀ ਬੰਨ੍ਹਵੀ ਵਿਰਾਸਤ ਕਰ ਦੇਂਦੀਆਂ ਹਨ ਜੋ ਉਨ੍ਹਾਂ ਨੂੰ ਔਕੜਾਂ ਵਿੱਚ ਰਾਹ ਦਿਖਾਉਂਦੀ ਰਹਿੰਦੀ ਹੈ।

ਸਮਿੱਥ ਆਖਦਾ ਹੈ ਕਿ ਆਪਣੇ ਪੁਰਖਿਆਂ ਦੀ ਪਵਿੱਤਰ ਧਰਤੀ ਨਾਲ ਗਹਿਰਾ ਲਗਾਅ ਕੌਮ ਨੂੰ ਉਹ ਧਰਤੀ ਮੁੜ ਹਾਸਲ ਕਰ ਲੈਣ ਦੀ ਰੀਝ ਨਾਲ ਓਤਪੋਤ ਕਰ ਦੇਂਦਾ ਹੈ ਜਿੱਥੇ ਕੌਮ ਦੇ ਵੱਡੇ ਵਡੇਰਿਆਂ ਨੇ ਸੁਨਹਿਰਾ ਇਤਿਹਾਸ ਸਿਰਜਿਆ ਹੁੰਦਾ ਹੈ। ਆਪਣੇ ਹੋਮਲੈਂਡ ਨੂੰ ਰੱਬ ਵੱਲੋਂ ਬਖਸ਼ੀ ਦਾਤ ਸਮਝ ਕੇ ਵਿਚਰਨ ਵਾਲੀ ਕੌਮ ਦੇ ਮਨ ਵਿੱਚ ਇਹ ਅਹਿਸਾਸ ਮਜਬੂਤ ਹੋ ਜਾਂਦਾ ਹੈ ਕਿ ਇਹ ਨਿਆਰੀ ਧਰਤੀ ਪ੍ਰਮਾਤਮਾ ਨੇ ਆਪਣੇ ਖਾਸ ਚੁਣੇ ਹੋਏ ਲੋਕਾਂ ਲਈ ਬਖਸ਼ੀ ਹੈ। ਰੁਹਾਨੀ ਧਰਤੀ ਅਤੇ ਪਵਿੱਤਰ ਮਿੱਟੀ ਹੀ ਪ੍ਰਮਾਤਮਾ ਵੱਲੋਂ ਸਾਜੇ ਵਿਸ਼ੇਸ਼ ਲੋਕਾਂ ਦੇ ਅਨੁਕੂਲ ਹੋ ਸਕਦੀ ਹੈ। ਪ੍ਰਮਾਤਮਾ ਦੀ ਵਿਸ਼ੇਸ਼ ਔਲਾਦ ਉਸ ਧਰਤੀ ਤੇ ਹੀ ਵਸ ਸਕਦੀ ਹੈ ਜਿੱਥੇ ਉਨ੍ਹਾਂ ਦੇ ਮਾਤਾ ਪਿਤਾ ਵਸਦੇ ਰਹੇ ਸਨ, ਜਿੱਥੇ ਉਨ੍ਹਾਂ ਦੇ ਬਹਾਦਰ ਸੂਰਮੇ ਸੰਘਰਸ਼ ਕਰਦੇ ਰਹੇ ਸਨ, ਜਿੱਥੇ ਉਨ੍ਹਾਂ ਦੇ ਸੰਤ ਅਰਦਾਸਾਂ ਕਰਦੇ ਰਹੇ ਸਨ। ਉਹ ਮੈਦਾਨ, ਉਹ ਪਰਬਤ ਅਤੇ ਉਹ ਖੇਤ ਜਿੱਥੇ ਸਾਡੇ ਪੁਰਖਿਆਂ ਦਾ ਲਹੂ ਡੁੱਲ੍ਹਿਆ ਹੈ ਉਸ ਪਵਿਤਰ ਧਰਤ ਤੇ ਵਸਣਾ ਵਿਸ਼ੇਸ਼ ਲੋਕਾਂ ਦਾ ਅਧਿਕਾਰ ਬਣ ਜਾਂਦਾ ਹੈ। (Anthony Smith- Myths and Memories of The Nations)

ਜਦੋਂ ਇੱਕ ਇਤਿਹਾਸਕ ਨਿਸ਼ੇਧ ਗਤੀ ਨਾਲ ਸਿੱਖ ਕੌਮ ਦਾ ਅਣਚਾਹਿਆ ਰਿਸ਼ਤਾ ਬਣ ਗਿਆ ਹੋਵੇ ਅਤੇ ਕੌਮ ਨੂੰ ਜਬਰਦਸਤੀ ਅਜਿਹੀ ਨਿਸ਼ੇਧ ਗਤੀ ਨਾਲ ਰਹਿਣ ਲਈ ਮਜਬੂਰ ਹੋਣਾ ਪਵੇ ਉਸ ਹਾਲਤ ਵਿੱਚ ਜਨ ਐਸਮਾਨ ਅਨੁਸਾਰ ਕੌਮ ਨੂੰ ਆਪਣੀ ਸੰਚਾਰਤ-ਯਾਦ (Communactive Memory) ਦੇ ਸਿਸਟਮ ਨੂੰ ਮਜਬੂਤ ਕਰਨਾ ਚਾਹੀਦਾ ਹੈ। ਐਸਮਾਨ ਕਹਿੰਦਾ ਹੈ ਕਿ ਸੰਚਾਰਤ-ਯਾਦ ਨਿੱਜੀ ਯਾਦ ਦਾ ਹੀ ਸਮਾਜਕ ਰੂਪ ਹੈ ਜਿਸ ਵਿੱਚ ਇੱਕ ਕੌਮੀ ਸਮੂਹ ਜਿੱਥੇ ਆਪਣੀ ਸਕਾਰਾਤਮਕ ਇਤਿਹਾਸਕ ਯਾਦ ਨੂੰ ਆਪਣੀ ਸਿਮਰਤੀ ਵਿੱਚ ਰੱਖਦਾ ਹੈ ਉੱਥੇ ਹੀ ਇਤਿਹਾਸਕ ਵਖਰੇਵੇਂ ਨੂੰ ਵਿਸਾਰਦਾ ਨਹੀ ਹੈ। ਐਸਮਾਨ ਅਨੁਸਾਰ ਸੰਚਾਰਤ ਯਾਦ ਦੇ ਕੁਝ ਤੱਤ ਹਨ- ਪਿਆਰ,ਬਦਿਲਚਸਪੀ, ਹਮਦਰਦੀ, ਲਗਾਅ ਦੀ ਭਾਵਨਾ, ਜੁੜਨ ਦਾ ਅਹਿਸਾਸ ਅਤੇ ਨਾਲ ਹੀ ਨਫਰਤ, ਵਖਰੇਵਾਂ, ਬੇਭਰੋਸਗੀ ਅਤੇ ਪੀੜ। ਇਹ ਤੱਤ ਸਾਡੀ ਸਮਾਜਕ ਯਾਦ ਨੂੰ ਮਜਬੂਤ ਕਰਦੇ ਹਨ ਅਤੇ ਸਾਨੂੰ ਆਪਣੇ ਬਾਰੇ ਸੋਚਣ-ਸਮਝਣ ਦਾ ਮੌਕਾ ਦੇਂਦੇ ਹਨ।

ਇਸ ਸੰਦਰਭ ਵਿੱਚ ਸਾਨੂੰ ਵਾਕਰ ਕੋਨਰ ਦਾ ਕਥਨ ਵੀ ਯਾਦ ਰੱਖਣ ਦੀ ਲੋੜ ਹੈ ਕਿ ਸਭ ਤੋਂ ਪਹਿਲਾਂ ਇਹ ਜਾਣੋ ਕਿ ਅਸੀਂ ਕੀ ਨਹੀ ਹਾਂ। ਸਮੇਂ ਦੇ ਹਾਕਮ ਜੋ ਸਾਨੂੰ ਬਣਾਉਣਾਂ ਜਾਂ ਪੇਸ਼ ਕਰਨਾ ਚਾਹੁੰਦੇ ਹਨ ਉਹ ਅਸੀਂ ਨਹੀ ਹਾਂ। ਅਤੇ ਦੂਜਾ ਕਿ ਆਪਣੇ ਕੌਮੀ ਸਰੂਪ ਨੂੰ ਆਪ ਪਰਿਭਾਸ਼ਤ ਕਰੋ। ਇਹ ਹੱਕ ਕਿਸੇ ਨੂੰ ਨਾ ਦਿਓ।

ਸਮਿੱਥ ਵੀ ਆਖਦਾ ਹੈ ਕਿ ਜੇ ਵੱਖਰੇ ਹੋਣਾਂ ਹੈ ਤਾਂ ਵੱਖਰੇ ਬਣ ਕੇ ਦਿਖਾਓ। ਪੈਰ ਪੈਰ ਤੇ ਆਪਣੇ ਕਿਰਦਾਰ, ਵਿਚਾਰ ਅਤੇ ਅਚਾਰ ਦੇ ਵਖਰੇਵੇਂ ਨੂੰ ਉਜਾਗਰ ਕਰੋ। ਆਪਣੇ ਗਵਾਂਢੀਆਂ ਨਾਲੋਂ ਆਪਣੇ ਨਿਆਰੇਪਣ ਨੂੰ ਹਮੇਸ਼ਾ ਯਾਦ ਰੱਖੋ ਅਤੇ ਉਸਦਾ ਚੇਤੰਨ ਪ੍ਰਗਟਾਵਾ ਕਰੋ। ਇਸ ਸਥਿਤੀ ਵਿੱਚ ਹੀ ਵਿਚਾਰਧਾਰਕ ਹਮਲੇ ਦੀਆਂ ਖਤਰਨਾਕ ਮਾਰ ਹੇਠ ਆਈਆਂ ਕੌਮਾਂ ਆਪਣੀ ਇਤਿਹਾਸਕ, ਨਿਆਰੀ ਯਾਦ ਦੇ ਬੰਨ੍ਹ ਮਾਰ ਸਕਣਗੀਆਂ ਤੇ ਖੂੰਖਾਰੂ ਸਮੁੰਦਰਾਂ ਦੇ ਦਰਮਿਆਨ ਖਿੜ ਰਹੀ ਆਪਣੀ ਪਹਿਚਾਣ ਦੇ ਟਾਪੂ ਨੂੰ ਬਚਾ ਸਕਣਗੀਆਂ।

## ਧਮਕੀ ਦੇਣ ਦੇ ਮਾਮਲੇ ਵਿਚ ਕਮਿਸ਼ਨ ਨੇ ਹਰਸਿਮਰਤ ਬਾਦਲ ਨੂੰ ਦਿੱਤਾ ਨੋਟਿਸ

ਦੀਆਂ ਸਿਫਾਰਿਸ਼ਾਂ ਦੀ ਘੋਖ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖੇਤਰ ਮਲੋਟ ਵਿੱਚ ਬਾਦਲਾਂ ਦੇ ਖਾਸ ਡੀਐਸਪੀ ਨੂੰ ਤਾਇਨਾਤ ਕਰਾਉਣ ਦੀਆਂ ਕੋਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ ਹਨ। ਇਹ ਪੁਲੀਸ ਅਫ਼ਸਰ ਇਨ੍ਹੀਂ ਦਿਨੀਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਵਿਚ ਤਾਇਨਾਤ ਹੈ। ਕਮਿਸ਼ਨ ਵੱਲੋਂ ਹਲਕਾ ਇੰਚਾਰਜਾਂ ਦੇ ਦਖ਼ਲ ਕਾਰਨ ਐਸਐਚਓ ਅਤੇ ਡੀਐਸਪੀ ਪੱਧਰ ਦੇ ਅਫ਼ਸਰਾਂ ਦੀ ਕਾਰਗੁਜ਼ਾਰੀ ’ਤੇ ਨਿਗ੍ਹਾ ਰੱਖੀ ਜਾ ਰਹੀ ਹੈ। ਕਾਂਗਰਸ ਵੱਲੋਂ ਵੀ ਲੜਾਈ ਤਿੱਖੀ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਦੀ ਸ਼ਿਕਾਇਤ ਕਰਕੇ ਉਨ੍ਹਾਂ ਉਤੇ ਹਾਕਮ ਪਾਰਟੀ ਦੀ ਹਮਾਇਤ ਕਰਨ ਅਤੇ ਬਾਦਲਾਂ ਨਾਲ ਰਲ਼ੇ ਹੋਣ ਦੇ ਦੋਸ਼ ਲਾਏ ਹਨ।

ਗ਼ੌਰਤਲਬ ਹੈ ਕਿ ਚੋਣ ਕਮਿਸ਼ਨ ਨੇ ਕੁਝ ਦਿਨ ਪਹਿਲਾਂ ਹੀ ਹਦਾਇਤ ਦਿੱਤੀ ਸੀ ਕਿ ਬਾਦਲ ਸਰਕਾਰ ਵੱਲੋਂ ਚੋਣ ਜ਼ਾਬਤਾ ਲੱਗਣ ਤੋਂ ਐਨ ਪਹਿਲਾਂ ਜਿਹੜੇ ਸਿਆਸੀ ਵਿਅਕਤੀਆਂ ਨੂੰ ਬੋਰਡਾਂ ਅਤੇ ਨਿਗਮਾਂ ਵਿੱਚ ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ ਦੇ ਕੰਮ ’ਤੇ ਰੋਕ ਲਗਾ ਦਿੱਤੀ ਜਾਵੇ।

## ਚੋਣ ਕਮਿਸ਼ਨ ਨੇ ਸੁਖਬੀਰ ਬਾਦਲ ਦੇ ਸੁਖਵਿਲਾਸ ਸੜਕ ਬਾਰੇ ਰਿਪੋਰਟ ਮੰਗੀ

ਸਕੱਤਰ ਨੂੰ ਪੱਤਰ ਲਿਖ ਕੇ ਇਸ ਬਾਰੇ ਰਿਪੋਰਟ ਮੰਗ ਲਈ ਹੈ। ਮੁੱਖ ਚੋਣ ਅਧਿਕਾਰੀ ਵੀ ਕੇ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਹ ਰਿਪੋਰਟ ਦਾ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਕਿਹਾ, ‘ਇਕ ਵਾਰ ਰਿਪੋਰਟ ਸਾਡੇ ਕੋਲ ਆ ਜਾਵੇ। ਇਸ ਬਾਅਦ ਅਸੀਂ ਸ਼ਿਕਾਇਤ ਅਤੇ ਰਿਪੋਰਟ ਦਾ ਅਧਿਐਨ ਕਰਾਂਗੇ। ਇਸ ਬਾਅਦ ਕੋਈ ਫ਼ੈਸਲਾ ਲਿਆ ਜਾਵੇਗਾ।’ ਚੋਣ ਕਮਿਸ਼ਨ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਆਰਟੀਆਈ ਸੈੱਲ ਦੇ ਕੋ-ਕਨਵੀਨਰ ਦਿਨੇਸ਼ ਚੱਢਾ ਦੀ ਸ਼ਿਕਾਇਤ ’ਤੇ ਇਹ ਕਾਰਵਾਈ ਕੀਤੀ ਹੈ।

## ਦਲ ਬਦਲੂਆਂ ਦੇ ਇਖਲਾਕੀ ਨਿਘਾਰ ਦਾ ਸਿਖਰ

ਜਿਨ੍ਹਾਂ ਨਿੱਜ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਾਈ। ਅੱਜ ਉਸੇ ਆਜ਼ਾਦੀ ਦੇ ਵਾਰਸ ਸਿਆਸੀ ਨੇਤਾ ਇਸ ਕਦਰ ਕਬੀਲਾ ਪ੍ਰਸਤ ਹੋ ਗਏ ਹਨ ਕਿ ਆਪਣੇ ਤੋਂ ਅੱਗੇ ਦੇਖਣ ਦੀ ਸ਼ਕਤੀ ਹੀ ਗਵਾ ਚੁੱਕੇ ਹਨ। ਉਹ ਲੋਕਾਂ ਦੇ ਸੇਵਕ ਬਣ ਕੇ ਕੰਮ ਕਰਨ ਦੀ ਬਜਾਏ ਰਾਜੇ-ਮਹਾਰਾਜੇ ਅਤੇ ਤਾਨਾਸ਼ਾਹ ਬਣ ਗਏ ਹਨ ਜੋ ਆਪਣੀ ਸਿਆਸੀ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਤਾਂਹੀਓਂ ਉਹ ਲੋਕਾਂ ਨੂੰ ਧਰਮਾਂ, ਜਾਤਾਂ ਅਤੇ ਇਲਾਕਿਆਂ ਵਿਚ ਵੰਡ ਕੇ ਆਪਣੀ ਵੋਟ ਬੈਂਕ ਦੇ ਰੂਪ ਵਿਚ ਹੀ ਦੇਖਦੇ ਹਨ। ਸਮਾਜ ਵਿਚ ਚਾਰੇ ਪਾਸੇ ਫੈਲੀਆਂ ਬੁਰਾਈਆਂ ਇਸੇ ਸੋਚ ਅਤੇ ਪ੍ਰਬੰਧ ਦੀ ਦੇਣ ਹਨ।

ਅਜਿਹਾ ਵੀ ਨਹੀਂ ਕਿ ਅੱਜ ਇਮਾਨਦਾਰ ਨੇਤਾਵਾਂ ਦੀ ਕਮੀ ਹੈ ਬਲਕਿ ਅੱਜ ਵੀ ਹਰ ਪਾਰਟੀ ਵਿਚ ਅਜਿਹੇ ਹਜ਼ਾਰਾਂ ਵਰਕਰ ਅਤੇ ਨੇਤਾ ਹਨ ਜਿਨਾਂ ਨੇ ਲੋਕ ਹਿਤਾਂ ਨੂੰ ਮੂਹਰੇ ਰੱਖ ਕੇ ਤੇ ਖੁਦਪ੍ਰਸਤੀ ਤੋਂ ਉਪਰ ਉਠ ਕੇ ਕੰਮ ਕੀਤਾ ਹੈ ਅਤੇ ਅੱਜ ਵੀ ਕਰ ਰਹੇ ਹਨ। ਪਰ ਅੱਜ ਲੋਕੀ ਅਜਿਹੇ ਨੇਤਾਵਾਂ ਅਤੇ ਅਜਿਹੀਆਂ ਪਾਰਟੀਆ ਨੂੰ ਪਹਿਚਾਨਣ ਦੀ ਬਜਾਏ ਤਮਾਸ਼ੇਬਾਜ਼ ਅਤੇ ਸਿਆਸੀ ਸਟੰਟਬਾਜ਼ਾਂ ਤੋਂ ਵੱਧ ਪ੍ਰਭਾਵਤ ਹਨ। ਲੋਕਾਂ ਨੇ ਵੋਟਾਂ ਤੋਂ ਕਿਸੇ ਸਥਾਈ ਬਦਲ ਦੀ ਆਸ ਕਦੋਂ ਦੀ ਲਾਹ ਦਿੱਤੀ ਹੈ, ਹੁਣ ਉਹ ਵੋਟਾਂ ਨੂੰ ਮਨੋਰੰਜਨ ਵਜੋਂ ਹੀ ਦੇਖਦੇ ਲਗਦੇ ਹਨ।

ਲੋਕਤੰਤਰ ਦੀ ਅਸਲੀ ਸ਼ਕਤੀ ਵੋਟ ਦੀ ਸਹੀ ਵਰਤੋਂ ਵਿਚ ਹੀ ਲੁਕੀ ਹੈ। ਜਦੋਂ ਲੋਕੀ ਜਾਤਾਂ-ਪਾਤਾਂ, ਧਰਮਾਂ, ਇਲਾਕਿਆਂ ਅਤੇ ਹੋਰ ਹਰ ਤਰਾਂ ਦੀਆਂ ਵੰਡਾਂ ਤੋਂ ਬਾਹਰ ਆ ਕੇ ਆਪਣੀ ਆਜ਼ਾਦ ਸੋਚ ਨਾਲ ਆਪਣੇ ਹੱਕਾਂ ਬਾਰੇ ਜਾਗਰੂਕ ਹੋਣਗੇ ਤਾਂ ਹੀ ਉਹ ਉਨਾਂ ਦੇ ਹੱਕ ਵਿਚ ਭੁਗਤਣ ਵਾਲੇ ਨੇਤਾਵਾਂ ਨੂੰ ਚੁਣ ਸਕਣਗੇ।

## ਪੰਥਕ ਫਰੰਟ ਵਿਚ ਸ਼ਾਮਲ ਪਾਰਟੀਆਂ ਨੇ ਆਪੋ-ਆਪਣੇ ਰਾਹ ਚੁਣੇ

ਉਮੀਦਵਾਰਾਂ ਦੀ ਮਦਦ ਜ਼ਰੂਰ ਕਰੇਗਾ। ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਦਾ ਭਾਣਜਾ ਚਰਨਜੀਤ ਸਿੰਘ ਆਜ਼ਾਦ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਤੋਂ ਦਲ ਦੇ ਚੋਣ ਨਿਸ਼ਾਨ ’ਤੇ ਚੋਣ ਲੜ ਰਿਹਾ ਹੈ। ਦਲਿਤ ਕ੍ਰਾਂਤੀ ਦਲ ਵੀ ਸਿਮਰਨਜੀਤ ਸਿੰਘ ਮਾਨ ਨਾਲ ਜੁੜ ਚੁੱਕਿਆ ਹੈ। ਯੂਨਾਈਟਿਡ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਨਾਲ ਰਲ ਕੇ ਚੋਣ ਲੜਨ ਨੂੰ ਪਹਿਲ ਦਿੱਤੀ ਜਾ ਰਹੀ ਸੀ, ਪਰ ਗੱਲ ਸਿਰੇ ਨਹੀਂ ਲੱਗ ਸਕੀ। ਇਸੇ ਦੌਰਾਨ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਉਨ੍ਹਾਂ ਦੇ ਚੋਣ ਲੜਨ ਨਾਲ ਅਕਾਲੀ ਦਲ (ਬਾਦਲ) ਨੂੰ ਲਾਭ ਮਿਲੇਗਾ ਤੇ ਉਹ ਅਜਿਹਾ ਨਹੀਂ ਚਾਹੁੰਦੇ। ਉਹ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਚੋਣ ਲੜ ਰਹੇ ਉਮੀਦਵਾਰ ਦੀ ਹਮਾਇਤ ਕਰਨਗੇ। ਭਾਈ ਮੋਹਕਮ ਸਿੰਘ ਦਾ ਕਹਿਣਾ ਹੈ ਕਿ ਉਹ ਹਾਲੇ ਕੁਝ ਵੀ ਕਹਿਣ ਦੇ ਹੱਕ ਵਿਚ ਨਹੀਂ ਹਨ ਅਤੇ ਪਾਰਟੀ ਦੀ ਨੀਤੀ ਦਾ ਖਾਲਸਾ ਛੇਤੀ ਹੀ ਕੀਤਾ ਜਾਵੇਗਾ।

## “ਮੈਂ ਤਾਂ ਪੈਦਾਇਸ਼ੀ ਕਾਂਗਰਸੀ ਹਾਂ”

‘ਚ ਡਾ. ਨਵਜੋਤ ਕੌਰ ਸਿੱਧੂ ਅਤੇ ਪਰਗਟ ਸਿੰਘ ਕਾਂਗਰਸ ‘ਚ ਸ਼ਾਮਲ ਹੋ ਗਏ ਸਨ। ਸ੍ਰੀਮਤੀ ਸਿੱਧੂ ਨੇ ਐਲਾਨ ਕੀਤਾ ਸੀ ਕਿ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਹੀ ਚੋਣ ਲੜਨਗੇ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੱਧੂ ਦੇ ਕਾਂਗਰਸ ਵਿਚ ਆਉਣ ਵਾਲੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਦੇ ਆਉਣ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ। ਦੋਵੇਂ ਆਗੂ 19 ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਇਕੱਠੇ ਮੱਥਾ ਟੇਕਣ ਜਾਣਗੇ। ਉਸ ਦਿਨ ਤੋਂ ਹੀ ਕਾਂਗਰਸ ਦੀ ਚੋਣ ਮੁਹਿੰਮ ਦਾ ਆਗ਼ਾਜ਼ ਹੋਵੇਗਾ। ਕੈਪਟਨ ਅਮਰਿੰਦਰ ਨੇ ਕਿਹਾ ਕਿ ਅਜੇ ਤਕ ਬਕਾਇਆ ਸੀਟਾਂ ਦਾ ਫੈਸਲਾ ਨਹੀਂ ਹੋਇਆ ਹੈ ਤੇ ਜਿਹੜੇ ਚਾਰ ਹਲਕਿਆਂ ਬਾਰੇ ਸੋਸ਼ਲ ਮੀਡੀਆ ’ਤੇ ਚਰਚਾ ਚੱਲ ਰਹੀ ਹੈ। ਉਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਜਾਣਕਾਰੀ ਅਨੁਸਾਰ ਪਰਗਟ ਸਿੰਘ ਨੇ ਜਲੰਧਰ ਛਾਉਣੀ ਤੋਂ ਟਿਕਟ ਮਿਲਣ ਦੀਆਂ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਫੈਸਲੇ ਨੂੰ ਸਿੱਧੂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਨੇ ਕਿਹਾ ਕਿ ਉਹ ਚਮਕੌਰ ਸਾਹਿਬ ਤੋਂ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਕਾਗਜ਼ ਦਾਖ਼ਲ ਕਰਾਉਣ ਜਾਣਗੇ। ਰੋਪੜ ਤੋਂ ਬਰਿੰਦਰ ਸਿੰਘ ਢਿੱਲੋਂ ਨੂੰ ਟਿਕਟ ਦੇ ਰੋਸ ਵਿੱਚ ਸ੍ਰੀ ਚੰਨੀ ਵੱਲੋਂ ਆਜ਼ਾਦ ਚੋਣ ਲੜਨ ਬਾਰੇ ਦਿੱਤੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਉਹ ਇਸ ਬਿਆਨ ਨਾਲ ਸਹਿਮਤ ਨਹੀਂ ਹਨ ਅਤੇ ਸ੍ਰੀ ਚੰਨੀ ਨੂੰ ਵੀ ਇਸ ਤਰ੍ਹਾਂ ਦਾ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਸ੍ਰੀ ਚੰਨੀ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ ਤੇ ਉਨ੍ਹਾਂ ਨੂੰ ਪਾਰਟੀ ਵੱਲੋਂ ਲਏ ਗਏ ਫੈਸਲਿਆਂ ਦੀ ਕਦਰ ਕਰਨੀ ਚਾਹੀਦੀ ਹੈ। ਸੂਤਰਾਂ ਅਨੁਸਾਰ ਰੋਪੜ ਹਲਕੇ ਬਾਰੇ ਵੀ ਕਾਂਗਰਸ ਦੁਚਿੱਤੀ ਵਿੱਚ ਹੈ।

## ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀ ਪੰਥਕ ਕਨਵੈਨਸ਼ਨ ’ਚ ਗੁਰਦੁਆਰਾ ਚੋਣਾਂ ਬਾਰੇ ਵਿਚਾਰਾਂ

ਚੋਣਾਂ ਹੋ ਜਾਣਗੀਆਂ ਪਰ ਬਾਦਲ ਦਲ ਵੱਲੋਂ ਅਦਾਲਤ ’ਚ ਮੁਕਦਮੇ ਪਾ ਕੇ ਚੋਣਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਲਮਕਾਉਣ ਵਾਸਤੇ ਹਰ ਹੱਥਕੰਡਾ ਵਰਤਿਆ ਜਾ ਰਿਹੈ ਹੈ। ਸਰਨਾ ਨੇ ਦਾਅਵਾ ਕੀਤਾ ਕਿ ਬਾਦਲ ਦਲ ਦੇ ਇਹ ਹੱਥਕੰਡੇ ਸਫਲ ਨਹੀਂ ਹੋਣਗੇ ਅਤੇ ਗੁਰਦੁਆਰਾ ਚੋਣਾਂ ਨਿਸ਼ਚਤ ਰੂਪ ’ਚ ਫਰਵਰੀ ਮਹੀਨੇ ’ਚ ਹੋ ਜਾਣਗੀਆਂ। ਦਲ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਵੱਲੋਂ ਇਸ ਕਨਵੈਨਸ਼ਨ ਨੂੰ ਸਫਲ ਬਣਾਉਣ ’ਚ ਯੋਗਦਾਨ ਪਾਉਣ ਵਾਲੇ ਸਮੂਹ ਪਾਰਟੀ ਵਰਕਰਾਂ ਤੇ ਆਗੂਆਂ ਦਾ ਧੰਨਵਾਦ ਕੀਤਾ ਗਿਆ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਦਿੱਲੀ ਕਮੇਟੀ ਪ੍ਰਬੰਧ ਦੀ ਜ਼ਿੰਮੇਵਾਰੀ ਮਿਲਣ ਉਪਰੰਤ ਸਾਲ 2019 ’ਚ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਪੁਰਬ ਮੌਕੇ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ।

## ਜਦੋਂ ਬਰਨਾਲਾ ਪ੍ਰਧਾਨ ਮੰਤਰੀ ਬਣਨੋਂ ਰਹਿ ਗਏ...

ਰਾਜਨੀਤੀ ਦੇ ਖੇਤਰ ਵਿੱਚ ਪਹਿਲਾ ਕਦਮ 1952 ਦੀਆਂ ਚੋਣਾਂ ਦੌਰਾਨ ਧਰਿਆ ਪਰ ਉਹ ਮਹਿਜ਼ 4 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਸਿਆਸਤ ਵਿੱਚ ਉਨ੍ਹਾਂ ਨੂੰ ਪਹਿਲੀ ਜ਼ਿੰਮੇਵਾਰੀ 1969 ਵਿਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿੱਚ ਮਿਲੀ ਜਦੋਂ ਉਹ ਰਾਜ ਦੇ ਸਿੱਖਿਆ ਮੰਤਰੀ ਬਣੇ। ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਵਿੱਚ ਵੀ ਉਨ੍ਹਾਂ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਐਮਰਜੈਂਸੀ ਵੇਲੇ ਸ੍ਰੀ ਬਰਨਾਲਾ ਮੱਧ ਪ੍ਰਦੇਸ਼ ਦੀ ਜੇਲ੍ਹ ਵਿੱਚ ਬੰਦ ਰਹੇ। ਉਸ ਤੋਂ ਬਾਅਦ ਜਦੋਂ ਮੋਰਾਰਜੀ ਦੇਸਾਈ ਦੀ ਅਗਵਾਈ ਹੇਠ ਕੇਂਦਰ ਵਿਚ ਸਰਕਾਰ ਬਣੀ ਤਾਂ ਸ੍ਰੀ ਬਰਨਾਲਾ ਖੇਤੀਬਾੜੀ, ਸਿੰਜਾਈ, ਖੁਰਾਕ ਤੇ ਖ਼ਪਤਕਾਰ ਮਾਮਲਿਆਂ ਦੇ ਮੰਤਰੀ ਬਣੇ ਅਤੇ ਉਨ੍ਹਾਂ 1978 ਵਿੱਚ ਬੰਗਲਾਦੇਸ਼ ਨਾਲ ਇਤਿਹਾਸਕ ਫਰਾਕਾ ਸਮਝੌਤੇ ’ਤੇ ਵੀ ਦਸਤਖਤ ਕੀਤੇ ਸਨ। ਸਾਲ 1979 ਵਿੱਚ ਜਦੋਂ ਦੇਸਾਈ ਸਰਕਾਰ ਅਸਥਿਰ ਹੋ ਗਈ ਸੀ ਤਾਂ ਸ੍ਰੀ ਬਰਨਾਲਾ ਦਾ ਨਾਮ ਕੌਮੀ ਸਰਕਾਰ ਦੇ ਮੁਖੀ ਵਜੋਂ ਉਭਰ ਕੇ ਸਾਹਮਣੇ ਆਇਆ ਸੀ। ਉਹ ਪ੍ਰਧਾਨ ਮੰਤਰੀ ਦੀ ਕੁਰਸੀ ਤਕ ਪਹੁੰਚਦੇ ਪਹੁੰਚਦੇ ਕਈ ਵਾਰੀ ਰਹਿ ਗਏ। ਉਹ 29 ਸਤੰਬਰ 1985 ਤੋਂ 11 ਮਈ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਅਤਿਵਾਦ ਦੇ ਦੌਰ ਸਮੇਂ ਉਨ੍ਹਾਂ ਦੀ ਭੂਮਿਕਾ ਅਤਿਵਾਦ ਵਿਰੋਧੀ ਰਹੀ। ਇਸੇ ਕਰ ਕੇ ਉਹ ਅਤਿਵਾਦੀਆਂ ਦੇ ਨਿਸ਼ਾਨੇ ’ਤੇ ਸਨ। ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਰਮਿਆਨ ਹੋਏ ‘ਪੰਜਾਬ ਸਮਝੌਤੇ’ ਵਿੱਚ ਵੀ ਸ੍ਰੀ ਬਰਨਾਲਾ ਨੇ ਅਹਿਮ ਭੂਮਿਕਾ ਨਿਭਾਈ ਸੀ। ਸਾਲ 1992 ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੇ ਅਤਿਵਾਦੀਆਂ ਦੀਆਂ ਧਮਕੀਆਂ ਤੋਂ ਡਰਦਿਆਂ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ ਪਰ ਸ੍ਰੀ ਬਰਨਾਲਾ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਧਮਕੀਆਂ ਤੋਂ ਨਾ ਡਰਦਿਆਂ ਜਮਹੂਰੀ ਪ੍ਰਣਾਲੀ ਵਿਚ ਹਿੱਸਾ ਲਿਆ ਸੀ। ਭਾਜਪਾ ਦੀ ਅਗਵਾਈ ਹੇਠ 1998 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਬਣੀ ਤਾਂ ਉਹ ਅਕਾਲੀ ਦਲ ਦੇ ਨੁਮਾਇੰਦੇ ਵਜੋਂ ਸਰਕਾਰ ਵਿੱਚ ਕੇਂਦਰੀ ਮੰਤਰੀ ਬਣੇ। ਸਾਲ 1999 ਵਿੱਚ ਉਨ੍ਹਾਂ ਨੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੋਂ ਅਜਿਹੀ ਸ਼ਿਕਸਤ ਖਾਧੀ ਕਿ ਮੁੜ ਸਰਗਰਮ ਰਾਜਨੀਤੀ ਦਾ ਹਿੱਸਾ ਨਾ ਬਣ ਸਕੇ। ਸ੍ਰੀ ਬਰਨਾਲਾ ਨੂੰ ਅਟਲ ਸਰਕਾਰ ਨੇ ਰਾਜਪਾਲ ਨਿਯੁਕਤ ਕੀਤਾ ਅਤੇ ਉਹ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਵਿੱਚ ਵੀ ਗਵਰਨਰ ਬਣੇ ਰਹੇ। ਉਨ੍ਹਾਂ ਦਾ ਪੁੱਤਰ ਗਗਨਜੀਤ ਸਿੰਘ ਧੂਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਿਹਾ। ਪੋਤਰੇ ਸਿਮਰਜੀਤ ਸਿੰਘ ਨੇ ਕਾਂਗਰਸ ਦੀ ਟਿਕਟ ’ਤੇ ਧੂਰੀ ਦੀ ਉਪ ਚੋਣ ਲੜੀ ਸੀ ਪਰ ਕਾਮਯਾਬੀ ਨਹੀਂ ਮਿਲੀ।

## ਥਲ ਸੈਨਾ ਮੁਖੀ ਨੇ ਜਵਾਨਾਂ ਨੂੰ ਆਪਣੀਆਂ ਮੁਸ਼ਕਲਾਂ ਵਾਸਤੇ ਸਿੱਧਾ ਸੰਪਰਕ ਕਰਨ ਲਈ ਕਿਹਾ

ਹਥਿਆਰ ਦੱਸਿਆ ਜਿਸ ਦੀ ਵਰਤੋਂ ਆਪਣੇ ਹਿਸਾਬ ਨਾਲ ਕੀਤੀ ਜਾ ਸਕਦੀ ਹੈ ਪਰ ਇਹ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਸਾਲਾਨਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, “ਮੈਂ ਹੁਕਮ ਜਾਰੀ ਕੀਤੇ ਹਨ ਕਿ ਹਰੇਕ ਸੈਨਾ ਹੈੱਡਕੁਆਰਟਰ ਵਿਚ ਵੱਖ ਵੱਖ ਥਾਵਾਂ ’ਤੇ ਅਸੀਂ ਫ਼ੌਜ ਮੁਖੀ ਨੂੰ ਭੇਜੇ ਜਾਣ ਲਈ ਸੁਝਾਅ ਜਾਂ ਸ਼ਿਕਾਇਤਾਂ ਦੇ ਬਕਸੇ ਰੱਖੇ ਜਾਣ।” ਜਨਰਲ ਰਾਵਤ ਨੇ ਕਿਹਾ ਕਿ ਪੱਤਰਾਂ ਵਿਚ ਜਵਾਨ ਆਪਣਾ ਨਾਮ ਲਿਖ ਸਕਦੇ ਹਨ ਅਤੇ ਕਾਰਵਾਈ ਸਮੇਂ ਉਨ੍ਹਾਂ ਦੇ ਨਾਮ ਦਾ ਕੋਈ ਜ਼ਿਕਰ ਨਹੀਂ ਹੋਏਗਾ। ਉਧਰ ਥਲ ਸੈਨਾ ਵਿਚ ਮਹਿਲਾਵਾਂ ਨੂੰ ਲੜਾਕੂ ਸੈਨਿਕ ਵਜੋਂ ਭੂਮਿਕਾ ਦੇਣ ਵਿਚ ਜੰਗ ਦੇ ਮੈਦਾਨ ਵਿਚ ਸਖ਼ਤ ਹਾਲਾਤ ਨੂੰ ਵੱਡਾ ਸੰਕਟ ਦਸਦਿਆਂ ਜਨਰਲ ਰਾਵਤ ਨੇ ਕਿਹਾ ਕਿ ਇਹ ਫ਼ੈਸਲਾ ਮਹਿਲਾਵਾਂ ਨੇ ਹੀ ਕਰਨਾ ਹੈ ਕਿ ਉਹ ਮੁਸ਼ਕਲ ਇਲਾਕਿਆਂ ਵਿਚ ਕੰਮ ਕਰਨ ਨੂੰ ਤਿਆਰ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇੰਜਨੀਅਰਿੰਗ ਅਤੇ ਸਿਗਨਲ ਕੋਰ ਵਿਚ ਮਹਿਲਾਵਾਂ ਤਾਇਨਾਤ ਹਨ ਪਰ ਉਨ੍ਹਾਂ ਦੀ ਤਾਇਨਾਤੀ ਅਗਾਊਂ ਮੋਰਚਿਆਂ ’ਤੇ ਨਹੀਂ ਹੈ। ਉਨ੍ਹਾਂ ਕਿਹਾ ਕਿ ਮਹਿਲਾ ਸੈਨਿਕਾਂ ਨੂੰ ਮਰਦ ਸੈਨਿਕਾਂ ਦੇ ਬਰਾਬਰ ਜ਼ਿੰਮੇਵਾਰੀ ਨਿਭਾਉਣੀ ਪਏਗੀ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


HAPPY New Year
2017
Start the new year right, get the Jus Pack now!
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift CARD worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


HAPPY LOHRI
SHER®
BRAR
SWEET CORN FLOUR
CORN FLOUR
4 lb
1.81 kg
MILLED IN CANADA
MOULU AU CANADA
SHER
DURUM ATTA
DESI STYLE
20 lb
9.07 kg
www.sherbrarmills.com